20ਵਾਂ ਸਾਲ

PARDES TIMES

20th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

ਮਾਂ ਬੋਲੀ ਨੂੰ ਸਮਰਪਿਤ

www.pardestimes.com

pardestimes

ਪਰਦੇਸ ਟਾਇਮਜ਼ ਆਨਲਾਈਨ ਪੜ੍ਹਨ ਲਈ ਸਕੈਨ ਕਰੋ

VOL- 20 | No. 482 | November 24, 2025 | E-mail : info@pardestimes.com | Ph 510-938-7771


## ਹੁਨਰਮੰਦ ਪਰਵਾਸੀਆਂ ਦਾ ਅਮਰੀਕਾ ਵਿਚ ਸਵਾਗਤ, ਪਰ ਸਾਡੇ ਲੋਕਾਂ ਨੂੰ ਗੁਣ ਸਿਖਾਓ- ਟਰੰਪ

ਵਾਸ਼ਿੰਗਟਨ- ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਹੁਨਰਮੰਦ ਪਰਵਾਸੀਆਂ ਦਾ ਅਮਰੀਕਾ ਵਿਚ 'ਸਵਾਗਤ' ਕਰਨਗੇ ਬਸ਼ਰਤੇ ਉਹ ਅਮਰੀਕੀ ਕਾਮਿਆਂ ਨੂੰ ਚਿੱਪਾਂ ਅਤੇ ਮਿਜ਼ਾਈਲਾਂ ਵਰਗੇ ਪੇਚੀਦਾ ਉਤਪਾਦ ਬਣਾਉਣ ਦੀ 'ਸਿਖਲਾਈ' ਦੇਣ। ਅਮਰੀਕੀ ਸਦਰ ਨੇ ਕਿਹਾ ਕਿ ਇਸ ਪੇਸ਼ਕਦਮੀ ਲਈ ਹਾਲਾਂਕਿ



ਉਨ੍ਹਾਂ ਨੂੰ ਆਪਣੇ ਹੀ ਸਾਥੀਆਂ ਦੇ ਵਿਰੋਧ ਤੇ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਇਮੀਗ੍ਰੇਸ਼ਨ ਪਾਬੰਦੀਆਂ ਦਾ ਸਮਰਥਨ ਕਰਦੇ ਹਨ। ਟਰੰਪ ਨੇ ਬੁੱਧਵਾਰ ਨੂੰ ਅਮਰੀਕਾ-ਸਾਊਦੀ ਨਿਵੇਸ਼ ਫੋਰਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਅਮਰੀਕਾ ਵਿੱਚ 'ਬਹੁਤ ਹੀ ਪੇਚੀਦਾ' ਪਲਾਂਟਾਂ ਸਣੇ ਵੱਡੀ ਗਿਣਤੀ ਵਿੱਚ ਪਲਾਂਟ ਬਣਾਏ ਜਾ ਰਹੇ ਹਨ ਜੋ ਦੇਸ਼ ਦੇ ਆਰਥਿਕ ਵਿਕਾਸ ਵਿੱਚ ਅਹਿਮ ਯੋਗਦਾਨ ਪਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਪਲਾਂਟਾਂ ਵਿੱਚ ਤਿਆਰ ਕੀਤੇ ਜਾਣ ਵਾਲੇ ਉਤਪਾਦਾਂ, ਜਿਵੇਂ ਕਿ ਟੈਲੀਫੋਨ, ਕੰਪਿਊਟਰ ਅਤੇ ਮਿਜ਼ਾਈਲਾਂ, ਦੀ ਗੁੰਝਲਦਾਰ ਖਸਲਤ ਨੂੰ ਦੇਖਦੇ ਹੋਏ, ਕੰਪਨੀਆਂ ਨੂੰ ਵਿਦੇਸ਼ਾਂ ਤੋਂ ਹੁਨਰਮੰਦ ਕਾਮੇ ਲਿਆਉਣੇ ਪੈਣਗੇ ਜੋ ਆਪਣਾ ਗਿਆਨ ਸਾਂਝਾ ਕਰ ਸਕਣ ਅਤੇ ਅਮਰੀਕੀ ਕਾਮਿਆਂ ਨੂੰ ਸਿਖਾ ਸਕਣ। ਰਾਸ਼ਟਰਪਤੀ ਨੇ ਸਾਊਦੀ ਅਰਬ ਦੇ ਸ਼ਹਿਜ਼ਾਦੇ ਮੁਹੰਮਦ ਬਿਨ ਸਲਮਾਨ ਦੀ ਮੌਜੂਦਗੀ ਵਿਚ ਸਮਾਗਮ ਦੌਰਾਨ ਕਿਹਾ, "ਹਾਂ ਮੈਨੂੰ ਆਪਣੇ ਸਾਥੀਆਂ ਦੀ ਨਾਰਾਜ਼ਤੀ ਜਾਂ ਗੁੱਸਾ ਝੱਲਣਾ ਪੈ ਸਕਦਾ ਹੈ। ਮੈਂ ਹਮੇਸ਼ਾ ਆਪਣੇ ਲੋਕਾਂ ਦੀ ਨਾਰਾਜ਼ਗੀ ਮੁੱਲ ਲੈਂਦਾ ਹਾਂ, ਉਹ ਲੋਕ ਜੋ ਮੈਨੂੰ ਪਿਆਰ ਕਰਦੇ ਹਨ ਅਤੇ ਉਹ ਲੋਕ ਜਿਨ੍ਹਾਂ ਨੂੰ ਮੈਂ ਪਿਆਰ ਕਰਦਾ ਹਾਂ, ਉਹ ਕੇਂਦਰ ਦੇ ਸੱਜੇ ਪਾਸੇ ਹੁੰਦੇ ਹਨ, ਕਈ ਵਾਰ ਉਹ ਬਿਲਕੁਲ ਸਹੀ ਹੁੰਦੇ ਹਨ।"

ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਕੰਪਨੀਆਂ ਨੂੰ "ਉਨ੍ਹਾਂ (ਪੇਚੀਦਾ) ਪਲਾਂਟਾਂ ਨੂੰ ਖੋਲ੍ਹਣ ਲਈ ਲੋਕ ਲਿਆਉਣੇ ਪੈਣਗੇ, ਅਸੀਂ ਚਾਹੁੰਦੇ ਹਾਂ ਕਿ ਤੁਸੀਂ ਅਜਿਹਾ ਕਰੋ, ਅਤੇ ਅਸੀਂ ਚਾਹੁੰਦੇ ਹਾਂ ਕਿ ਉਹ ਲੋਕ (ਹੁਨਰਮੰਦ ਪਰਵਾਸੀ) ਸਾਡੇ ਲੋਕਾਂ ਨੂੰ ਕੰਪਿਊਟਰ ਚਿਪਾਂ ਬਣਾਉਣ ਅਤੇ ਹੋਰ ਚੀਜ਼ਾਂ ਬਣਾਉਣ ਦਾ ਤਰੀਕਾ ਸਿਖਾਉਣ... ਉਨ੍ਹਾਂ ਨੂੰ ਆਪਣੇ ਨਾਲ ਹਜ਼ਾਰਾਂ ਲੋਕਾਂ ਨੂੰ ਲਿਆਉਣਾ ਪਵੇਗਾ, ਅਤੇ ਮੈਂ ਉਨ੍ਹਾਂ ਲੋਕਾਂ ਦਾ ਸਵਾਗਤ ਕਰਾਂਗਾ।"

ਵਰਣਨਯੋਗ ਹੈ ਕਿ ਟਰੰਪ ਪ੍ਰਸ਼ਾਸਨ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਖਿਲਾਫ਼ ਤਿੱਖੀ ਕਾਰਵਾਈ ਸ਼ੁਰੂ ਕੀਤੀ ਹੈ। ਰਾਸ਼ਟਰਪਤੀ ਦੇ ਸਮਰਥਕਾਂ ਨੇ H-1B ਵੀਜ਼ਾ ਪ੍ਰੋਗਰਾਮ ਦੀ ਵਿਆਪਕ ਦੁਰਵਰਤੋਂ ਤੇ ਧੋਖਾਧੜੀ ਦੇ ਹਵਾਲੇ ਨਾਲ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸਮਰਥਕਾਂ ਦਾ ਕਹਿਣਾ ਹੈ ਕਿ H-1B ਵੀਜ਼ਾ ਧਾਰਕ ਅਮਰੀਕੀਆਂ ਨੂੰ ਬੇਰੁਜ਼ਗਾਰ ਕਰ ਰਹੇ ਹਨ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਪੁਰਬ ਦੁਨੀਆਂ ਭਰ 'ਚ ਮਨਾਇਆ ਜਾਵੇਗਾ

ਸ੍ਰੀ ਆਨੰਦਪੁਰ ਸਾਹਿਬ- ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦਾ 350ਵਾਂ ਮਹਾਨ ਸ਼ਹਾਦਤ ਦਿਹਾੜਾ ਪੂਰੀ ਦੁਨੀਆਂ ਵਿਚ ਵੱਸਦੇ ਸਿੱਖ ਭਾਈਚਾਰੇ ਵੱਲੋਂ ਪੂਰੀ ਸ਼ਰਧਾ ਨਾਲ ਮਨਾਇਆ ਜਾਵੇਗਾ ਅਤੇ ਗੁਰੂ ਸਾਹਿਬਾਨਾਂ ਦੀ ਮਹਾਨ ਸ਼ਹਾਦਤ ਨੂੰ ਨਤਮਸਤਕ ਹੋਣ ਲਈ ਦੇਸ਼-ਵਿਦੇਸ਼ ਤੋਂ ਸੰਗਤਾਂ ਭਾਰੀ ਗਿਣਤੀ ਵਿਚ ਸ੍ਰੀ ਆਨੰਦਪੁਰ ਸਾਹਿਬ ਵੱਲ ਚਾਲੇ ਪਾ ਚੁੱਕੀਆਂ ਹਨ। ਪੰਜਾਬ ਸਰਕਾਰ ਇਸ ਨੂੰ ਸਰਕਾਰੀ ਪੱਧਰ ਤੇ ਮਨਾ ਰਹੀ ਹੈ, ਜਦਕਿ ਸਿੱਖ ਸੰਸਥਾਵਾਂ ਵੀ ਇਹਨਾਂ ਸਮਾਗਮਾਂ ਵਿਚ ਸਰਕਾਰੀ ਤੰਤਰ ਦੇ ਨਾਲ ਮਿਲ ਕੇ ਮਨਾ ਰਹੀਆਂ ਹਨ। ਸ੍ਰੀ ਆਨੰਦਪੁਰ ਸਾਹਿਬ ਵਿਖੇ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੋਣ ਲਈ ਪ੍ਰਧਾਨ ਮੰਤਰੀ, ਰਾਸ਼ਟਰਪਤੀ ਤੋਂ ਇਲਾਵਾ ਹੋਰ ਸ਼ਖਸੀਅਤਾਂ ਪਹੁੰਚ ਰਹੀਆਂ ਹਨ।



**ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ**

ਭਾਰਤੀ ਰੇਲਵੇ ਹਿੰਦ ਦੀ ਚਾਦਰ ਵਜੋਂ ਸਤਿਕਾਰੇ ਜਾਂਦੇ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਵਸ ਦੀ ਯਾਦ ਵਿੱਚ ਵਿਸ਼ੇਸ਼ ਰੇਲ ਗੱਡੀਆਂ ਚਲਾਏਗਾ। ਇਹ ਐਲਾਨ ਕੇਂਦਰੀ ਰੇਲਵੇ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਨੇ ਕੀਤਾ। ਇਸ ਦੌਰਾਨ ਭਾਰਤੀ ਰੇਲਵੇ 22 ਨਵੰਬਰ ਤੋਂ ਚਾਰ ਦਿਨ ਲਈ ਦੋ ਰੇਲ ਗੱਡੀਆਂ ਚਲਾਏਗਾ। ਪਹਿਲੀ ਰੇਲ ਗੱਡੀ ਪਟਨਾ ਤੋਂ ਅਤੇ ਦੂਜੀ ਪੁਰਾਣੀ ਦਿੱਲੀ ਤੋਂ ਚੱਲੇਗੀ। 22 ਡੱਬਿਆਂ ਵਾਲੀ ਇਹ ਵਿਸ਼ੇਸ਼ ਰੇਲਗੱਡੀ 23 ਨਵੰਬਰ ਨੂੰ ਪਟਨਾ ਤੋਂ ਸਵੇਰੇ 06:40 ਵਜੇ ਰਵਾਨਾ ਹੋਵੇਗੀ ਅਤੇ 24 ਨਵੰਬਰ ਨੂੰ ਸਵੇਰੇ 04:15 ਵਜੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇਗੀ। ਵਾਪਸੀ ਗੱਡੀ 25 ਨਵੰਬਰ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਰਾਤ 21:00 ਵਜੇ ਰਵਾਨਾ ਹੋਵੇਗੀ ਜੋ ਪੁਰਾਣੀ ਦਿੱਲੀ 23:30 ਵਜੇ ਪਹੁੰਚੇਗੀ। ਰੇਲਗੱਡੀ ਰਸਤੇ ਵਿੱਚ ਲਖਨਊ, ਮੁਰਾਦਾਬਾਦ ਅਤੇ ਅੰਬਾਲਾ ਰੁਕੇਗੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਸਾਈਕਲ ਯਾਤਰਾ ਦਿੱਲੀ ਤੋਂ ਰਵਾਨਾ ਹੋ ਕੇ ਅੰਮ੍ਰਿਤਸਰ ਪਹੁੰਚੀ। ਇਹ ਵਿਸ਼ੇਸ਼ ਯਾਤਰਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਦੀ ਅਗਵਾਈ ਹੇਠ ਆਈ। ਇਤਿਹਾਸਕ ਸ਼ਹੀਦੀ ਪੁਰਬ ਨਾਲ ਜੁੜੀ ਇਹ ਯਾਤਰਾ ਕਈ ਥਾਵਾਂ ਤੋਂ ਲੰਘਦੀ ਹੋਈ ਗੋਲਡਨ ਗੇਟ ਪਹੁੰਚੀ, ਜਿੱਥੇ ਸੰਗਤ ਵੱਲੋਂ ਇਸ ਦਾ ਨਿੱਘਾ ਸਵਾਗਤ ਕੀਤਾ ਗਿਆ। ਵਧੀਕ ਜ਼ਿਲ੍ਹਾ ਮੈਜਿਸਟਰੇਟ ਅਮਨਿੰਦਰ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਜਲੰਧਰ ਵਿਖੇ 21 ਤੇ 22 ਨਵੰਬਰ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਦੇ ਰਸਤੇ ਵਿੱਚ ਮੀਟ ਤੇ ਸ਼ਰਾਬ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ।

**ਸ੍ਰੀ ਆਨੰਦਪੁਰ ਸਾਹਿਬ ਬਣੇਗਾ ਜ਼ਿਲ੍ਹਾ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾਂ ਸ਼ਹੀਦੀ ਦਿਹਾੜੇ ਮੌਕੇ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੀਆਂ ਅਟਕਲਾਂ ਲਾਈਆਂ ਜਾ ਰਹੀਆਂ ਹਨ। ਹਾਲਾਂਕਿ ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਦਿਨੀਂ ਇਕ ਪ੍ਰੈੱਸ ਕਾਨਫਰੰਸ ਦੌਰਾਨ ਨਵਾਂ ਜ਼ਿਲ੍ਹਾਂ ਬਣਾਉਣ ਦੀਆਂ ਖ਼ਬਰਾਂ ਨੂੰ ਮੀਡੀਆਂ ਦੀ ਉਪਜ਼ ਦੱਸ ਚੁੱਕੇ ਹਨ ਤੇ ਇਸ ਬਾਰੇ ਸਰਕਾਰੀ ਅਧਿਕਾਰੀ ਵੀ ਕੁੱਝ ਕਹਿਣ ਤੋਂ ਅਸਮਰਥ ਹਨ ਪਰ ਇਸ ਦੇ ਬਾਵਜੂਦ ਚਾਰ-ਚੁਫੇਰੇ ਚੱਲ ਰਹੀਆਂ ਸਰਗਰਮੀਆਂ ਵਿਚਾਲੇ ਇਸ ਨਵੇਂ ਜ਼ਿਲ੍ਹੇ ਦੇ ਹੋਂਦ 'ਚ ਆਉਣ ਦੀ ਚਰਚਾ ਹੈ।

### ਚਲਦੇ-ਚਲਦੇ

**ਭੁੱਲਰ ਤੇ ਉਨ੍ਹਾਂ ਦੇ ਪਰਿਵਾਰ ਦੇ ਬੈਂਕ ਖਾਤੇ ਹੋਣਗੇ ਡੀ-ਫ੍ਰੀਜ਼**

ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਤੇ ਉਨ੍ਹਾਂ ਦੇ ਪਰਿਵਾਰ ਦੇ ਪੰਜ ਬੈਂਕ ਖਾਤਿਆਂ ਨੂੰ ਡੀ-ਫ੍ਰੀਜ਼ ਕਰ ਦਿੱਤਾ ਜਾਵੇਗਾ। ਸੀਬੀਆਈ ਨੇ ਪਿਛਲੇ ਮਹੀਨੇ ਭੁੱਲਰ ਤੇ ਉਨ੍ਹਾਂ ਦੇ ਸਾਥੀ ਵਿਚੌਲੀਏ ਕ੍ਰਿਸ਼ਨੂ ਸ਼ਾਰਦਾ ਨੂੰ ਰਿਸ਼ਵਤ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਨੇ ਜਾਂਚ ਦੌਰਾਨ ਭੁੱਲਰ ਦੇ ਪਰਿਵਾਰ ਦੇ ਅੱਠ ਬੈਂਕ ਖਾਤਿਆਂ ਨੂੰ ਡੀ ਫ੍ਰੀਜ਼ ਕਰ ਦਿੱਤਾ ਸੀ। ਇਨ੍ਹਾਂ 'ਚ ਉਨ੍ਹਾਂ ਦਾ ਤੇ ਪੁੱਤਰ ਦਾ ਸੈਲਰੀ ਅਕਾਊਂਟ, ਪਿਤਾ ਦਾ ਪੈਨਸ਼ਨ ਅਕਾਊਂਟ ਤੇ ਹੋਰ ਖਾਤੇ ਸ਼ਾਮਲ ਹਨ। ਫ੍ਰੀਜ਼ ਕੀਤੇ ਜਾਣ ਕਾਰਨ ਇਨ੍ਹਾਂ ਖਾਤਿਆਂ ਤੋਂ ਲੈਣ-ਦੇਣ ਨਹੀਂ ਹੋ ਪਾ ਰਿਹਾ ਸੀ। ਇਸ ਕਾਰਨ ਭੁੱਲਰ ਦੇ ਵਕੀਲ ਨੇ ਸੀਬੀਆਈ ਦੀ ਵਿਸ਼ੇਸ਼ ਅਦਾਲਤ 'ਚ ਅਰਜ਼ੀ ਦਾਖ਼ਲ ਕੀਤੀ ਸੀ। ਇਸ 'ਤੇ ਵੀਰਵਾਰ ਨੂੰ ਸੀਬੀਆਈ ਨੇ ਜਵਾਬ ਦਾਇਰ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਪੰਜ ਬੈਂਕ ਖਾਤਿਆਂ ਨੂੰ ਡੀ-ਫ੍ਰੀਜ਼ ਕੀਤੇ ਜਾਣ ਤੋਂ ਕੋਈ ਇਤਰਾਜ਼ ਨਹੀਂ ਹੈ। ਇਨ੍ਹਾਂ 'ਚ ਭੁੱਲਰ ਤੇ ਉਨ੍ਹਾਂ ਦੇ ਪੁੱਤਰ ਦਾ ਸੈਲਰੀ ਅਕਾਊਂਟ, ਪਿਤਾ ਦਾ ਪੈਨਸ਼ਨ ਅਕਾਊਂਟ ਤੇ ਦੋ ਜੁਆਇੰਟ ਖਾਤੇ ਸ਼ਾਮਲ ਹਨ। ਹਾਲਾਂਕਿ ਸੀਬੀਆਈ ਨੇ ਤਿੰਨ ਬੈਂਕ ਖਾਤਿਆਂ ਨੂੰ ਸ਼ੱਕੀ ਦੱਸਦਿਆਂ ਉਨ੍ਹਾਂ ਨੂੰ ਡੀ-ਫ੍ਰੀਜ਼ ਕੀਤੇ ਜਾਣ ਤੋਂ ਇਨਕਾਰ ਕੀਤਾ ਹੈ। ਭੁੱਲਰ ਦੇ ਬੈਂਕ ਖਾਤਿਆਂ ਨੂੰ ਲੈ ਕੇ ਦਾਇਰ ਅਰਜ਼ੀ 'ਤੇ ਹੁਣ ਅੱਠ ਦਸੰਬਰ ਨੂੰ ਫ਼ੈਸਲਾ ਹੋਵੇਗਾ।


Dhaliwal Law Group. Inc.



1. Tax Attorney
2. Edd case
3. Equalization CDTFA
4. IRS-Cases
5. Bankruptcy
5. Contracts ਚੰਗੇ ਬਣਾਉਣ ਲਈ
6. ESTATE PLANNING
7. CRIMINAL DEFENSE

Rattandev Singh Dhaliwal
ATTORNEY AT LAW
PHONE- 408-988-7722
Rattan@attorneydhaliwal.com
www.attorneydhaliwal.com
2005 DELA CRUZ BLVD # Suite 185
Santa Clara, CA 95050

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ



TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

Mann Insurance Brokers Inc.

ਕਮਰਸ਼ੀਅਲ ਟਰੱਕਾਂ, ਲਿਮੋਜ਼ੀਨ, ਵੈਨ (Van) ਵਾਸਤੇ ਚੰਗੇ ਰੇਟਾਂ 'ਤੇ ਜਲਦੀ ਇੰਸ਼ੋਰੈਂਸ ਲੈਣ ਲਈ ਇਕ ਵਾਰ ਭਰਾਵਾਂ ਨੂੰ ਜ਼ਰੂਰ ਫੋਨ ਕਰੋ। ਬਹੁਤ ਹੀ ਮਿਲਣਸਾਰ ਏਜੰਸੀ ਵਾਲੇ ਭਰਾਵਾਂ ਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ।



Phone:- 510-487-1000
LIC:- 0F 34231
32146 Alvarado Blvd, Union City, CA 94587

# ਨਵੀਆਂ ਨੀਤੀਆਂ ਦਾ ਅਮਰੀਕੀ ਅਰਥਚਾਰੇ ’ਤੇ ਅਸਰ



ਡਾ. ਸੁਰਜੀਤ ਸਿੰਘ

ਅਮਰੀਕਾ ਫਸਟ ਵਾਲੀ ਮੁਹਿੰਮ ਦੇ ਨਾਲ ਚੱਲਣ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਹਰ ਫ਼ੈਸਲਾ, ਚਾਹੇ ਉਹ ਅੰਤਰ-ਰਾਸ਼ਟਰੀ ਸਮਝੌਤਾ ਹੋਵੇ, ਵਪਾਰ ਨੀਤੀ ਹੋਵੇ ਜਾਂ ਸੁਰੱਖਿਆ ਫ਼ੈਸਲੇ, ਦੂਜਿਆਂ ’ਤੇ ਥੋਪਣ ਦੀ ਨੀਤੀ ’ਤੇ ਕੇਂਦਰਿਤ ਰਹਿੰਦਾ ਹੈ। ਗਲੋਬਲਾਈਜ਼ੇਸ਼ਨ ਦੀ ਰਫ਼ਤਾਰ ਨੂੰ ਮੱਠੀ ਕਰਨ ਵਾਲੇ ਟਰੰਪ ਨੇ ਚੀਨ, ਭਾਰਤ ਸਮੇਤ ਦੁਨੀਆ ਦੇ ਹੋਰ ਦੇਸ਼ਾਂ ’ਤੇ ਟੈਰਿਫ ਲਗਾ ਕੇ ਵਪਾਰ ਯੁੱਧ ਦੀ ਸਥਿਤੀ ਪੈਦਾ ਕਰ ਦਿੱਤੀ। ਟਰੰਪ ਪ੍ਰਸ਼ਾਸਨ ਉਨ੍ਹਾਂ ਬਹੁ-ਪੱਖੀ ਸੰਸਥਾਵਾਂ ਦੀ ਜਾਂ ਤਾਂ ਫੰਡਿੰਗ ਘਟਾ ਰਿਹਾ ਹੈ ਜਾਂ ਉਨ੍ਹਾਂ ਤੋਂ ਬਾਹਰ ਨਿਕਲਣ ਦੀ ਧਮਕੀ ਦੇ ਕੇ ਉਨ੍ਹਾਂ ਦੀ ਭੂਮਿਕਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਕਥਿਤ ਤੌਰ ’ਤੇ ਅਮਰੀਕਾ ਦੇ ਹਿੱਤਾਂ ਵਿਚ ਕੰਮ ਨਹੀਂ ਕਰ ਰਹੀਆਂ ਹਨ।



ਉਨ੍ਹਾਂ ਦੀ ਇਸ ਨੀਤੀ ਦਾ ਅਸਰ ਸਿਰਫ਼ ਬਾਹਰਲੀ ਦੁਨੀਆ ਤੱਕ ਸੀਮਤ ਨਹੀਂ ਹੈ ਸਗੋਂ ਅਮਰੀਕਾ ਦੇ ਅੰਦਰ ਵੀ ਇਸ ਦਾ ਵਿਆਪਕ ਆਰਥਿਕ ਅਤੇ ਸਮਾਜਿਕ ਪ੍ਰਭਾਵ ਪੈ ਰਿਹਾ ਹੈ। ਵਪਾਰ ਯੁੱਧ ਨੇ ਨਾ ਸਿਰਫ਼ ਵਿਦੇਸ਼ੀ ਵਪਾਰ ਨੂੰ ਝਟਕਾ ਦਿੱਤਾ ਹੈ ਸਗੋਂ ਅਮਰੀਕਾ ਦੇ ਘਰੇਲੂ ਬਾਜ਼ਾਰ ਵਿਚ ਕੀਮਤਾਂ ਦੇ ਵਾਧੇ ਨੂੰ ਵੀ ਹੁਲਾਰਾ ਦਿੱਤਾ ਹੈ।

ਅਮਰੀਕਾ ਦੁਆਰਾ ਲਗਾਏ ਗਏ ਟੈਰਿਫ ਦੇ ਵਿਰੋਧ ਵਿਚ ਹੋਰ ਦੇਸ਼ਾਂ ਦੁਆਰਾ ਲਗਾਏ ਜਾਣ ਵਾਲੇ ਜਵਾਬੀ ਟੈਰਿਫ ਨਾਲ ਅਮਰੀਕੀ ਉਪਭੋਗਤਾਵਾਂ ਦੀ ਖ਼ਰੀਦ ਸ਼ਕਤੀ ਪ੍ਰਭਾਵਿਤ ਹੋ ਰਹੀ ਹੈ। ਅਮਰੀਕਾ ਵਿਚ ਨਾ ਸਿਰਫ਼ ਰੋਜ਼ਮੱਰਾ ਦੀਆਂ ਵਸਤਾਂ ਸਗੋਂ ਇਲੈਕਟ੍ਰਾਨਿਕ ਉਪਕਰਨ, ਖਿਡੌਣੇ, ਕੱਪੜੇ, ਮਸ਼ੀਨਰੀ ਆਦਿ ਦੇ ਮਹਿੰਗੇ ਹੋਣ ਕਾਰਨ ਉੱਥੇ ਮਾਰਚ 2025 ਤੋਂ ਬਾਅਦ ਦਰਾਮਦ ਕੀਤੀਆਂ ਵਸਤਾਂ ਦੀ ਕੀਮਤਾਂ ਲਗਪਗ ਚਾਰ ਪ੍ਰਤੀਸ਼ਤ ਵਧ ਗਈਆਂ ਹਨ ਜਦਕਿ ਘਰੇਲੂ ਵਸਤਾਂ ਦੀ ਕੀਮਤਾਂ ਲਗਪਗ ਦੋ ਪ੍ਰਤੀਸ਼ਤ ਵਧ ਗਈਆਂ ਹਨ।

ਵਧ ਰਹੀ ਮਹਿੰਗਾਈ ਨੂੰ ਦੇਖਦੇ ਹੋਏ ਟਰੰਪ ਨੇ 200 ਤੋਂ ਵੱਧ ਵਸਤਾਂ ’ਤੇ ਟੈਰਿਫ ਘਟਾਉਣ ਦਾ ਫ਼ੈਸਲਾ ਕੀਤਾ ਹੈ। ਅਮਰੀਕਾ ਵਿਚ ਉਦਯੋਗਾਂ ਲਈ ਕੱਚਾ ਮਾਲ ਮਹਿੰਗਾ ਹੋਣ ਕਾਰਨ ਵਧ ਰਹੀ ਉਤਪਾਦਨ ਲਾਗਤ ਨਾਲ ਨੌਕਰੀਆਂ ਹੀ ਨਹੀਂ ਘਟ ਰਹੀਆਂ ਸਗੋਂ ਕਿਸਾਨਾਂ ਦੀ ਆਮਦਨ ’ਤੇ ਵੀ ਡੂੰਘਾ ਅਸਰ ਪੈ ਰਿਹਾ ਹੈ। ਚੀਨ, ਕੈਨੇਡਾ ਅਤੇ ਯੂਰਪੀ ਦੇਸ਼ਾਂ ਦੁਆਰਾ ਵਿਰੋਧ ਵਜੋਂ ਲਗਾਏ ਗਏ ਟੈਰਿਫ ਕਾਰਨ ਅਮਰੀਕੀ ਸੋਯਾ ਅਤੇ ਮੱਕੀ ਵਰਗੀਆਂ ਖੇਤੀ ਵਸਤਾਂ ਦੀ ਮੰਗ ਘਟੀ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਿਚ ਗਿਰਾਵਟ ਆਉਣ ਕਾਰਨ ਸਰਕਾਰ ਨੂੰ ਅਰਬਾਂ ਡਾਲਰ ਦੀ ਸਬਸਿਡੀ ਦੇਣੀ ਪੈ ਰਹੀ ਹੈ। ਅਮਰੀਕੀ ਆਰਥਿਕਤਾ ’ਤੇ ਇਸ ਦੇ ਮਾੜੇ ਅਸਰ ਹੁਣ ਸਾਫ਼ ਦਿਖਾਈ ਦੇ ਰਹੇ ਹਨ।

ਯੇਲ ਯੂਨੀਵਰਸਿਟੀ ਦੇ ਬਜਟ ਅਧਿਐਨ ਕੇਂਦਰ ਦੀ ਇਕ ਰਿਪੋਰਟ ਅਨੁਸਾਰ ਟੈਰਿਫ ਅਤੇ ਵਿਦੇਸ਼ੀ ਵਿਰੋਧੀ ਟੈਕਸਾਂ ਕਾਰਨ 2025 ਵਿਚ ਅਮਰੀਕਾ ਦੀ ਅਸਲ ਜੀਡੀਪੀ ਵਾਧਾ ਦਰ ਲਗਪਗ 0.9 ਪ੍ਰਤੀਸ਼ਤ ਅੰਕ ਘੱਟ ਹੋ ਰਹੀ ਹੈ। ਟੈਰਿਫ ਨੀਤੀਆਂ ਕਾਰਨ ਇਕ ਆਮ ਅਮਰੀਕੀ ਪਰਿਵਾਰ ਨੂੰ ਔਸਤ 3,800 ਡਾਲਰ ਤੱਕ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ। ਥੇ ਹੀ ਪੇਨ-ਵਾਰਟਨ ਬਜਟ ਮਾਡਲ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਟਰੰਪ ਦੀਆਂ ਵਪਾਰਕ ਨੀਤੀਆਂ ਕਾਰਨ ਅਮਰੀਕਾ ਦੀ ਜੀਡੀਪੀ ਲੰਬੇ ਸਮੇਂ ਵਿਚ ਲਗਪਗ ਛੇ ਪ੍ਰਤੀਸ਼ਤ ਤੱਕ ਘਟ ਸਕਦੀ ਹੈ ਅਤੇ ਮਜ਼ਦੂਰੀ ਵਿਚ ਲਗਪਗ ਪੰਜ ਪ੍ਰਤੀਸ਼ਤ ਦੀ ਗਿਰਾਵਟ ਆ ਸਕਦੀ ਹੈ।

ਈਸੀਡੀ ਨੇ ਆਪਣੀ ਹਾਲੀਆ ਰਿਪੋਰਟ ਵਿਚ ਕਿਹਾ ਹੈ ਕਿ ਜੇਕਰ ਟੈਰਿਫ ਅਤੇ ਇਕਤਰਫਾ ਵਪਾਰ ਨੀਤੀਆਂ ਜਾਰੀ ਰਹੀਆਂ ਤਾਂ 2026 ਤੱਕ ਅਮਰੀਕਾ ਦੀ ਜੀਡੀਪੀ ਵਾਧਾ ਦਰ 1.6 ਪ੍ਰਤੀਸ਼ਤ ਤੱਕ ਡਿੱਗ ਸਕਦੀ ਹੈ। ਇਹ ਗਿਰਾਵਟ ਨਾ ਸਿਰਫ਼ ਅਮਰੀਕਾ, ਸਗੋਂ ਵਿਸ਼ਵ ਆਰਥਿਕਤਾ ਲਈ ਵੀ ਚਿੰਤਾ ਦਾ ਕਾਰਨ ਬਣੇਗੀ ਕਿਉਂਕਿ ਅਮਰੀਕੀ ਆਰਥਿਕਤਾ ਵਿਸ਼ਵ ਵਪਾਰ ਦਾ ਮੁੱਖ ਇੰਜਣ ਹੈ।

ਆਮ ਅਮਰੀਕੀ ਇਸ ਨੀਤੀਗਤ ਬਦਲਾਅ ਦੀ ਸਭ ਤੋਂ ਵੱਡੀ ਕੀਮਤ ਚੁਕਾ ਰਹੇ ਹਨ। ਉੱਚ ਕੀਮਤਾਂ, ਘਟਦੀ ਆਮਦਨ ਤੇ ਰੁਜ਼ਗਾਰ ਦੇ ਮੌਕਿਆਂ ’ਚ ਕਮੀ ਨੇ ਅਮਰੀਕੀ ਸੁਪਨੇ ਦੀ ਧਾਰਨਾ ਨੂੰ ਕਮਜ਼ੋਰ ਕੀਤਾ ਹੈ। ਟਰੰਪ ਦੀਆਂ ਮਨਮਾਨੀਆਂ ਨੀਤੀਆਂ ਦਾ ਅਮਰੀਕਾ ਵਿਚ ਵਿਰੋਧ ਵੀ ਸ਼ੁਰੂ ਹੋ ਚੁੱਕਾ ਹੈ। ਇਕ ਹਾਲੀਆ ਸਰਵੇਖਣ ਵਿਚ ਲਗਪਗ 55 ਪ੍ਰਤੀਸ਼ਤ ਅਮਰੀਕੀ ਨਾਗਰਿਕਾਂ ਨੇ ਕਿਹਾ ਕਿ ਟਰੰਪ ਹੁਣ ਇਕ ਖ਼ਤਰਨਾਕ ਤਾਨਾਸ਼ਾਹ ਵਾਂਗ ਵਰਤਾਅ ਕਰ ਰਹੇ ਹਨ। ਉਹ ਆਪਣੇ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਸਰਕਾਰੀ ਸੰਸਥਾਵਾਂ ਦਾ ਇਸਤੇਮਾਲ ਕਰ ਰਹੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੀ ਅਗਵਾਈ ਵਿਚ ਅਮਰੀਕਾ ਦਾ ਲੋਕਤੰਤਰੀ ਢਾਂਚਾ ਪਹਿਲਾਂ ਦੇ ਮੁਕਾਬਲੇ ਵੱਧ ਵੰਡਿਆ ਹੋਇਆ ਹੈ। ‘ਹੈਂਡਜ਼ ਆਫ” ਅਤੇ “ਨੋ ਕਿੰਗ” ਵਰਗੇ ਅੰਦੋਲਨਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਅਮਰੀਕੀ ਜਨਤਾ ਹੁਣ ਵੱਧ ਦਖ਼ਲਅੰਦਾਜ਼ੀ ਅਤੇ ਕੇਂਦਰੀਕ੍ਰਿਤ ਸ਼ਕਤੀ ਦੇ ਵਿਰੋਧ ਵਿਚ ਇਕਜੁੱਟ ਹੋ ਰਹੀ ਹੈ।

ਡਗਮਗਾਉਂਦੀ ਅਮਰੀਕੀ ਆਰਥਿਕਤਾ ਦੇ ਸੰਦਰਭ ਵਿਚ ਟਰੰਪ ਦੀਆਂ ਰਾਸ਼ਟਰਵਾਦੀ ਨੀਤੀਆਂ ਹੋਰ ਵੀ ਚੁਣੌਤੀਪੂਰਨ ਸਾਬਿਤ ਹੋ ਰਹੀਆਂ ਹਨ। “ਅਮਰੀਕਾ ਫਸਟ” ਦੇ ਉਨ੍ਹਾਂ ਦੇ ਨਾਅਰੇ ਨੇ ਜਿੱਥੇ ਕੁਝ ਸਮੇਂ ਲਈ ਘਰੇਲੂ ਉਦਯੋਗਾਂ ਨੂੰ ਸਹਾਰਾ ਦਿੱਤਾ, ਉੱਥੇ ਹੀ ਵਿਸ਼ਵ ਵਪਾਰਕ ਭਾਗੀਦਾਰੀਆਂ ਤੋਂ ਦੂਰੀ ਨੇ ਅਮਰੀਕੀ ਬਾਜ਼ਾਰ ’ਤੇ ਨਕਾਰਾਤਮਕ ਪ੍ਰਭਾਵ ਪਾਇਆ ਹੈ। ਅੰਤਰਰਾਸ਼ਟਰੀ ਨਿਵੇਸ਼ ਘਟਿਆ ਹੈ, ਨਿਰਯਾਤ ’ਤੇ ਦਬਾਅ ਵਧਿਆ ਹੈ ਅਤੇ ਡਾਲਰ ਦੀ ਅਸਥਿਰਤਾ ਨਾਲ ਦਰਾਮਦ ਮਹਿੰਗੀ ਹੋ ਗਈ ਹੈ। ਇਸ ਦੌਰਾਨ ਬੇਰੁਜ਼ਗਾਰੀ ਵਿਚ ਵਾਧਾ ਅਤੇ ਉਪਭੋਗਤਾ ਕੀਮਤਾਂ ਵਿਚ ਲਗਾਤਾਰ ਵਾਧੇ ਨੇ ਮੱਧ ਵਰਗ ਦੀ ਖ਼ਰੀਦ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ ਹੈ।

ਪਿਊ ਰਿਸਰਚ ਸੈਂਟਰ ਅਨੁਸਾਰ ਲਗਪਗ 60 ਪ੍ਰਤੀਸ਼ਤ ਅਮਰੀਕੀ ਇਹ ਮੰਨਦੇ ਹਨ ਕਿ ਟਰੰਪ ਦੀਆਂ ਨੀਤੀਆਂ ਨਾਲ ਆਰਥਿਕ ਅਸਮਾਨਤਾ ਵਧੀ ਹੈ ਜਦਕਿ ਮਜ਼ਦੂਰ ਵਰਗ ਨੂੰ ਉਨ੍ਹਾਂ ਦੇ ਵਾਅਦਿਆਂ ਦਾ ਕੋਈ ਹਕੀਕੀ ਲਾਭ ਨਹੀਂ ਹੋਇਆ।

ਆਰਥਿਕ ਵਿਸ਼ਲੇਸ਼ਕਾਂ ਮੁਤਾਬਕ ਟਰੰਪ ਦੀਆਂ ਸੁਰੱਖਿਆਵਾਦੀ ਨੀਤੀਆਂ ਨੇ ਅਮਰੀਕਾ ਦੀ ਉਤਪਾਦਨ ਸਮਰੱਥਾ ਨੂੰ ਸੀਮਤ ਕਰ ਦਿੱਤਾ ਹੈ ਜਿਸ ਨਾਲ ਨਵੀਆਂ ਨੌਕਰੀਆਂ ਬਣਨ ਦੀ ਬਜਾਏ ਉਦਯੋਗਾਂ ਵਿਚ ਛਾਂਟੀ ਵਧੀ ਹੈ। ਵਿੱਤੀ ਅਸਥਿਰਤਾ ਅਤੇ ਮਹਿੰਗਾਈ ਨੇ ਅਮਰੀਕੀ ਜਨਤਾ ਦੀ ਚਿੰਤਾ ਨੂੰ ਗਹਿਰਾ ਕੀਤਾ ਹੈ।

ਟਰੰਪ ਦਾ ਰਾਸ਼ਟਰਵਾਦ ਸਿਰਫ਼ ਰਾਜਨੀਤਕ ਧਰੁਵੀਕਰਨ ਹੀ ਨਹੀਂ, ਸਗੋਂ ਆਰਥਿਕ ਅਸੰਤੁਲਨ ਦਾ ਕਾਰਨ ਵੀ ਬਣਦਾ ਜਾ ਰਿਹਾ ਹੈ। ਥੋੜ੍ਹ ਚਿਰੇ ਸਿਆਸੀ ਲਾਭ ਲਈ ਅਪਣਾਈਆਂ ਗਈਆਂ ਨੀਤੀਆਂ ਲੰਬੇ ਸਮੇਂ ਵਿਚ ਅਮਰੀਕਾ ਦੀ ਆਰਥਿਕ ਸਥਿਰਤਾ ਅਤੇ ਭਰੋਸੇਯੋਗਤਾ, ਦੋਹਾਂ ਨੂੰ ਕਮਜ਼ੋਰ ਕਰ ਰਹੀਆਂ ਹਨ। ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ “ਅਮਰੀਕਾ ਫਸਟ” ਦੀ ਨੀਤੀ ਖ਼ੁਦ ਅਮਰੀਕਾ ਦੀ ਆਰਥਿਕ ਨੀਂਹ ਨੂੰ ਹਿਲਾ ਸਕਦੀ ਹੈ।

# ਅੱਤਵਾਦ ਖ਼ਿਲਾਫ਼ ਕਠਿਨ ਹੁੰਦਾ ਜਾ ਰਹੀ ਹੈ ਲੜਾਈ

ਰਾਜੀਵ ਸਚਾਨ

ਫਰੀਦਾਬਾਦ ਵਿਚ ਜੇਹਾਦੀ ਡਾਕਟਰਾਂ ਦੇ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਹੋਣ ਤੋਂ ਬਾਅਦ ਜਿਸ ਤਰ੍ਹਾਂ ਉਹ ਕਈ ਲੋਕਾਂ ਦੀ ਜਾਨ ਲੈਣ ਵਿਚ ਸਮਰੱਥ ਰਿਹਾ, ਉਸ ਤੋਂ ਬਾਅਦ ਇਸ ’ਤੇ ਬਹਿਸ ਕਰਨਾ ਕੁਦਰਤੀ ਹੈ ਕਿ ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਤੋਂ ਕਿੱਥੇ ਕੀ ਉਕਾਈ ਹੋਈ? ਇਸ ਉਕਾਈ ਦੇ ਨਤੀਜੇ ਵਜੋਂ ਦਿੱਲੀ ਵਿਚ ਲਾਲ ਕਿਲ੍ਹੇ ਦੇ ਨੇੜੇ ਕਾਰ ਧਮਾਕੇ ਵਿਚ 15 ਲੋਕ ਮਾਰੇ ਗਏ ਅਤੇ ਸ੍ਰੀਨਗਰ ਦੇ ਇਕ ਥਾਣੇ ਵਿਚ 9 ਲੋਕ।

ਦੋਹਾਂ ਥਾਵਾਂ ’ਤੇ ਉਸੇ ਵਿਸਫੋਟਕ ਨੇ ਵੱਖ-ਵੱਖ ਕਾਰਨਾਂ ਕਾਰਨ ਕਹਿਰ ਢਾਹਿਆ ਜਿਸ ਨੂੰ ਇਸ ਅੱਤਵਾਦੀ ਮਾਡਿਊਲ ਨੇ ਫਰੀਦਾਬਾਦ ਵਿਚ ਇਕੱਠਾ ਕੀਤਾ ਸੀ। ਇਹ ਅੱਤਵਾਦੀ ਮਾਡਿਊਲ ਹੋਰ ਵੀ ਕਹਿਰ ਢਾਹ ਸਕਦਾ ਸੀ ਜੇਕਰ ਸ੍ਰੀਨਗਰ ਪੁਲਿਸ ਨੇ ਸ਼ਹਿਰ ਵਿਚ ਜੈਸ਼-ਏ-ਮੁਹੰਮਦ ਦੇ ਸਮਰਥਕਾਂ ਵੱਲੋਂ ਲਗਾਏ ਗਏ ਪੋਸਟਰਾਂ ਨੂੰ ਗੰਭੀਰਤਾ ਨਾਲ ਨਾ ਲਿਆ ਹੁੰਦਾ। ਇਨ੍ਹਾਂ ਪੋਸਟਰਾਂ ਰਾਹੀਂ ਕਸ਼ਮੀਰ ਦੇ ਲੋਕਾਂ ਨੂੰ ਸੁਰੱਖਿਆ ਏਜੰਸੀਆਂ ਦੀ ਮਦਦ ਕਰਨ ਖ਼ਿਲਾਫ਼ ਚਿਤਾਵਨੀ ਦਿੱਤੀ ਗਈ ਸੀ।

ਕਸ਼ਮੀਰ ਵਿਚ ਅਜਿਹੇ ਪੋਸਟਰ ਲਗਾਉਣਾ ਆਮ ਗੱਲ ਰਹੀ ਹੈ ਪਰ ਸ੍ਰੀਨਗਰ ਦੇ ਨੌਗਾਮ ਥਾਣੇ ਦੀ ਪੁਲਿਸ ਨੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ। ਪਹਿਲਾਂ ਉਸ ਦੀ ਪਕੜ ਵਿਚ ਅੱਤਵਾਦੀਆਂ ਦੇ ਸਮਰਥਕ ਕੁਝ ਪੱਥਰਬਾਜ਼ ਆਏ। ਉਨ੍ਹਾਂ ਰਾਹੀਂ ਪੁਲਿਸ ਜੇਹਾਦ ਦਾ ਪਾਠ ਪੜ੍ਹਾ ਰਹੇ ਇਕ ਮੌਲਵੀ ਤੱਕ ਪਹੁੰਚੀ।



ਉਸ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਹੀ ਫਰੀਦਾਬਾਦ ਦੇ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਹੋਇਆ। ਇਸ ਮਾਡਿਊਲ ਦੇ ਅੱਤਵਾਦੀਆਂ ਕੋਲੋਂ ਵਿਸਫੋਟਕ ਅਤੇ ਘਾਤਕ ਹਥਿਆਰ ਬਰਾਮਦ ਕੀਤੇ ਗਏ। ਜੇਕਰ ਸ੍ਰੀਨਗਰ ਪੁਲਿਸ ਨੇ ਆਪਣੇ ਇਲਾਕੇ ਵਿਚ ਲੱਗੇ ਪੋਸਟਰਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਹੁੰਦਾ ਤਾਂ ਸੰਭਵ ਸੀ ਕਿ ਜੇਹਾਦੀ ਡਾਕਟਰ ਆਪਣੀ ਉਸ ਸਾਜ਼ਿਸ਼ ਨੂੰ ਵੀ ਅੰਜਾਮ ਦੇਣ ਵਿਚ ਸਫਲ ਹੋ ਜਾਂਦੇ ਜਿਸ ਤਹਿਤ ਇਕੱਠੇ ਕਈ ਥਾਵਾਂ ’ਤੇ ਵੱਡੇ ਪੈਮਾਨੇ ’ਤੇ ਹਮਲੇ ਕੀਤੇ ਜਾਣੇ ਸਨ। ਉਨ੍ਹਾਂ ਦੇ ਇਰਾਦੇ ਕਿੰਨੇ ਖ਼ੂੰਖਾਰ ਸਨ, ਇਸ ਦਾ ਪਤਾ ਲਾਲ ਕਿਲ੍ਹੇ ਦੇ ਨੇੜੇ ਕਾਰ ਵਿਚ ਧਮਾਕਾ ਕਰਨ ਵਾਲੇ ਮਜ਼ਹਬੀ ਜਨੂੰਨ ਨਾਲ ਭਰੇ ਦਹਿਸ਼ਤਗਰਦ ਉਮਰ ਦੇ ਉਸ ਵੀਡੀ ਤੋਂ ਲੱਗਦਾ ਹੈ ਜਿਸ ਵਿਚ ਉਹ ਆਤਮਘਾਤੀ ਹਮਲਿਆਂ ਨੂੰ ਜਾਇਜ਼ ਠਹਿਰਾਉਂਦਾ ਸੁਣਿਆ ਜਾ ਸਕਦਾ ਹੈ। ਲਾਲ ਕਿਲ੍ਹਾ ਅੱਤਵਾਦੀ ਹਮਲਾ ਇਕ ਵਾਰ ਫਿਰ ਇਹ ਦੱਸ ਰਿਹਾ ਹੈ ਕਿ ਅਜਿਹੇ ਹਮਲੇ ਤਦ ਹੀ ਸੰਭਵ ਹੁੰਦੇ ਹਨ, ਜਦੋਂ ਅੱਤਵਾਦੀਆਂ ਨੂੰ ਸਥਾਨਕ ਪੱਧਰ ’ਤੇ ਸ਼ਰਨ ਅਤੇ ਸਮਰਥਨ ਮਿਲਦਾ ਹੈ।

ਇਸ ਦੀ ਉਦਾਹਰਨ ਪਹਿਲਗਾਮ ਦਾ ਅੱਤਵਾਦੀ ਹਮਲਾ ਵੀ ਸੀ। ਇੱਥੇ ਪਾਕਿਸਤਾਨ ਤੋਂ ਆਏ ਅੱਤਵਾਦੀ ਕਹਿਰ ਢਾਹੁਣ ਵਿਚ ਇਸ ਲਈ ਸਫਲ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਕੁਝ ਸਥਾਨਕ ਲੋਕਾਂ ਨੇ ਸ਼ਰਨ ਦਿੱਤੀ ਸੀ। ਹੁਣ ਇਸ ਵਿਚ ਕੋਈ ਸ਼ੱਕ ਨਹੀਂ ਕਿ ਡਾਕਟਰ ਅੱਤਵਾਦੀਆਂ ਨੂੰ ਫਰੀਦਾਬਾਦ ਵਿਚ ਇਕ ਮੌਲਵੀ ਅਤੇ ਹੋਰ ਬਹੁਤ ਸਾਰਿਆਂ ਵੱਲੋਂ ਜੋ ਸਹਾਇਤਾ ਅਤੇ ਸਮਰਥਨ ਮਿਲਿਆ, ਉਸੇ ਕਾਰਨ ਉਹ ਘਾਤਕ ਵਿਸਫੋਟਕ ਇਕੱਠਾ ਕਰਨ ਵਿਚ ਸਮਰੱਥ ਰਹੇ। ਜੇਕਰ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਜੇਹਾਦੀ ਤੱਤਾਂ ਦੀ ਸ਼ਰਨਗਾਹ ਦੇ ਤੌਰ ’ਤੇ ਦੇਖੀ ਜਾ ਰਹੀ ਹੈ ਤਾਂ ਇਸ ਲਈ ਉਹ ਆਪਣੇ ਤੋਂ ਇਲਾਵਾ ਹੋਰ ਕਿਸੇ ਨੂੰ ਦੋਸ਼ ਨਹੀਂ ਦੇ ਸਕਦੀ। ਇਸ ਯੂਨੀਵਰਸਿਟੀ ਦੇ ਜੋ ਡਾਕਟਰ ਅੱਤਵਾਦੀ ਨਿਕਲੇ, ਉਨ੍ਹਾਂ ਵਿੱਚੋਂ ਦੋ ਪਹਿਲਾਂ ਜਿੱਥੇ ਕੰਮ ਕਰਦੇ ਸਨ, ਉੱਥੋਂ ਬਰਖ਼ਾਸਤ ਕੀਤੇ ਜਾ ਚੁੱਕੇ ਸਨ। ਇਕ ਤਾਂ ਅੱਤਵਾਦ ਨੂੰ ਖੁੱਲ੍ਹਾ ਸਮਰਥਨ ਦੇਣ ਦੇ ਗੰਭੀਰ ਦੋਸ਼ ਵਿਚ ਬਰਖ਼ਾਸਤ ਕੀਤਾ ਗਿਆ ਸੀ ਤੇ ਦੂਜਾ ਲੰਬੇ ਸਮੇਂ ਤੱਕ ਬਿਨਾਂ ਦੱਸੇ ਗ਼ੈਰ-ਹਾਜ਼ਰ ਰਹਿਣ ਕਾਰਨ।

ਇਹ ਅਲ ਫਲਾਹ ਯੂਨੀਵਰਸਿਟੀ ਹੀ ਦੱਸ ਸਕਦੀ ਹੈ ਕਿ ਉਸ ਨੇ ਅਜਿਹੇ ਸ਼ੱਕੀ ਪਿਛੋਕੜ ਵਾਲੇ ਡਾਕਟਰਾਂ ਨੂੰ ਆਪਣੇ ਇੱਥੇ ਨਿਯੁਕਤ ਕਰਨ ਦਾ ਫ਼ੈਸਲਾ ਕਿਉਂ ਕੀਤਾ? ਜੇਕਰ ਡਾਕਟਰ ਅੱਤਵਾਦੀ ਬਣ ਜਾਂਦੇ ਹਨ ਅਤੇ ਉਹ ਆਸਾਨੀ ਨਾਲ ਇਕ ਯੂਨੀਵਰਸਿਟੀ ਨੂੰ ਆਪਣਾ ਅੱਡਾ ਬਣਾ ਲੈਂਦੇ ਹਨ ਤਾਂ ਇਸ ਦਾ ਮਤਲਬ ਹੈ ਕਿ ਜੇਹਾਦੀ ਅੱਤਵਾਦ ਨੂੰ ਖ਼ੁਰਾਕ-ਪਾਣੀ ਦੇਣ ਵਾਲਾ ਤੰਤਰ ਆਪਣੀਆਂ ਜੜ੍ਹਾਂ ਬਹੁਤ ਡੂੰਘਾਈ ਤੱਕ ਫੈਲਾਈ ਬੈਠਾ ਹੈ।

ਅਲ ਫਲਾਹ ਯੂਨੀਵਰਸਿਟੀ ਦੇ ਸ਼ੱਕ ਦੇ ਘੇਰੇ ਵਿਚ ਆਉਣ ਤੋਂ ਬਾਅਦ ਇਹ ਵੀ ਪਤਾ ਲੱਗ ਰਿਹਾ ਹੈ ਕਿ ਉਸ ਦੇ ਸੰਸਥਾਪਕ ਵਾਈਸ-ਚਾਂਸਲਰ ਦਾ ਵੀ ਅਪਰਾਧਕ ਰਿਕਾਰਡ ਰਿਹਾ ਹੈ ਅਤੇ ਉਹ ਧੋਖਾਧੜੀ ਵਿਚ ਤਿੰਨ ਸਾਲ ਜੇਲ੍ਹ ਵਿਚ ਬਿਤਾ ਚੁੱਕਾ ਹੈ। ਇਸ ਯੂਨੀਵਰਸਿਟੀ ਵਿਚ ਕਸ਼ਮੀਰੀ ਡਾਕਟਰਾਂ ਦੀ ਵੱਡੀ ਗਿਣਤੀ ਵਿਚ ਨਿਯੁਕਤੀ ਵੀ ਸਵਾਲ ਖੜ੍ਹੇ ਕਰਦੀ ਹੈ। ਆਖ਼ਰ ਇਹ ਕੋਈ ਨਾਮੀ ਯੂਨੀਵਰਸਿਟੀ ਨਹੀਂ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਕਸ਼ਮੀਰੀ ਡਾਕਟਰਾਂ ਨੂੰ ਹੋਰ ਕਿਤੇ ਨੌਕਰੀ ਨਹੀਂ ਮਿਲ ਰਹੀ ਸੀ, ਇਸ ਲਈ ਅਲ ਫਲਾਹ ਵੱਲ ਰੁਖ਼ ਕਰਨਾ ਉਨ੍ਹਾਂ ਦੀ ਮਜਬੂਰੀ ਬਣ ਗਈ ਸੀ। ਬਹੁਤ ਸੰਭਵ ਹੈ ਕਿ ਅਲ ਫਲਾਹ ਜੇਹਾਦੀ ਇਰਾਦਿਆਂ ਵਾਲੇ ਡਾਕਟਰਾਂ ਦੀ ਪਸੰਦੀਦਾ ਯੂਨੀਵਰਸਿਟੀ ਇਸ ਲਈ ਬਣ ਗਈ ਹੋਵੇ ਕਿਉਂਕਿ ਇੱਥੇ ਉਨ੍ਹਾਂ ਨੂੰ ਆਪਣੀਆਂ ਗਤੀਵਿਧੀਆਂ ਚਲਾਉਣਾ ਆਸਾਨ ਲੱਗਦਾ ਹੋਵੇ। ਇਸ ਯੂਨੀਵਰਸਿਟੀ ਦੇ ਇਰਾਦਿਆਂ ਪ੍ਰਤੀ ਸ਼ੱਕ ਦਾ ਇਕ ਆਧਾਰ ਇਸ ਵੱਲੋਂ ਇਹ ਫ਼ਰਜ਼ੀ ਦਾਅਵਾ ਕਰਨਾ ਵੀ ਹੈ ਕਿ ਇਸ ਨੂੰ ਨੈਕ ਵੱਲੋਂ ਮਾਨਤਾ ਪ੍ਰਾਪਤ ਹੈ। ਸਾਫ਼ ਹੈ ਕਿ ਅਲ ਫਲਾਹ ਯੂਨੀਵਰਸਿਟੀ ਦਾ ਸੰਚਾਲਨ ਨਿਯਮਾਂ-ਕਾਨੂੰਨਾਂ ਮੁਤਾਬਕ ਨਹੀਂ ਹੋ ਰਿਹਾ ਸੀ। ਹੁਣ ਜੇਕਰ ਨਿਗਰਾਨੀ ਦੀ ਘਾਟ ਵਿਚ ਉੱਚ ਸਿੱਖਿਆ ਦੇ ਅਦਾਰੇ ਅੱਤਵਾਦੀਆਂ ਦੇ ਟਿਕਾਣੇ ਬਣ ਜਾਣਗੇ ਤਾਂ ਫਿਰ ਇਹ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਜੇਹਾਦੀ ਅੱਤਵਾਦ ਖ਼ਿਲਾਫ਼ ਲੜਾਈ ਹੋਰ ਮੁਸ਼ਕਲ ਹੋਣ ਵਾਲੀ ਹੈ।

ਇਹ ਲੜਾਈ ਪਹਿਲਾਂ ਹੀ ਇਸ ਲਈ ਮੁਸ਼ਕਲ ਦਿਖਾਈ ਦੇ ਰਹੀ ਹੈ ਕਿਉਂਕਿ ਡਾਕਟਰਾਂ ਦੇ ਇਕ ਸਮੂਹ ਨੇ ਜੇਹਾਦੀ ਬਣਨਾ ਚੁਣਿਆ। ਕੀ ਅੱਤਵਾਦ ਦੇ ਰਾਹ ’ਤੇ ਤੁਰਨ ਲਈ ਤਿਆਰ ਡਾਕਟਰਾਂ ਜਾਂ ਅਜਿਹੇ ਹੀ ਹੋਰ ਉੱਚ ਸਿੱਖਿਆ ਪ੍ਰਾਪਤ ਨੌਜਵਾਨ ਮੁੰਡੇ-ਕੁੜੀਆਂ ਨੂੰ ਡੀ-ਰੈਡੀਕਲਾਈਜ਼ ਕਰਨਾ ਸੰਭਵ ਹੈ?

ਫਰੀਦਾਬਾਦ ਦੇ ਅੱਤਵਾਦੀ ਮਾਡਿਊਲ ਵਿਚ ਦੋ ਮੌਲਵੀ ਵੀ ਸ਼ਾਮਲ ਪਾਏ ਗਏ ਹਨ। ਜੇਕਰ ਦੀਨ-ਈਮਾਨ ਦੀ ਸਿੱਖਿਆ ਦੇਣ ਵਾਲੇ ਹੀ ਜੇਹਾਦੀ ਅੱਤਵਾਦ ਦਾ ਪਾਠ ਪੜ੍ਹਾਉਣ ਲੱਗ ਜਾਣ ਤਾਂ ਫਿਰ ਦਹਿਸ਼ਤਗਰਦੀ ਖ਼ਿਲਾਫ਼ ਲੜੀ ਜਾਣ ਵਾਲੀ ਲੜਾਈ ਹੋਰ ਜ਼ਿਆਦਾ ਮੁਸ਼ਕਲ ਹੋਣ ਵਾਲੀ ਹੈ, ਕਿਉਂਕਿ ਅਜਿਹੇ ਸੁਰ ਵੀ ਉੱਭਰ ਰਹੇ ਹਨ ਕਿ ਡਾਕਟਰ ਇਸ ਲਈ ਅੱਤਵਾਦੀ ਬਣ ਗਏ ਕਿਉਂਕਿ ਮੁਸਲਮਾਨਾਂ ਨਾਲ ਸਹੀ ਵਰਤਾਅ ਨਹੀਂ ਕੀਤਾ ਜਾ ਰਿਹਾ। ਅਜਿਹਾ ਸੁਰ ਇੱਕਾ-ਦੁੱਕਾ ਆਗੂਆਂ ਦਾ ਹੀ ਨਹੀਂ। ਇਕ ਲੰਬੇ ਸਮੇਂ ਤੋਂ ਕਈ ਨੇਤਾਵਾਂ ਦਾ ਇਹੀ ਸੁਰ ਹੈ। ਅਜਿਹੇ ਸੁਰ ਅੱਤਵਾਦ ਦੇ ਰਾਹ ’ਤੇ ਤੁਰਨ ਵਾਲਿਆਂ ਨੂੰ ਆਪਣੇ-ਆਪ ਨੂੰ ਸਹੀ ਸਾਬਿਤ ਕਰਨ ਦਾ ਮੌਕਾ ਦਿੰਦੇ ਹਨ।

# 'ਵਾਰ-ਵਾਰ ਖ਼ੁਦਕੁਸ਼ੀ ਦੀ ਧਮਕੀ ਦੇਣਾ ਹੈ ਬੇਰਹਿਮੀ'

ਨਵੀਂ ਦਿੱਲੀ- ਬੰਬੇ ਹਾਈ ਕੋਰਟ ਨੇ ਇੱਕ ਆਦਮੀ ਨੂੰ ਤਲਾਕ ਦੀ ਮਨਜ਼ੂਰੀ ਦਿੰਦੇ ਹੋਏ ਕਿਹਾ ਕਿ ਜੀਵਨ ਸਾਥੀ ਵੱਲੋਂ ਵਾਰ-ਵਾਰ ਖ਼ੁਦਕੁਸ਼ੀ ਦੀਆਂ ਧਮਕੀਆਂ ਦੇਣਾ ਬੇਰਹਿਮੀ ਹੈ। ਚੀਫ਼ ਜਸਟਿਸ ਚੰਦਰਸ਼ੇਖਰ ਅਤੇ ਜਸਟਿਸ ਗੌਤਮ ਅੰਖੜ ਦੀ ਬੈਂਚ ਨੇ ਪਿਛਲੇ ਹਫ਼ਤੇ ਦਿੱਤੇ ਆਪਣੇ ਹੁਕਮ ਵਿੱਚ ਕਿਹਾ ਕਿ ਜਦੋਂ ਅਜਿਹਾ ਵਿਵਹਾਰ ਦੁਹਰਾਇਆ ਜਾਂਦਾ ਹੈ ਤਾਂ ਦੂਜੇ ਜੀਵਨ ਸਾਥੀ ਲਈ ਵਿਆਹੁਤਾ ਸਬੰਧ ਜਾਰੀ ਰੱਖਣਾ ਅਸੰਭਵ ਹੋ ਜਾਂਦਾ ਹੈ। ਇਹ ਹੁਕਮ ਪਰਿਵਾਰਕ ਅਦਾਲਤ ਦੇ 2019 ਦੇ ਤਲਾਕ ਦੀ ਅਰਜ਼ੀ ਨੂੰ ਖਾਰਜ ਕਰਨ ਦੇ ਹੁਕਮ ਨੂੰ ਚੁਣੌਤੀ ਦੇਣ ਵਾਲੇ ਵਿਅਕਤੀ ਵੱਲੋਂ ਦਾਇਰ ਪਟੀਸ਼ਨ 'ਤੇ ਦਿੱਤਾ ਗਿਆ। ਪਟੀਸ਼ਨ ਦੇ ਅਨੁਸਾਰ ਆਦਮੀ ਦਾ ਵਿਆਹ 2006 ਵਿੱਚ ਹੋਇਆ ਸੀ, ਪਰ ਵਿਆਹੁਤਾ ਝਗੜੇ ਕਾਰਨ, ਉਹ ਤੇ ਉਸਦੀ ਪਤਨੀ 2012 ਤੋਂ ਵੱਖ-ਵੱਖ ਰਹਿ ਰਹੇ ਸਨ। ਬੈਂਚ ਨੇ ਆਪਣੇ ਹੁਕਮ ਵਿੱਚ ਕਿਹਾ ਕਿ ਜੋੜਾ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਵੱਖ ਰਹਿ ਰਿਹਾ ਸੀ ਅਤੇ ਨਾ ਤਾਂ ਕਿਸੇ ਦੋਸਤਾਨਾ ਸਮਝੌਤੇ 'ਤੇ ਪਹੁੰਚਿਆ ਸੀ ਅਤੇ ਨਾ ਹੀ ਸੁਲ੍ਹਾ। ਅਦਾਲਤ ਨੇ ਕਿਹਾ ਕਿ ਪਤੀ ਨੇ ਬੇਰਹਿਮੀ ਦੇ ਕਈ ਉਦਾਹਰਣ ਦਿੱਤੇ ਸਨ, ਪਰ ਪਰਿਵਾਰਕ ਅਦਾਲਤ ਨੇ ਉਨ੍ਹਾਂ 'ਤੇ ਵਿਚਾਰ ਨਹੀਂ ਕੀਤਾ। ਬੈਂਚ ਨੇ ਸੁਪਰੀਮ ਕੋਰਟ ਦੇ ਇੱਕ ਫੈਸਲੇ ਦਾ ਹਵਾਲਾ ਦਿੱਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਜੀਵਨ ਸਾਥੀ ਵੱਲੋਂ ਖ਼ੁਦਕੁਸ਼ੀ ਦੀ ਧਮਕੀ ਦੇਣਾ ਬੇਰਹਿਮੀ ਹੈ। ਹਾਈ ਕੋਰਟ ਨੇ ਕਿਹਾ, "ਜਦੋਂ ਅਜਿਹਾ ਵਿਵਹਾਰ ਵਾਰ-ਵਾਰ ਦੁਹਰਾਇਆ ਜਾਂਦਾ ਹੈ, ਭਾਵੇਂ ਸ਼ਬਦਾਂ, ਇਸ਼ਾਰਿਆਂ ਜਾਂ ਸਰੀਰਕ ਭਾਸ਼ਾ ਰਾਹੀਂ, ਤਾਂ ਦੂਜੇ ਜੀਵਨ ਸਾਥੀ ਲਈ ਸ਼ਾਂਤੀਪੂਰਨ ਮਾਹੌਲ ਵਿੱਚ ਵਿਆਹੁਤਾ ਸਬੰਧ ਜਾਰੀ ਰੱਖਣਾ ਅਸੰਭਵ ਹੋ ਜਾਂਦਾ ਹੈ।"

# ਰਚਿਆ ਇਤਿਹਾਸ ਨਿਤੀਸ਼ ਕੁਮਾਰ ਨੇ, 10ਵੀਂ ਵਾਰ ਬਣੇ ਮੁੱਖ ਮੰਤਰੀ

ਪਟਨਾ- ਪਟਨਾ ਦਾ ਗਾਂਧੀ ਮੈਦਾਨ ਅੱਜ ਇੱਕ ਵਾਰ ਫਿਰ ਇਤਿਹਾਸ ਦਾ ਗਵਾਹ ਬਣਿਆ ਜਦੋਂ ਨਿਤੀਸ਼ ਕੁਮਾਰ ਨੇ




ਰਿਕਾਰਡ 10ਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਵਿਆਪਕ ਜਨਤਕ ਸਮਰਥਨ, ਦੇਸ਼ ਭਰ ਦੇ ਨੇਤਾਵਾਂ ਦੀ ਮੌਜੂਦਗੀ ਅਤੇ ਬੇਮਿਸਾਲ ਸੁਰੱਖਿਆ ਪ੍ਰਬੰਧਾਂ ਦੇ ਵਿਚਕਾਰ, ਇਸ ਪਲ ਨੇ ਬਿਹਾਰ ਦੇ ਰਾਜਨੀਤਿਕ ਦ੍ਰਿਸ਼ ਵਿੱਚ ਇੱਕ ਨਵਾਂ ਅਧਿਆਇ ਬਣਾਇਆ। ਰਾਜਪਾਲ ਨੇ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ। ਉਨ੍ਹਾਂ ਤੋਂ ਬਾਅਦ, ਉਪ ਮੁੱਖ ਮੰਤਰੀ ਵਜੋਂ ਸਮਰਾਟ ਚੌਧਰੀ ਅਤੇ ਵਿਜੇ ਸਿਨਹਾ ਨੇ ਵੀ ਅਹੁਦੇ ਅਤੇ ਗੁਪਤਤਾ ਦੀ ਸਹੁੰ ਚੁੱਕੀ।

ਇਸ ਦੇ ਨਾਲ, ਨਵੀਂ ਐਨਡੀਏ ਗੱਠਜੋੜ ਸਰਕਾਰ ਨੇ ਰਸਮੀ ਤੌਰ 'ਤੇ ਆਪਣਾ ਕੰਮ ਸ਼ੁਰੂ ਕਰ ਦਿੱਤਾ। ਸਮਾਰੋਹ ਵਿੱਚ ਕੁੱਲ 26 ਮੰਤਰੀਆਂ ਨੇ ਸਹੁੰ ਚੁੱਕੀ, ਜਿਨ੍ਹਾਂ ਵਿੱਚ ਪਹਿਲੀ ਵਾਰ ਮੰਤਰੀ ਬਣੇ ਸ਼੍ਰੇਅਸੀ ਸਿੰਘ, ਜਮੁਈ ਤੋਂ ਵਿਧਾਇਕ ਸ਼ਾਮਲ ਹਨ। ਬਾਕੀ ਮੰਤਰੀਆਂ ਵਿਚ ਸਮਰਾਟ ਚੌਧਰੀ, ਵਿਜੇ ਕੁਮਾਰ ਸਿਨਹਾ, ਵਿਜੇ ਚੌਧਰੀ, ਵਿਜੇਂਦਰ ਯਾਦਵ, ਸ਼ਰਵਣ ਕੁਮਾਰ, ਮੰਗਲ ਪਾਂਡੇ, ਦਲੀਪ ਜੈਸਵਾਲ, ਅਸ਼ੋਕ ਚੌਧਰੀ, ਲਸੀ ਸਿੰਘ, ਮਦਨ ਸਾਹਨੀ, ਨਿਤਿਨ ਨਵੀਨ, ਰਾਮਕ੍ਰਿਪਾਲ ਯਾਦਵ, ਸੰਤੋਸ਼ ਸੁਮਨ, ਸੁਨੀਲ ਕੁਮਾਰ, ਮੋ ਜ਼ਮਾਨ ਖਾਨ, ਸੰਜੇ ਸਿੰਘ ਟਾਈਗਰ, ਅਰੁਣ ਸ਼ੰਕਰ ਪ੍ਰਸਾਦ, ਸੁਰਿੰਦਰ ਮਹਿਤਾ, ਨਰਾਇਣ ਪ੍ਰਸਾਦ, ਰਾਮ ਨਿਸ਼ਾਦ, ਲਕੇਂਦਰ ਕੁਮਾਰ ਰੋਸ਼ਨ, ਸ਼੍ਰੇਅਸੀ ਸਿੰਘ, ਡਾ. ਪ੍ਰਮੋਦ ਕੁਮਾਰ, ਸੰਜੇ ਕੁਮਾਰ, ਸੰਜੇ ਕੁਮਾਰ ਸਿੰਘ, ਦੀਪਕ ਪ੍ਰਕਾਸ਼ ਦੇ ਨਾਂ ਹਨ।

ਇਸ ਸਹੁੰ ਚੁੱਕ ਸਮਾਗਮ ਦਾ ਇੱਕ ਮਹੱਤਵਪੂਰਨ ਪਹਿਲੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੌਜੂਦਗੀ ਸੀ। ਬਿਹਾਰ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਜਦੋਂ ਪ੍ਰਧਾਨ ਮੰਤਰੀ ਨੇ ਕਿਸੇ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਵਿੱਚ ਨਿੱਜੀ ਤੌਰ 'ਤੇ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਮੋਦੀ ਦੀ ਮੌਜੂਦਗੀ ਨੇ ਸਮਾਰੋਹ ਦੀ ਸ਼ਾਨ ਅਤੇ ਰਾਜਨੀਤਿਕ ਮਹੱਤਵ ਨੂੰ ਵਧਾ ਦਿੱਤਾ। ਪ੍ਰਧਾਨ ਮੰਤਰੀ ਤੋਂ ਇਲਾਵਾ, ਅਸਾਮ, ਹਰਿਆਣਾ, ਨਾਗਾਲੈਂਡ, ਮੇਘਾਲਿਆ ਅਤੇ ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀਆਂ ਸਮੇਤ 16 ਰਾਜਾਂ ਦੇ ਮੁੱਖ ਮੰਤਰੀਆਂ ਅਤੇ ਕਈ ਕੇਂਦਰੀ ਮੰਤਰੀਆਂ ਨੇ ਵੀ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸੱਭਿਆਚਾਰਕ ਮਾਹੌਲ ਵੀ ਆਪਣੇ ਸਿਖਰ 'ਤੇ ਸੀ। ਸਟੇਜ ਤੋਂ ਛੱਠ ਗੀਤਾਂ ਅਤੇ ਭੋਜਪੁਰੀ ਸੰਗੀਤ ਨੇ ਲੋਕਾਂ ਨੂੰ ਲਗਾਤਾਰ ਊਰਜਾ ਦਿੱਤੀ। ਮਨੋਜ ਤਿਵਾੜੀ ਅਤੇ ਪਵਨ ਸਿੰਘ ਵਰਗੇ ਕਲਾਕਾਰਾਂ ਦੀ ਮੌਜੂਦਗੀ ਨੇ ਭੀੜ ਵਿੱਚ ਇੱਕ ਵਿਲੱਖਣ ਉਤਸ਼ਾਹ ਪੈਦਾ ਕੀਤਾ।

# ਜੈਫਰੀ ਐਪਸਟੀਨ ਕੇਸ ਦੀਆਂ ਫਾਈਲਾਂ ਹੋਣਗੀਆਂ ਜਨਤਕ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੀ ਹੀ ਸਿਆਸੀ ਪਾਰਟੀ ਦੇ ਦਬਾਅ ਅੱਗੇ ਝੁਕਦਿਆਂ ਜਿਨਸੀ ਅਪਰਾਧਾਂ ਤਹਿਤ ਦੋਸ਼ੀ ਠਹਿਰਾਏ ਗਏ ਜੈਫਰੀ ਐਪਸਟੀਨ ਬਾਰੇ ਫਾਈਲਾਂ ਜਨਤਕ ਕਰਨ ਲਈ ਮਜਬੂਰ ਕਰਦੇ ਇਕ ਕਾਨੂੰਨ ’ਤੇ ਸਹੀ ਪਾ ਦਿੱਤੀ ਹੈ। ਟਰੰਪ, ਜੋ ਆਪਣੇ ਪੱਧਰ ’ਤੇ ਬਹੁਤ ਸਾਰੀਆਂ ਫਾਈਲਾਂ ਜਾਰੀ ਕਰਨ ਦੀ ਚੋਣ ਕਰ ਸਕਦੇ ਸਨ, ਪਰ ਉਨ੍ਹਾਂ ਨੇ ਸ਼ੁਰੂਆਤ ਵਿਚ ਅਜਿਹੀ ਕਿਸੇ ਵੀ ਪੇਸ਼ਕਦਮੀ ਦਾ ਵਿਰੋਧ ਕੀਤਾ। ਟਰੰਪ ਨੇ ਇਕ ਸੋਸ਼ਲ ਮੀਡੀਆ ਪੋਸਟ ਵਿਚ ਸਬੰਧਤ ਬਿੱਲ ’ਤੇ ਸਹੀ ਪਾਉਣ ਦਾ ਐਲਾਨ ਕਰਦਿਆਂ ਕਿਹਾ, ‘‘ਡੈਮੋਕਰੈਟਾਂ ਨੇ ਐਪਸਟੀਨ ਦੇ ਮੁੱਦੇ ਦੀ ਵਰਤੋਂ ਕੀਤੀ ਹੈ, ਜੋ ਕਿ ਉਨ੍ਹਾਂ ਨੂੰ ਰਿਪਬਲਿਕਨ ਪਾਰਟੀ ਨਾਲੋਂ ਕਿਤੇ ਵੱਧ ਅਸਰਅੰਦਾਜ਼ ਕਰਦਾ ਹੈ, ਇਹ ਸਾਡੀਆਂ ‘ਸ਼ਾਨਦਾਰ ਜਿੱਤਾਂ’ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ।’’ ਇਹ ਬਿੱਲ ਨਿਆਂ ਵਿਭਾਗ ਨੂੰ ਐਪਸਟੀਨ ਨਾਲ ਸਬੰਧਤ ਸਾਰੀਆਂ ਫਾਈਲਾਂ ਅਤੇ ਸੰਚਾਰਾਂ ਦੇ ਨਾਲ-ਨਾਲ 2019 ਵਿੱਚ ਇੱਕ ਸੰਘੀ ਜੇਲ੍ਹ ਵਿੱਚ ਉਸ ਦੀ ਮੌਤ ਦੀ ਜਾਂਚ ਬਾਰੇ ਕੋਈ ਵੀ ਜਾਣਕਾਰੀ 30 ਦਿਨਾਂ ਦੇ ਅੰਦਰ ਜਾਰੀ ਕਰਨ ਦੇ ਪਾਬੰਦ ਕਰਦਾ ਹੈ।



# ਵਿਸ਼ਵ ਕੱਪ ਜਿੱਤਣ ਮਗਰੋਂ ਹਰਮਨਪ੍ਰੀਤ ਦੀ ਬੱਲੇ-ਬੱਲੇ




ਨਵੀਂ ਦਿੱਲੀ- ਵਿਸ਼ਵ ਕੱਪ ਜਿੱਤਣ ਮਗਰੋਂ ਵੱਖ-ਵੱਖ ਬਰਾਂਡ ਭਾਰਤੀ ਮਹਿਲਾ ਕ੍ਰਿਕਟਰਾਂ ਵਿੱਚ ਦਿਲਚਸਪੀ ਦਿਖਾਉਣ ਲੱਗੇ ਹਨ। ਇਨ੍ਹਾਂ ਖਿਡਾਰਨਾਂ ਵਿੱਚ ਕਪਤਾਨ ਹਰਮਨਪ੍ਰੀਤ ਕੌਰ ਵੀ ਸ਼ਾਮਲ ਹੈ, ਜਿਸ ਦਾ ਇਸ਼ਤਿਹਾਰਬਾਜ਼ੀ ਪੋਰਟਫੋਲੀ ਅਗਲੇ ਮਹੀਨਿਆਂ ਦੌਰਾਨ ਤਿੰਨ ਗੁਣਾਂ ਹੋਣ ਦੀ ਉਮੀਦ ਹੈ। ਨਵੀ ਮੁੰਬਈ ਵਿੱਚ ਖੇਡੇ ਫਾਈਨਲ ਵਿੱਚ ਨਾਦਿਨ ਡੀ ਕਲਰਕ ਦਾ ਕੈਚ ਲੈ ਕੇ ਭਾਰਤ ਨੂੰ ਦੱਖਣੀ ਅਫਰੀਕਾ ’ਤੇ ਜਿੱਤ ਦਿਵਾਉਣ ਵਾਲੀ ਹਰਮਨਪ੍ਰੀਤ ਵਿਸ਼ਵ ਕੱਪ ਤੋਂ ਪਹਿਲਾਂ ਅੱਠ ਤੋਂ ਵੱਧ ਕੰਪਨੀਆਂ ਨਾਲ ਜੁੜੀ ਹੋਈ ਸੀ। ਉਸ ਦੀ ਮੈਨੇਜਰ ਨੂਪੁਰ ਕਸ਼ਯਪ ਨੇ ਦੱਸਿਆ ਕਿ ਹੁਣ ਇਸ ਵਿੱਚ ਤਬਦੀਲੀ ਆ ਰਹੀ ਹੈ।

ਨੂਪੁਰ ਕਸ਼ਯਪ ਨੇ ਕਿਹਾ, ‘‘ਵਿਸ਼ਵ ਕੱਪ ਮਗਰੋਂ ਹੁਣ ਖੇਡ ਤੋਂ ਬਾਹਰੀ ਖੇਤਰਾਂ ਦੇ ਬਰਾਂਡ ਹਰਮਨਪ੍ਰੀਤ ਕੌਰ ਨਾਲ ਰਾਬਤਾ ਬਣਾ ਰਹੇ ਹਨ ਅਤੇ ਜੁੜਨ ਲਈ ਤਿਆਰ ਹਨ।’’ ਉਨ੍ਹਾਂ ਕਿਹਾ ਕਿ 2017 ਦਾ ਫਾਈਨਲ ਭਾਰਤ ਵਿੱਚ ਮਹਿਲਾ ਕ੍ਰਿਕਟ ਲਈ ਵੱਡੀ ਪ੍ਰਾਪਤੀ ਸੀ, ਪਰ ਅੱਠ ਸਾਲਾਂ ਮਗਰੋਂ ਖ਼ਿਤਾਬੀ ਜਿੱਤ ਨੇ ਖੇਡ ਦੀ ਹਰਮਨਪਿਆਰਤਾ ਅਤੇ ਬਰਾਂਡ ਦੀ ਦਿਲਚਸਪੀ ਨੂੰ ਦੂਜੇ ਪੱਧਰ ਤੱਕ ਲਿਆਂਦਾ ਹੈ।

# ਸ੍ਰੀ ਆਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਨੂੰ ਪ੍ਰਵਾਨਗੀ

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਸਰਕਾਰ ਵੱਲੋਂ ਸੱਦੇ ਜਾਣ ਵਾਲੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਲਈ ਪ੍ਰਵਾਨਗੀ ਦੇ ਦਿੱਤੀ ਹੈ। ਇਸ ਦੇ ਨਾਲ ਹੀ ਰਾਜਪਾਲ ਨੇ 24 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਸਥਿਤ ਭਾਈ ਜੈਤਾ ਜੀ ਯਾਦਗਾਰ ਵਿੱਚ ਬਾਅਦ ਦੁਪਹਿਰ 1 ਵਜੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸੱਦਣ ਲਈ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਰਾਜਪਾਲ ਤੋਂ ਪ੍ਰਵਾਨਗੀ ਮਿਲਣ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੀ ਤਿਆਰੀਆਂ ਵੀ ਤੇਜ਼ ਕਰ ਦਿੱਤੀਆਂ ਹਨ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਵੱਖ-ਵੱਖ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ। ਇਸੇ ਦੌਰਾਨ ਪੰਜਾਬ ਸਰਕਾਰ ਨੇ 24 ਨਵੰਬਰ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਸਦਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਵੱਖ-ਵੱਖ ਥਾਵਾਂ ਤੇ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਏ ਜਾ ਰਹੇ ਹਨ।


## GLOBAL ADVISORS, LLC.

168 S. Hillview Drive, Milpitas, CA 95035
contact@globaladvisors.llcwww.globaladvisors.llc

**Phone: 408-613-3876 / 408-600-9471**

**Legal Documentation Services:**
**Family Law, Estate Planning, Small Claims/ Civil Law, Unlawful Detainer, POA, Social Security Disability.**



**'Sara'- Saraswatee Consultant**

**Income Tax Preparation:** Strategic individual and business tax filings, tax planning, IRS audit, sales & use tax, and new company formation.

**Financial Accounting & Management:** Strategic accounting & reporting services, which are scalable, tactical, and team-driven.

**Immigration Consulting:** Citizenship; Green Card; Investor EB5 Visa; Business/ Tourist Visa; Student Visa; Religious Visa; OCI, Passport & Others

**Live-Scan and Notary**

**GLOBAL ADVISORS, LLC**
contact@globaladvisors.llc 408-613-3876 / 408-600-9471


# ਭਾਰਤ-ਪਾਕਿ ਨੂੰ ਧਮਕੀ, ਲੜੇ ਤਾਂ 350 ਫੀਸਦ ਟੈਕਸ ਲਾ ਦਿਆਂਗੇ-ਟਰੰਪ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਕ ਵਾਰ ਫਿਰ ਦਾਅਵਾ ਕੀਤਾ ਹੈ ਕਿ ਮਈ ਵਿਚ ਭਾਰਤ ਤੇ ਪਾਕਿਸਤਾਨ ਦਰਮਿਆਨ ਹੋਏ ਟਕਰਾਅ ਨੂੰ ਰੋਕਣ ਵਿਚ ਉਨ੍ਹਾਂ ਦੀ ਅਹਿਮ ਭੂਮਿਕਾ ਸੀ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਦੋਵਾਂ ਮੁਲਕਾਂ ਨੂੰ ਟਕਰਾਅ ਨਾ ਰੋਕਣ ਦੀ ਸਥਿਤੀ ਵਿਚ 350 ਫੀਸਦ ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਸੀ। ਟਰੰਪ ਨੇ ਇਹ ਦਾਅਵਾ ਵੀ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉਨ੍ਹਾਂ ਦੇ ਪਾਕਿਸਤਾਨੀ ਹਮਰੁਤਬਾ ਸ਼ਾਹਬਾਜ਼ ਸ਼ਰੀਫ਼ ਨੇ ਉਨ੍ਹਾਂ ਨੂੰ ਫੋਨ ਕਰਕੇ ਕਿਹਾ ਸੀ ਕਿ ‘ਅਸੀਂ ਜੰਗ ਨਹੀਂ ਕਰਨ ਜਾ ਰਹੇ।’ ਟਰੰਪ ਹੁਣ ਤੱਕ 60 ਤੋਂ ਵੱਧ ਵਾਰ ਇਹ ਦਾਅਵਾ ਕਰ ਚੁੱਕੇ ਹਨ ਕਿ ਉਨ੍ਹਾਂ ਨੇ ਇਸ ਸਾਲ ਮਈ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਨੂੰ ‘ਸੁਲਝਾਉਣ’ ਵਿੱਚ ਮਦਦ ਕੀਤੀ ਸੀ। ਹਾਲਾਂਕਿ ਕਿ ਭਾਰਤ ਲਗਾਤਾਰ ਕਿਸੇ ਵੀ ਤੀਜੀ ਧਿਰ ਦੇ ਦਖਲ ਤੋਂ ਇਨਕਾਰ ਕਰਦਾ ਰਿਹਾ ਹੈ। ਟਰੰਪ ਨੇ ਬੁੱਧਵਾਰ ਨੂੰ ਕਿਹਾ, ..ਮੈਂ ਵਿਵਾਦਾਂ ਨੂੰ ਸੁਲਝਾਉਣ ਵਿੱਚ ਚੰਗਾ ਹਾਂ, ਅਤੇ ਮੈਂ ਹਮੇਸ਼ਾ ਰਿਹਾ ਹਾਂ। ਮੈਂ ਸਾਲਾਂ ਦੌਰਾਨ ਇਸ ਮਾਮਲੇ ਵਿਚ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਮੈਂ ਵੱਖ-ਵੱਖ ਜੰਗਾਂ ਬਾਰੇ ਗੱਲ ਕਰ ਰਿਹਾ ਸੀ.. ਭਾਰਤ, ਪਾਕਿਸਤਾਨ.. ਉਹ ਇਸ ’ਤੇ ਜਾਣ ਵਾਲੇ ਸਨ, ਪ੍ਰਮਾਣੂ ਹਥਿਆਰ।’’ ਟਰੰਪ ਇਥੇ ਅਮਰੀਕਾ ਸਾਊਦੀ ਨਿਵੇਸ਼ ਫੋਰਮ ਨੂੰ ਸੰਬੋਧਨ ਕਰ ਰਹੇ ਸਨ।



## S. Inderjit Singh Bullowal

**Rep/Marketing Manager**

**PARDES TIMES**
www.pardestimes.com

**Call: 425-420-4055**

ਕਿਸੇ ਵੀ ਕਿਸਮ ਦੀ ਗੱਲਬਾਤ ਅਖ਼ਬਾਰ ਸਬੰਧੀ ਕਰਨ ਲਈ
ਸ. ਇੰਦਰਜੀਤ ਸਿੰਘ ਬੁਲੋਵਾਲ ਨੂੰ ਫੋਨ ਕਰੋ



ਸ. ਇੰਦਰਜੀਤ ਸਿੰਘ ਬੁਲੋਵਾਲ

# ਸੰਪਾਦਕੀ

## ਪਰਦੇਸ ਟਾਇਮਜ਼ ਦੇ 20 ਸਾਲਾਂ ਦਾ ਸਫਰ

ਪੰਜਾਬੀ ਮਾਂ ਬੋਲੀ ਨੂੰ ਸਮਰਪਿਤ 'ਪਰਦੇਸ ਟਾਇਮਜ਼' ਅਖਬਾਰ ਤੁਹਾਡੇ ਸਹਿਯੋਗ ਅਤੇ ਆਸ਼ੀਰਵਾਦ ਸਦਕਾ ਅਮਰੀਕਾ ਦੀ ਧਰਤੀ ਤੇ ਆਪਣੇ 20 ਸਾਲਾਂ ਦਾ ਸਫਰ ਪੂਰਾ ਕਰ ਚੁੱਕਾ ਹੈ। ਇਸ ਸਫਰ ਦੌਰਾਨ ਸਾਡੇ ਬਹੁਤ ਸਾਰੇ ਸੱਜਣਾਂ-ਮਿੱਤਰਾਂ, ਪ੍ਰਸ਼ੰਸਕਾਂ ਅਤੇ ਪੰਜਾਬ ਮਾਂ ਬੋਲੀ ਦੀ ਸੇਵਾ ਕਰਨ ਦੇ ਚਾਹਵਾਨਾਂ ਨੇ ਸਾਨੂੰ ਭਰਪੂਰ ਯੋਗਦਾਨ ਦਿੱਤਾ। ਅਸੀਂ ਉਹਨਾਂ ਸਾਰੇ ਸਾਥੀਆਂ ਦੇ ਅਤੀ ਧੰਨਵਾਦੀ ਹਾਂ। ਸਾਡੀ ਟੀਮ ਵਿਚ ਬਹੁਤ ਸਾਰੇ ਸੱਜਣ-ਮਿੱਤਰ ਅਜਿਹੇ ਹਨ, ਜਿਹੜੇ ਬਿਨਾਂ ਕਿਸੇ ਸਵਾਰਥ ਦੇ ਸਾਨੂੰ ਸਹਿਯੋਗ ਦਿੰਦੇ ਰਹੇ ਹਨ ਅਤੇ ਮਾਇਕ ਮਦਦ ਕਰਕੇ ਸਾਡੇ ਹੌਸਲੇ ਵਧਾਉਂਦੇ ਰਹੇ ਹਨ।

ਅਮਰੀਕਾ ਵਰਗੇ ਮੁਲਕਾਂ ਵਿਚ ਪੰਜਾਬੀ ਜਾਂ ਕਿਸੇ ਵੀ ਹੋਰ ਖੇਤਰ ਦੀ ਭਾਸ਼ਾ ਵਿਚ ਅਖਬਾਰ ਚਲਾਉਣਾ ਇਕ ਮੁਸ਼ਕਿਲ ਕੰਮ ਹੈ। ਇਸ ਲਈ ਅਮਰੀਕਾ ਦੀ ਸਰਕਾਰ ਦੁਆਰਾ ਕੋਈ ਮਦਦ ਨਹੀਂ ਮਿਲਦੀ, ਸਿਰਫ ਤੇ ਸਿਰਫ ਆਪਣੇ ਭਾਈਚਾਰੇ ਅਤੇ ਉਹਨਾਂ ਸਾਥੀਆਂ ਦਾ ਸਾਥ ਮਿਲਦਾ ਹੈ, ਜਿਹੜੇ ਆਪਣੀ ਜ਼ੁਬਾਨ ਨੂੰ ਕਾਇਮ-ਦਾਇਮ ਰੱਖਣ ਅਤੇ ਇਸ ਦੇ ਪ੍ਰਚਾਰ-ਪ੍ਰਸਾਰ ਲਈ ਅੱਤ ਦਰਜੇ ਦੀ ਸਿਰੜ ਰੱਖਦੇ ਹਨ। ਅਮਰੀਕਾ ਵਿਚ ਇਸ ਵਕਤ ਪੰਜਾਬੀ ਭਾਸ਼ਾ ਬੋਲਣ ਵਾਲਿਆਂ ਦੀ ਕੋਈ ਕਮੀ ਨਹੀਂ ਹੈ ਅਤੇ ਜ਼ਿਆਦਾਤਰ ਮਾਪੇ ਆਪਣੇ ਬੱਚਿਆਂ ਨੂੰ ਵੀ ਆਪਣੀ ਮਾਤ-ਭਾਸ਼ਾ ਨਾਲ ਜੋੜੀ ਰੱਖਣ ਲਈ ਉਪਰਾਲੇ ਕਰਦੇ ਰਹਿੰਦੇ ਹਨ। ਪੰਜਾਬੀ ਭਾਸ਼ਾ ਦੇ ਨਾਟਕ, ਫਿਲਮਾਂ ਅਤੇ ਸਾਹਿਤਿਕ ਗਤੀਵਿਧੀਆਂ ਅਮਰੀਕਾ ਦੀ ਧਰਤੀ ਤੇ ਹੁੰਦੇ ਰਹਿੰਦੇ ਹਨ। ਅਜਿਹੀਆਂ ਗਤੀਵਿਧੀਆਂ ਨਾਲ ਹੀ ਕੋਈ ਭਾਸ਼ਾ ਜਿੰਦਾ ਰਹਿੰਦੀ ਹੈ ਅਤੇ ਪ੍ਰਫੁੱਲਿਤ ਵੀ ਹੁੰਦੀ ਹੈ। ਪੰਜਾਬ ਤੋਂ ਬਾਅਦ ਜੇਕਰ ਕਿਸੇ ਮੁਲਕ ਵਿਚ ਜ਼ਿਆਦਾ ਪੰਜਾਬੀ ਬੋਲੀ ਜਾਂਦੀ ਹੈ ਤਾਂ ਉਹ ਮੁਲਕ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਹੀ ਹਨ। ਬਾਕੀ ਮੁਲਕਾਂ ਵਿਚ ਵੱਸੇ ਪੰਜਾਬੀ ਵੀ ਆਪਣੀ ਮਾਤ ਭਾਸ਼ਾ ਦੀ ਤਰੱਕੀ ਅਤੇ ਪ੍ਰਚਾਰ-ਪ੍ਰਸਾਰ ਲਈ ਬਹੁਤ ਕੰਮ ਕਰਦੇ ਹਨ ਪਰ ਗਿਣਤੀ ਘੱਟ ਹੋਣ ਕਾਰਨ ਉਹਨਾਂ ਦੇ ਕਦਮ ਹੌਲੀ-ਹੌਲੀ ਅੱਗੇ ਵੱਧ ਪਾਉਂਦੇ ਹਨ।

ਅਸੀਂ ਅੱਜ ਤੋਂ 20 ਸਾਲ ਪਹਿਲਾਂ 'ਪਰਦੇਸ ਟਾਇਮਜ਼' ਅਖਬਾਰ ਵੀ ਪੰਜਾਬੀ ਮਾਂ-ਬੋਲੀ ਦੀ ਬਿਹਤਰੀ ਅਤੇ ਇਸ ਨੂੰ ਅੱਗੇ ਵਧਾਉਣ ਦੀ ਮਨਸ਼ਾ ਨਾਲ ਆਰੰਭ ਕੀਤਾ ਸੀ। ਇਸ ਸਮੇਂ ਦਰਮਿਆਨ ਸਾਨੂੰ ਕਠਿਨਾਈਆਂ ਵੀ ਬਹੁਤ ਆਈਆਂ ਅਤੇ ਮਾਇਕ ਮਦਦ ਪੱਖੋਂ ਵੀ ਸਾਨੂੰ ਬਹੁਤ ਸਾਰੇ ਲੋਕਾਂ ਦਾ ਇੰਨਾ ਸਹਿਯੋਗ ਨਹੀਂ ਮਿਲਿਆ, ਜਿੰਨਾ ਕਿ ਮਿਲਣਾ ਚਾਹੀਦਾ ਹੈ। ਅਸੀਂ ਇਸ ਅਖਬਾਰ ਨੂੰ ਕਦੀ ਆਪਣੀ ਕਮਾਈ ਦਾ ਸਾਧਨ ਨਹੀਂ ਬਣਾਇਆ, ਬਲਕਿ ਜੋ ਵੀ ਮਾਲੀ ਮਦਦ ਕਿਸੇ ਵੀ ਰੂਪ ਵਿਚ ਮਿਲੀ, ਇਸ ਅਖਬਾਰ ਉਤੇ ਹੀ ਖਰਚ ਕੀਤੀ ਗਈ। ਅੱਗੇ ਤੋਂ ਵੀ ਅਸੀਂ ਆਪਣੇ ਇਸ ਮਿਸ਼ਨ ਵਿਚ ਜੁਟੇ ਰਹਾਂਗੇ ਅਤੇ ਆਸ ਕਰਦੇ ਹਾਂ ਕਿ ਤੁਸੀਂ ਵੀ ਸਾਨੂੰ ਭਰਪੂਰ ਸਹਿਯੋਗ ਦਿਓ ਤਾਂ ਜੋ ਅਸੀਂ ਇਸ ਨਿਸ਼ਕਾਮ ਮਿਸ਼ਨ ਤੇ ਡਟੇ ਰਹੀਏ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245

The Pardes Times and people asociated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਪੰਜਾਬੀਅਤ ਦਾ ਕੌਮਾਂਤਰੀਕਰਨ ਦੀ ਲੋੜ



ਦਰਬਾਰਾ ਸਿੰਘ ਕਾਹਲੋਂ

ਭਾਰਤੀ ਉਪ ਮਹਾਦੀਪ ਵਿਚ ਪੰਜਾਬ ਨੂੰ ਪੰਜ ਦਰਿਆਵਾਂ, ਜਰਖੇਜ਼ ਮੈਦਾਨਾਂ, ਅਲੌਕਿਕ ਭੂਗੋਲਿਕ ਹੋਂਦ ਅਤੇ ਅਮੀਰ ਸੰਸਕ੍ਰਿਤੀ ਕਰਕੇ ਵੱਖਰਾ ਦੇਸ਼ ਸਮਝਿਆ ਜਾਂਦਾ ਸੀ। ਇਸ ਦੀ ਖ਼ੂਬਸੂਰਤੀ, ਪ੍ਰਭੂਸੱਤਾ ਸੰਪੰਨਤਾ, ਪੰਜਾਬੀ ਭਾਸ਼ਾ, ਨਿੱਘੇ ਸਮਾਜਿਕ ਅਤੇ ਸੱਭਿਆਚਾਰਕ ਰਸਮੋ-ਰਿਵਾਜਾਂ, ਉੱਚ ਮਾਨਵੀ ਕਦਰਾਂ-ਕੀਮਤਾਂ ਕਰਕੇ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀ ਸਈ , ਜਿਵੇਂ ਫੁੱਲਾਂ ਵਿੱਚੋਂ ਫੁੱਲ ਗੁਲਾਬ ਨੀ ਸਈ ' ਪੁਕਾਰਿਆ ਜਾਂਦਾ ਸੀ। ਵਿਸ਼ਵ ਵਿਜੇਤਾ ਸਿਕੰਦਰ ਮਹਾਨ ਨੂੰ ਦਰਿਆ ਬਿਆਸ ਤੋਂ ਵਾਪਸੀ ਲਈ ਮਜਬੂਰ ਕਰਨਾ, ਮੁਗ਼ਲ ਕਾਲ ਦੇ ਸਿਖਰ ਸਮੇਂ ਬੰਦਾ ਸਿੰਘ ਬਹਾਦਰ ਦੀ ਰਾਹਨੁਮਾਈ ਹੇਠ ਤਾਕਤਵਰ ਨਿਰਦਈ ਸੂਬਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣਾ, ਪੰਜਾਬੀ ਸਿੱਖ ਮਹਾਨਾਇਕ ਮਹਾਰਾਜਾ ਰਣਜੀਤ ਸਿੰਘ ਵੱਲੋਂ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਇਕ ਮਜ਼ਬੂਤ ਰਾਜ ਦੀ ਸਥਾਪਨਾ ਕਰਨਾ ਪੰਜਾਬੀ ਭਾਈਚਾਰੇ ਦੀਆਂ ਮਹਾਨ ਇਤਿਹਾਸਕ ਪ੍ਰਾਪਤੀਆਂ ਹਨ ਜਿਨ੍ਹਾਂ ਵਿਚ ਹਿੰਦੂ, ਸਿੱਖ, ਮੁਸਲਿਮ ਅਤੇ ਦਲਿਤ ਭਾਈਚਾਰੇ ਸ਼ਾਮਲ ਸਨ।

ਪੰਜਾਬੀ ਵਿਦੇਸ਼ੀ ਹਮਲਾਵਰਾਂ ਅਤੇ ਮੁਗ਼ਲ ਸ਼ਾਸਕਾਂ ਦੀਆਂ ਜ਼ਿਆਦਤੀਆਂ ਦਾ ਕਰਾਰਾ ਜਵਾਬ ਦਿੰਦੇ ਰਹੇ ਹਨ ਪਰ ਅੰਗਰੇਜ਼ ਸਾਮਰਾਜ ਅਤੇ ਬਸਤੀਵਾਦ ਨੇ ਪੰਜਾਬੀਆਂ ਨੂੰ ਸਦੀਵੀ ਤੌਰ 'ਤੇ ਕਮਜ਼ੋਰ ਅਤੇ ਆਪਸੀ ਜੰਗ ਵਿਚ ਉਲਝਾਉਣ ਦੇ ਚੱਕਰਵਿਊ ਵਿਚ ਬੁਰੀ ਤਰ੍ਹਾਂ ਫਸਾ ਕੇ ਰੱਖ ਦਿੱਤਾ। ਪਹਿਲੀ ਵਿਸ਼ਵ ਜੰਗ 1914 ਤੋਂ 1919 ਦੌਰਾਨ ਹੋਈ ਜਿਸ ਵਿਚ ਪੰਜਾਬੀਆਂ ਅਤੇ ਖ਼ਾਸ



ਕਰਕੇ ਸਿੱਖ ਭਾਈਚਾਰੇ ਨਾਲ ਸਬੰਧਤ ਫ਼ੌਜੀਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਲੇਕਿਨ ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਨੇ ਇਸ ਦਾ ਤੋਹਫ਼ਾ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ, ਅੰਮ੍ਰਿਤਸਰ ਦੇ ਸਾਕੇ ਦੇ ਰੂਪ 'ਚ ਦਿੱਤਾ ਜਿਸ ਵਿਚ ਹਜ਼ਾਰਾਂ ਨਿਹੱਥੇ ਪੰਜਾਬੀ ਗੋਲ਼ੀਆਂ ਨਾਲ ਭੁੰਨ ਦਿੱਤੇ ਗਏ। ਦੂਸਰੀ ਆਲਮੀ ਜੰਗ 1939 ਤੋਂ 1945 ਦਰਮਿਆਨ ਹੋਈ ਜਿਸ ਵਿਚ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖ ਫ਼ੌਜੀਆਂ ਨੇ ਬ੍ਰਿਟੇਨ ਨੂੰ ਹਿਟਲਰ ਦੀ ਬਰਬਾਦੀ ਤੋਂ ਬਚਾਇਆ। ਦੋਹਾਂ ਜੰਗਾਂ ਵਿਚ 83005 ਸਿੱਖ ਫ਼ੌਜੀ ਮਾਰੇ ਗਏ, 109045 ਜ਼ਖ਼ਮੀ ਹੋਏ। ਇਸ ਦਾ ਤੋਹਫ਼ਾ 15 ਅਗਸਤ 1947 ਨੂੰ ਦੇਸ਼ ਦੇ ਬਟਵਾਰੇ ਵਜੋਂ ਪੰਜਾਬ ਤੇ ਬੰਗਾਲ ਦੀ ਵੰਡ ਤੇ ਪਾਕਿਸਤਾਨ ਦੀ ਸਥਾਪਤੀ ਵਜੋਂ ਦਿੱਤਾ ਗਿਆ। ਦੇਸ਼ ਦੀ ਵੰਡ ਮੌਕੇ 10 ਲੱਖ ਤੋਂ ਵੱਧ ਪੰਜਾਬੀ ਫ਼ਿਰਕੂ ਕੱਟੜਵਾਦੀ ਹਿੰਸਾ ਦੇ ਸ਼ਿਕਾਰ ਹੋ ਗਏ ਤੇ ਢਾਈ ਕਰੋੜ ਘਰ-ਘਾਟ ਗੁਆ ਬੈਠੇ।

ਬ੍ਰਿਟਿਸ਼ ਬਸਤੀਵਾਦੀ ਸਾਮਰਾਜ ਭਾਰਤ ਆਜ਼ਾਦ ਕਰਕੇ ਨਹੀਂ ਗਿਆ ਬਲਕਿ ਗੋਰੇ ਸ਼ਾਸਕਾਂ ਦੀ ਥਾਂ ਕਾਲੇ ਸ਼ਾਸਕ ਬਸਤੀਵਾਦੀਆਂ ਨੂੰ ਸੱਤਾ ਦਾ ਤਬਾਦਲਾ ਕਰ ਕੇ ਚਲਾ ਗਿਆ। ਭਾਰਤੀ ਸੰਵਿਧਾਨ ਰਾਜਾਂ ਨੂੰ ਕੇਂਦਰੀ ਸ਼ਾਸਨ ਦੀਆਂ ਬਸਤੀਆਂ ਬਣਨੋਂ ਨਹੀਂ ਰੋਕ ਸਕਿਆ। ਅੱਜ ਸਭ ਭਾਰਤੀ ਰਾਜ ਸੰਘਵਾਦ ਦੇ ਉਲਟ ਸੱਤਾ ਦੇ ਕੇਂਦਰੀਕਰਨ ਕਰ ਕੇ ਭਿਖਾਰੀ ਬਸਤੀਆਂ ਬਣ ਦਿੱਤੇ ਗਏ ਹਨ।

ਸੰਨ 1953 ਦੇ ਫ਼ਜ਼ਲ ਅਲੀ ਭਾਸ਼ਾ ਆਧਾਰਤ ਰਾਜਾਂ ਦੇ ਪੁਨਰਗਠਨ ਅਧੀਨ ਪੰਜਾਬ ਨੂੰ ਨਾਂਹ ਕਰ ਦਿੱਤੀ ਗਈ। ਪੰਜਾਬੀ ਸੂਬੇ ਦੇ ਮੋਰਚੇ ਤੋਂ ਬਾਅਦ ਪਹਿਲੀ ਨਵੰਬਰ, 1966 ਨੂੰ ਇਕ ਲੰਗੜਾ ਬਸਤੀਵਾਦੀ ਪੰਜਾਬ ਸਥਾਪਤ ਕੀਤਾ ਗਿਆ ਜਿਸ ਨੂੰ ਰਾਜਧਾਨੀ, ਪਾਣੀਆਂ, ਪੰਜਾਬੀ ਭਾਸ਼ੀ ਇਲਾਕਿਆਂ, ਹੈੱਡ ਵਰਕਸਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣ, ਪੰਜਾਬ ਯੂਨੀਵਰਸਿਟੀ ਦੇ ਪ੍ਰਬੰਧ ਤੋਂ ਮਹਿਰੂਮ ਰਖਿਆ।

ਗੈਂਗਸਟਰਵਾਦ, ਨਸ਼ੀਲੇ ਪਦਾਰਥਾਂ ਅਤੇ ਬੇਰੁਜ਼ਗਾਰੀ ਕਰਕੇ ਪਿੰਜੇ ਪੰਜਾਬ ਨੇ ਲੱਖਾਂ ਦੀ ਗਿਣਤੀ ਵਿਚ ਜ਼ਮੀਨਾਂ-ਜਾਇਦਾਦਾਂ ਵੇਚ ਕੇ ਨੌਜਵਾਨ ਬੱਚੇ-ਬੱਚੀਆਂ ਵਿਦੇਸ਼ ਭੇਜ ਦਿੱਤੇ। ਅੱਜ ਲਗਪਗ 50 ਲੱਖ ਤੋਂ ਵੱਧ ਭਾਰਤੀ ਪੰਜਾਬੀ ਏਸ਼ੀਅਨ, ਅਰਬ, ਅਫ਼ਰੀਕਨ, ਪੱਛਮੀ ਦੇਸ਼ਾਂ ਵਿਚ ਵਸੇ ਹੋਏ ਹਨ। ਭਾਰਤ ਦੇ ਹੋਰ ਸੂਬਿਆਂ ਵਿਚ ਡੇਢ ਕਰੋੜ ਤੋਂ ਵੱਧ ਪੰਜਾਬੀ ਵਸਦੇ ਹਨ। ਆਲਮੀ ਪੱਧਰ 'ਤੇ ਵੱਡੀ ਉਥਲ-ਪੁਥਲ ਅਤੇ ਆਰਥਿਕ ਮੰਦਹਾਲੀ ਕਰਕੇ ਪਰਵਾਸੀ ਬਾਸ਼ਿੰਦਿਆਂ 'ਤੇ ਹਰ ਦੇਸ਼ ਅੰਦਰ ਘੋਰ ਸੰਕਟਾਂ ਦੇ ਬੱਦਲ ਮੰਡਰਾ ਰਹੇ ਹਨ। ਘੱਟ ਗਿਣਤੀਆਂ ਧਰਮ, ਭਾਸ਼ਾ, ਪਹਿਰਾਵੇ, ਸੱਭਿਆਚਾਰ, ਰੁਜ਼ਗਾਰ ਨੂੰ ਲੈ ਹਰ ਦੇਸ਼ ਅਤੇ ਇਲਾਕੇ ਵਿਚ ਹਮੇਸ਼ਾ ਜ਼ਿਆਦਤੀਆਂ, ਬੇਇਨਸਾਫ਼ੀ ਅਤੇ ਹਿੰਸਕ ਦਮਨ ਦਾ ਸ਼ਿਕਾਰ ਰਹੀਆਂ ਹਨ। ਅੱਜ ਪੰਜਾਬੀ ਭਾਈਚਾਰਾ ਵੀ ਦੇਸ਼-ਵਿਦੇਸ਼ ਅੰਦਰ ਬੇਇਨਸਾਫ਼ੀ ਦਾ ਸ਼ਿਕਾਰ ਹੈ। ਅਮਰੀਕਾ ਵਿਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਹਾਲਾਤ ਬਹੁਤ ਹੀ ਪੇਚੀਦਾ ਬਣ ਗਏ ਹਨ। ਉਸ ਦੇ ਪਦਚਿੰਨ੍ਹਾਂ 'ਤੇ ਚੱਲਦੇ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਬ੍ਰਿਟੇਨ ਅਤੇ ਹੋਰ ਯੂਰਪੀ ਦੇਸ਼ਾਂ ਦੇ ਨਿਸ਼ਾਨੇ 'ਤੇ ਪੰਜਾਬੀ ਆ ਚੁੱਕੇ ਹਨ। ਵੱਡੇ ਪੱਧਰ 'ਤੇ ਛਾਣਬੀਣ ਰਾਹੀਂ ਉਨ੍ਹਾਂ ਨੂੰ ਜਬਰੀ ਡਿਪੋਰਟ ਕਰਨ ਦੇ ਮਨਸੂਬੇ ਘੜੇ ਜਾ ਰਹੇ ਹਨ।

ਕੈਨੇਡਾ, ਬ੍ਰਿਟੇਨ , ਆਸਟ੍ਰੇਲੀਆ ਅਤੇ ਅਮਰੀਕਾ ਅੰਦਰ ਭਾਰਤੀ ਕੱਟੜਪੰਥੀ ਅਤੇ ਪਾਕਿਸਤਾਨੀ ਬਦਨਾਮ ਖ਼ੁਫ਼ੀਆ ਏਜੰਸੀ ਆਈਐਸਆਈ ਦੇ ਏਜੰਟ ਪੰਜਾਬੀ ਸਿੱਖਾਂ ਅਤੇ ਹਿੰਦੂ ਭਾਈਚਾਰਿਆਂ ਵਿਚ ਖਾਲਿਸਤਾਨ ਨੂੰ ਖਾਹ-ਮਖਾਹ ਉਭਾਰ ਕੇ ਟਕਰਾਅ ਪੈਦਾ ਕਰਨ ਦੇ ਰੌਂਅ ਵਿਚ ਹਨ। ਲੇਖਕ ਨੂੰ ਇਹ ਪ੍ਰਤੱਖ ਸੁਣ ਕੇ ਉਦੋਂ ਹੈਰਾਨੀ ਹੋਈ ਜਦੋਂ ਇਕ ਪਾਕਿਸਤਾਨੀ ਕਹਿ ਰਿਹਾ ਸੀ ਕਿ ਜੇ ਮਾਸਟਰ ਤਾਰਾ ਸਿੰਘ ਸਿੱਖਾਂ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨੋਂ ਉੱਕ ਗਿਆ ਤਾਂ ਹੁਣ ਕਿਹੜੀ ਦੇਰੀ ਹੋ ਗਈ ਹੈ। ਸਿੱਖ ਹੁਣ ਪਾਕਿਸਤਾਨ ਵਿਚ ਸ਼ਾਮਲ ਹੋ ਜਾਣ। ਇਵੇਂ ਅਜਿਹੇ ਆਈਐੱਸਆਈ ਏਜੰਟ ਵਿਦੇਸ਼ਾਂ ਵਿਚ ਹੀ ਨਹੀਂ, ਪੰਜਾਬ ਵਿਚ ਵੀ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਯਤਨਸ਼ੀਲ ਹਨ। ਹਿੰਦੂ ਕੱਟੜਵਾਦੀ ਏਜੰਟ ਐਸੇ ਪ੍ਰਾਪੇਗੰਡੇ ਨੂੰ ਭੜਕਾਉਣ ਵਿਚ ਸਹਾਈ ਹੁੰਦੇ ਹਨ। ਦਲਿਤ ਭਾਈਚਾਰੇ ਨਾਲ ਅਮਰੀਕਾ, ਬ੍ਰਿਟੇਨ ਤੇ ਆਸਟ੍ਰੇਲੀਆ ਵਿਚ ਜਾਤੀਵਾਦੀ ਨਫ਼ਰਤ ਦੀ ਅੱਗ ਬਾਲੀ ਜਾਂਦੀ ਹੈ। ਪੰਜਾਬੀਆਂ ਦੇ ਦੇਸ਼-ਵਿਦੇਸ਼ ਵਿਚ ਹਿੱਤਾਂ ਦੀ ਰਾਖੀ, ਉਨ੍ਹਾਂ ਦੇ ਸਨਮਾਨ, ਧਾਰਮਿਕ, ਰਾਜਨੀਤਕ, ਸਮਾਜਿਕ ਅਧਿਕਾਰਾਂ ਅਤੇ ਸੱਭਿਆਚਾਰ ਦੀ ਸੁਰੱਖਿਆ, ਪੰਜਾਬੀਅਤ ਦੀ ਇਕਜੁੱਟਤਾ ਤੇ ਇਕਸੁਰਤਾ ਲਈ ਸਮੁੱਚੇ ਭਾਈਚਾਰੇ ਨੂੰ ਇਕ ਕੌਮਾਂਤਰੀ ਕੌਂਸਲ ਗਠਿਤ ਕਰਨੀ ਚਾਹੀਦੀ ਹੈ। ਕੈਨੇਡਾ ਵਿਚ 20 ਕੁ ਪੰਜਾਬੀ ਸਾਂਸਦ, ਕਈ ਸੂਬਿਆਂ ਵਿਚ ਵਿਧਾਨਕਾਰ ਹਨ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ, ਮਲੇਸ਼ੀਆ, ਸਿੰਗਾਪੁਰ, ਦੱਖਣੀ ਅਫ਼ਰੀਕਾ, ਕੀਨੀਆ ਤੇ ਇਟਲੀ ਵਿਚ ਸਾਂਸਦ, ਕੌਂਸਲਰ, ਮੇਅਰ ਪਦਾਂ 'ਤੇ ਹਨ। ਸ਼ਾਸਨ ਪ੍ਰਬੰਧ, ਪੁਲਿਸ ਅਤੇ ਫ਼ੌਜ ਵਿਚ ਅੱਛੇ ਪਦਾਂ 'ਤੇ ਹਨ। ਵੱਡੇ ਕਾਰੋਬਾਰੀ, ਟ੍ਰਾਂਸਪੋਰਟਰ, ਕਿਸਾਨ, ਸਨਅਤਕਾਰ, ਡਿਪਲੋਮੈਟ ਤੇ ਵਕੀਲ ਆਦਿ ਹਨ। ਭਾਰਤੀ ਪੰਜਾਬ ਅਤੇ ਦੂਸਰੇ ਸੂਬਿਆਂ ਦੇ ਉੱਘੇ ਪੰਜਾਬੀ ਮਿਲ ਕੇ ਗਲੋਬਲ ਪੰਜਾਬੀ ਪਾਰਲੀਮੈਂਟ ਦਾ ਗਠਨ ਕਰਨ ਆਪਣੀ ਗਿਣਤੀ ਆਧਾਰਤ ਪ੍ਰਤੀਨਿਧਤਾ ਦੇ ਆਧਾਰ 'ਤੇ। ਇਸ ਵੱਲੋਂ ਚੁਣੀ ਕੌਮਾਂਤਰੀ ਪੰਜਾਬੀ ਕੌਂਸਲ ਪੰਜਾਬੀ ਭਾਈਚਾਰੇ ਦੇ ਮਸਲੇ ਹੱਲ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਨਾਲ ਰਾਬਤਾ ਕਰੇ। ਪੰਜਾਬੀ ਭਾਸ਼ਾ, ਸੱਭਿਆਚਾਰ, ਰੀਤੀ-ਰਿਵਾਜ, ਤਿਉਹਾਰ, ਸਿੱਖਿਆ, ਸਿਹਤ, ਸਾਂਝੀਵਾਲਤਾ ਪ੍ਰਤੀ ਧਿਆਨ ਕੇਂਦਰਿਤ ਕਰਨ। ਇਸ ਕੌਂਸਲ ਵਿਚ ਪ੍ਰਬੁੱਧ ਹਿੰਦੂ, ਸਿੱਖ, ਮੁਸਲਿਮ, ਈਸਾਈ ਦਲਿਤ ਪੰਜਾਬੀ ਸ਼ਾਮਲ ਕੀਤੇ ਜਾਣ।

'ਕੌਮਾਂਤਰੀ ਪੰਜਾਬੀ ਕੌਂਸਲ' ਲਹਿੰਦੇ ਪੰਜਾਬ ਦੇ 12 ਕਰੋੜ ਪੰਜਾਬੀਆਂ ਨਾਲ ਵੀ ਤਾਲਮੇਲ ਕਰ ਕੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਇਕਜੁੱਟਤਾ, ਭਾਈਚਰਕ, ਵਪਾਰਕ ਤੇ ਸਮਾਜਿਕ ਸਾਂਝ ਪੈਦਾ ਕਰੇ। ਜੇ ਭਾਰਤ ਗੁਜਰਾਤ, ਮੁੰਬਈ ਬੰਦਰਗਾਹਾਂ ਰਾਹੀਂ ਪਾਕਿਸਤਾਨ ਨਾਲ ਵਪਾਰ ਜਾਰੀ ਰੱਖ ਸਕਦਾ ਹੈ ਤਾਂ ਵਾਹਗਾ, ਹੁਸੈਨੀਵਾਲਾ, ਕਰਤਾਰਪੁਰ ਲਾਂਘਿਆਂ ਰਾਹੀਂ ਕਿਉਂ ਨਹੀਂ? ਦੋਹਾਂ ਪੰਜਾਬ ਦੀ ਨੇਤਾ ਭਾਰਤ ਅਤੇ ਪਾਕਿਸਤਾਨ ਟਕਰਾਅ ਨੂੰ ਸਦੀਵੀ ਤੌਰ 'ਤੇ ਰੋਕਣ ਲਈ ਪੁਲ ਦਾ ਕੰਮ ਕਰ ਸਕਦੀ ਹੈ।

ਅਜੋਕੇ ਪੰਜਾਬ ਦੇ ਫ਼ਿਰਕੂ ਸੋਚ ਵਾਲੇ ਆਗੂ, ਕੇਂਦਰੀ ਸਥਾਪਤ ਨਿਜ਼ਾਮ ਦੇ ਪਿੱਠੂ ਅਕਾਲੀ ਆਗੂ, ਰੈਡੀਕਲ ਸਿੱਖ ਅਨਸਰ, ਵੰਡਿਆ ਹੋਇਆ ਦਲਿਤ ਭਾਈਚਾਰਾ, ਵੰਡਿਆ ਹੋਇਆ ਹਿੰਦੂ ਅਤੇ ਸਿੱਖ ਭਾਈਚਾਰਾ ਪੰਜਾਬ ਦੇ ਮਸਲੇ ਹੱਲ ਨਹੀਂ ਕਰ ਸਕਦੇ। ਅੱਜ ਪੰਜਾਬੀ ਭਾਈਚਾਰੇ ਨੂੰ ਮਜ਼ਬੂਤ ਸਰਬ-ਸਾਂਝੀਵਾਲਤਾ ਨਾਲ ਗੁੰਦ ਕੇ ਨਰੋਈ ਪੰਜਾਬੀ ਪਾਰਟੀ ਗਠਿਤ ਕਰਨੀ ਚਾਹੀਦੀ ਹੈ। ਸੰਨ 2027 ਦੀਆਂ ਵਿਧਾਨ ਸਭਾ ਚੋਣਾਂ ਸਮੂਹ ਪੰਜਾਬੀ ਹਿੰਦੂ, ਸਿੱਖ, ਦਲਿਤ, ਈਸਾਈ ਤੇ ਮੁਸਲਿਮ ਭਾਈਚਾਰਾ ਇਸ ਦੀ ਅਗਵਾਈ ਵਿਚ ਲੜੇ। ਇਕ ਤਾਕਤਵਰ ਸਰਕਾਰ ਗਠਿਤ ਕਰ ਕੇ ਪੰਜਾਬ ਨੂੰ ਕੇਂਦਰੀ ਦਾਬੇ ਤੋਂ ਛੁਟਕਾਰਾ ਦਿਵਾਏ। ਆਪਣੀ ਰਾਜਧਾਨੀ, ਪਾਣੀ, ਪੰਜਾਬੀ ਭਾਸ਼ੀ ਇਲਾਕੇ, ਹੈੱਡਵਰਕਸਾਂ ਅਤੇ ਯੂਨੀਵਰਸਿਟੀ ਦਾ ਪ੍ਰਬੰਧ ਹਾਸਲ ਕਰੇ। 'ਕੌਮਾਂਤਰੀ ਪੰਜਾਬੀ ਕੌਂਸਲ' ਦੀ ਮਦਦ ਲਈ ਜਾ ਸਕਦੀ ਹੈ। ਪੰਜਾਬੀਆਂ ਦੀ ਮਜ਼ਬੂਤ ਇੱਛਾ ਸ਼ਕਤੀ ਵਾਲੀ ਸਰਕਾਰ ਅੱਗੇ ਕੋਈ ਨਹੀਂ ਅੜ ਸਕਦਾ। ਨਾ ਕੇਂਦਰ, ਨਾ ਗੈਂਗਸਟਰਵਾਦ, ਨਾ ਨਸ਼ਾ, ਨਾ ਭ੍ਰਿਸ਼ਟਾਚਾਰ, ਨਾ ਅੱਤਵਾਦ ਜਾਂ ਵੱਖਵਾਦ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਰਣਜੀਤ ਕੰਦੋਲਾ
(2) ਅਵਤਾਰ ਸਿੰਘ ਸਹੋਤਾ
(3) ਇੰਦਰਜੀਤ ਸਿੰਘ, ਹੇਵਰਡ
(4) ਜਸਵੀਰ ਸਿੰਘ ਕੁਲਾਰ
(5) ਗੁਰਚਰਨ ਸਿੰਘ ਮਾਨ
(6) ਡਾ. ਚਰਨਜੀਤ ਸਿੰਘ ਉਪਲ
(7) ਪਰਮਪਾਲ ਸਿੰਘ
(8) ਸ. ਮਹਿੰਗਾ ਸਿੰਘ ਸਰਪੰਚ
(9) ਕੁਲਦੀਪ ਸਿੰਘ ਅਟਵਾਲ
(10) ਸੁਰਜੀਤ ਸਿੰਘ ਅਟਵਾਲ
(11) ਭੁਪਿੰਦਰ ਸਿੰਘ ਪਦਮ
(12) ਡਾ. ਹਰਮੇਸ਼ ਕੁਮਾਰ
(13) ਸੁਰਿੰਦਰ ਸਿੰਘ ਧਨੋਆ
(14) ਕਸ਼ਮੀਰ ਸਿੰਘ ਧੁੱਗਾ
(15) ਬਲਦੇਵ ਸਿੰਘ ਮਾਨ
(16) ਰਾਜ ਬਡਵਾਲ
(17) ਪ੍ਰੋ. ਜਸਪਾਲ ਸਿੰਘ ਸੈਣੀ
(18) ਜਸਵੀਰ ਸਿੰਘ ਤੱਖਰ
(19) ਸੁਖਵਿੰਦਰ ਭੇਲਾ
(20) ਰਵਿੰਦਰ ਪਾਲ
(21) ਅਟਾਰਨੀ ਤਨਵੀਰ ਜੋਸ਼ੀ
(22) ਰੋਜ਼ੀ ਕਮਲ ਕੌਰ
(23) ਦਵਿੰਦਰ ਸਿੰਘ ਪਾਬਲਾ

# ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੌਤ ਦੀ ਸਜ਼ਾ

ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਨੇ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਅਤੇ ਸਾਬਕਾ ਗ੍ਰਹਿ ਮੰਤਰੀ ਅਸਦੁਜਮਾਂ ਖ਼ਾਨ ਕਮਾਲ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਦੋਵੇਂ ਇਸ ਸਮੇਂ ਭਾਰਤ ਵਿੱਚ ਰਹਿ ਰਹੇ ਹਨ। ਫ਼ੈਸਲੇ ਤੋਂ ਬਾਅਦ, ਬੰਗਲਾਦੇਸ਼ ਨੇ ਭਾਰਤ ਤੋਂ ਸ਼ੇਖ ਹਸੀਨਾ ਦੀ ਹਵਾਲਗੀ ਦੀ ਮੰਗ ਕੀਤੀ। ਜਵਾਬ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਨੂੰ ਇਸ ਦੀ "ਜਾਣਕਾਰੀ ਹੈ ਕਿ ਬੰਗਲਾਦੇਸ਼ ਟ੍ਰਿਬਿਊਨਲ ਨੇ ਸ਼ੇਖ਼ ਹਸੀਨਾ ਬਾਰੇ ਇੱਕ ਫ਼ੈਸਲਾ ਸੁਣਾਇਆ ਹੈ।"



ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ, "ਇੱਕ ਨਜ਼ਦੀਕੀ ਗੁਆਂਢੀ ਹੋਣ ਦੇ ਨਾਤੇ, ਭਾਰਤ ਬੰਗਲਾਦੇਸ਼ ਦੇ ਲੋਕਾਂ ਦੇ ਹਿੱਤਾਂ ਲਈ ਵਚਨਬੱਧ ਹੈ, ਜਿਸ ਵਿੱਚ ਸ਼ਾਂਤੀ, ਲੋਕਤੰਤਰ, ਸਮਾਵੇਸ਼ ਅਤੇ ਸਥਿਰਤਾ ਸ਼ਾਮਲ ਹੈ। ਇਸ ਲਈ, ਭਾਰਤ ਹਮੇਸ਼ਾ ਸਾਰੇ ਸਟੇਕਹੋਲਡਰਾਂ ਨਾਲ ਰਚਨਾਤਮਕ ਤੌਰ 'ਤੇ ਜੁੜਦਾ ਰਹੇਗਾ।" ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮਨੁੱਖਤਾ ਵਿਰੁੱਧ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਹੈ ਅਤੇ ਮੌਤ ਦੀ ਸਜ਼ਾ ਸੁਣਾਈ ਗਈ ਹੈ। ਸ਼ੇਖ ਹਸੀਨਾ 'ਤੇ ਪਿਛਲੇ ਸਾਲ ਜੁਲਾਈ-ਅਗਸਤ ਵਿੱਚ ਹੋਏ ਵਿਦਰੋਹ ਦੌਰਾਨ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਇਲਜ਼ਾਮ ਲਗਾਏ ਗਏ ਸਨ। ਸ਼ੇਖ ਹਸੀਨਾ ਵਿਰੁੱਧ ਕੇਸ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿੱਚ ਚਲਾਇਆ ਗਿਆ ਸੀ, ਜੋ ਭਾਰਤ ਵਿੱਚ ਜਲਾਵਤਨ ਰਹਿ ਰਹੇ ਹਨ। 453 ਪੰਨਿਆਂ ਦੇ ਫ਼ੈਸਲੇ ਨੂੰ ਪੜ੍ਹਨ ਤੋਂ ਪਹਿਲਾਂ, ਜਸਟਿਸ ਮੁਹੰਮਦ ਗ਼ੁਲਾਮ ਮੁਰਤਜ਼ਾ ਮਜ਼ੂਮਦਾਰ ਨੇ ਕਿਹਾ ਕਿ ਇਸ ਨੂੰ ਛੇ ਹਿੱਸਿਆਂ ਵਿੱਚ ਸੁਣਾਇਆ ਜਾਵੇਗਾ।

ਉਧਰ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੇ ਢਾਕਾ ਅਦਾਲਤ ਦੇ ਫ਼ੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਨੇ ਅਦਾਲਤ ਦੇ ਫ਼ੈਸਲੇ ਨੂੰ "ਪੱਖਪਾਤੀ ਅਤੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ" ਕਿਹਾ ਹੈ। ਅਦਾਲਤ ਦੇ ਫ਼ੈਸਲੇ ਤੋਂ ਬਾਅਦ, ਸ਼ੇਖ ਹਸੀਨਾ ਦੁਆਰਾ ਪੰਜ ਪੰਨਿਆਂ ਦਾ ਬਿਆਨ ਜਾਰੀ ਕੀਤਾ ਗਿਆ। ਇਸ ਵਿੱਚ ਕਿਹਾ ਗਿਆ ਹੈ, "ਮੌਤ ਦੀ ਸਜ਼ਾ ਅੰਤਰਿਮ ਸਰਕਾਰ ਦਾ ਅਵਾਮੀ ਲੀਗ ਨੂੰ ਇੱਕ ਰਾਜਨੀਤਿਕ ਸ਼ਕਤੀ ਵਜੋਂ ਗ਼ੈਰ-ਕਾਨੂੰਨੀ ਠਹਿਰਾਉਣ ਦਾ ਤਰੀਕਾ ਹੈ।" ਅਵਾਮੀ ਲੀਗ ਸ਼ੇਖ ਹਸੀਨਾ ਦੀ ਪਾਰਟੀ ਹੈ। ਇਸ ਤੋਂ ਪਹਿਲਾਂ, ਸ਼ੇਖ਼ ਹਸੀਨਾ ਨੇ ਮੁਕੱਦਮੇ ਨੂੰ "ਮਜ਼ਾਕ" ਕਿਹਾ ਸੀ ਅਤੇ ਆਪਣੇ ਵਿਰੁੱਧ ਸਾਰੇ ਇਲਜ਼ਾਮਾਂ ਤੋਂ ਇਨਕਾਰ ਕੀਤਾ ਸੀ।

ਉਨ੍ਹਾਂ ਕਿਹਾ ਸੀ, "ਮੈਨੂੰ ਆਪਣੇ ਉੱਤੇ ਲੱਗੇ ਇਲਜ਼ਾਮਾਂ ਦਾ ਸਾਹਮਣਾ ਇੱਕ ਢੁਕਵੇਂ ਟ੍ਰਿਬਿਊਨਲ ਵਿੱਚ ਕਰਨ ਵਿੱਚ ਕੋਈ ਡਰ ਨਹੀਂ ਹੈ, ਜਿੱਥੇ ਸਬੂਤਾਂ ਦਾ ਨਿਰਪੱਖ ਮੁਲਾਂਕਣ ਅਤੇ ਜਾਂਚ ਕੀਤੀ ਜਾ ਸਕਦੀ ਹੈ।" ਉਨ੍ਹਾਂ ਨੇ ਅੰਤਰਿਮ ਸਰਕਾਰ ਨੂੰ ਹੇਗ ਵਿੱਚ ਮੌਜੂਦ ਅੰਤਰਰਾਸ਼ਟਰੀ ਅਪਰਾਧਿਕ ਅਦਾਲਤ ਦੇ ਸਾਹਮਣੇ ਇਨ੍ਹਾਂ ਇਲਜ਼ਾਮਾਂ ਨੂੰ ਲੈ ਕੇ ਆਉਣ ਦੀ ਚੁਣੌਤੀ ਦਿੱਤੀ ਸੀ।

ਜੂਨ ਵਿੱਚ ਇਸਤਗਾਸਾ ਪੱਖ ਨੇ ਬੰਗਲਾਦੇਸ਼ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਿੱਚ ਸ਼ੇਖ਼ ਹਸੀਨਾ ਸਣੇ ਤਿੰਨ ਵਿਅਕਤੀਆਂ ਵਿਰੁੱਧ ਅਧਿਕਾਰਤ ਤੌਰ 'ਤੇ ਪੰਜ ਇਲਜ਼ਾਮ ਦਾਇਰ ਕੀਤੇ ਸਨ। ਇਸ ਦੇ ਆਧਾਰ 'ਤੇ ਟ੍ਰਿਬਿਊਨਲ ਨੇ ਸ਼ੇਖ਼ ਹਸੀਨਾ ਅਤੇ ਸਾਬਕਾ ਗ੍ਰਹਿ ਮੰਤਰੀ ਅਸਦੁਜਮਾਂ ਖ਼ਾਨ ਕਮਾਲ ਖ਼ਿਲਾਫ਼ ਗ੍ਰਿਫਤਾਰੀ ਵਾਰੰਟ ਵੀ ਜਾਰੀ ਕੀਤੇ ਸਨ।

ਪਿਛਲੇ ਸਾਲ ਬੰਗਲਾਦੇਸ਼ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੌਰਾਨ ਕਈ ਹਿੰਸਕ ਘਟਨਾਵਾਂ ਵਾਪਰੀਆਂ। ਉਸ ਵੇਲੇ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ 'ਤੇ ਇਲਜ਼ਾਮ ਲੱਗੇ ਕਿ ਮਨੁੱਖਤਾ ਦੇ ਖ਼ਿਲਾਫ਼ ਇਨ੍ਹਾਂ ਅਪਰਾਧਾਂ ਵਿੱਚ ਉਨ੍ਹਾਂ ਦਾ ਹੱਥ ਹੈ। ਇਸ ਅੰਦੋਲਨ ਕਾਰਨ ਸ਼ੇਖ਼ ਹਸੀਨਾ ਦੀ ਸੱਤਾ ਚਲੀ ਗਈ ਅਤੇ ਉਨ੍ਹਾਂ ਨੂੰ ਅਗਸਤ 2024 ਵਿੱਚ ਦੇਸ਼ ਛੱਡ ਕੇ ਭੱਜਣ ਲਈ ਮਜਬੂਰ ਹੋਣਾ ਪਿਆ। ਉਹ ਉਦੋਂ ਤੋਂ ਭਾਰਤ ਵਿੱਚ ਰਹਿ ਰਹੇ ਹਨ।

# ਸਿਹਤਯਾਬ ਹੋ ਰਿਹਾ ਹੈ ਅਦਾਕਾਰ ਧਰਮਿੰਦਰ

ਬਜ਼ੁਰਗ ਅਦਾਕਾਰ ਧਰਮਿੰਦਰ 12 ਨਵੰਬਰ ਨੂੰ ਮੌਤ ਨੂੰ ਮਾਤ ਦੇ ਕੇ ਹਸਪਤਾਲ ਤੋਂ ਘਰ ਪਰਤੇ। ਲੰਬੇ ਸਮੇਂ ਤੋਂ ਖਰਾਬ ਸਿਹਤ ਕਾਰਨ ਹਸਪਤਾਲ ਵਿੱਚ ਭਰਤੀ ਧਰਮਿੰਦਰ



ਦੀ ਸਿਹਤ ਬਾਰੇ ਇੱਕ ਤਾਜ਼ਾ ਅਪਡੇਟ ਇਸ ਸਮੇਂ ਸਾਹਮਣੇ ਆ ਰਹੀ ਹੈ, ਜੋ ਉਨ੍ਹਾਂ ਦੇ ਪ੍ਰਸ਼ੰਸਕਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਲਿਆਵੇਗੀ। ਲਗਪਗ 8 ਦਿਨਾਂ ਤੱਕ ਘਰ ਵਿੱਚ ਇਲਾਜ ਕਰਵਾਉਣ ਤੋਂ ਬਾਅਦ, ਹੁਣ ਖ਼ਬਰਾਂ ਆ ਰਹੀਆਂ ਹਨ ਕਿ ਧਰਮਿੰਦਰ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ ਅਤੇ ਉਹ ਹੌਲੀ-ਹੌਲੀ ਠੀਕ ਹੋ ਰਹੇ ਹਨ। ਆਓ ਇਸ ਮਾਮਲੇ ਨੂੰ ਥੋੜ੍ਹਾ ਹੋਰ ਵਿਸਥਾਰ ਵਿੱਚ ਵੇਖੀਏ-

### ਧਰਮਿੰਦਰ ਦੀ ਸਿਹਤ ਹੁਣ ਕਿਵੇਂ ਹੈ?

ਧਰਮਿੰਦਰ ਦਾ ਨਾਮ ਹਾਲ ਹੀ ਦੇ ਦਿਨਾਂ ਵਿੱਚ ਉਨ੍ਹਾਂ ਦੀ ਖਰਾਬ ਸਿਹਤ ਕਾਰਨ ਬਹੁਤ ਖ਼ਬਰਾਂ ਵਿੱਚ ਰਿਹਾ ਹੈ। ਹੁਣ, ਉਨ੍ਹਾਂ ਦੀ ਸਿਹਤ ਬਾਰੇ ਤਾਜ਼ਾ ਅਪਡੇਟ ਸਾਹਮਣੇ ਆ ਰਿਹਾ ਹੈ, ਜੋ ਉਨ੍ਹਾਂ ਦੀ ਮੌਜੂਦਾ ਸਿਹਤ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇੱਕ ਰਿਪੋਰਟ ਦੇ ਅਨੁਸਾਰ, ਧਰਮਿੰਦਰ ਦੀ ਹਾਲਤ ਇਸ ਸਮੇਂ ਪਹਿਲਾਂ ਨਾਲੋਂ ਬਿਹਤਰ ਦੱਸੀ ਜਾ ਰਹੀ ਹੈ। ਉਨ੍ਹਾਂ ਦੀ ਵਿਗੜਦੀ ਸਿਹਤ ਵਿੱਚ ਹੌਲੀ-ਹੌਲੀ ਸੁਧਾਰ ਹੋ ਰਿਹਾ ਹੈ, ਜੋ ਕਿ ਉਨ੍ਹਾਂ ਦੇ ਪ੍ਰਸ਼ੰਸਕਾਂ ਅਤੇ ਪਰਿਵਾਰ ਲਈ ਚੰਗੀ ਖ਼ਬਰ ਹੈ।

ਹਾਲਾਂਕਿ, ਉਨ੍ਹਾਂ ਨੂੰ ਪੂਰੀ ਤਰ੍ਹਾਂ ਠੀਕ ਹੋਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਇਹ ਧਰਮਿੰਦਰ ਦੀ ਸਿਹਤ ਬਾਰੇ ਤਾਜ਼ਾ ਰਿਪੋਰਟ ਹੈ। ਇਸ ਤੋਂ ਪਹਿਲਾਂ 31 ਅਕਤੂਬਰ ਨੂੰ ਸਾਹ ਲੈਣ ਵਿੱਚ ਤਕਲੀਫ਼ ਦੇ ਕਾਰਨ ਹਿੰਦੀ ਸਿਨੇਮਾ ਦੇ ਹੀ-ਮੈਨ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿੱਥੇ ਉਨ੍ਹਾਂ ਦਾ 10 ਦਿਨਾਂ ਤੋਂ ਵੱਧ ਸਮੇਂ ਤੱਕ ਇਲਾਜ ਚੱਲਿਆ।

10 ਨਵੰਬਰ ਨੂੰ ਅਦਾਕਾਰ ਦੀ ਸਿਹਤ ਵਿਗੜ ਗਈ ਅਤੇ ਦੇਸ਼ ਭਰ ਵਿੱਚ ਉਨ੍ਹਾਂ ਦੀ ਤੰਦਰੁਸਤੀ ਲਈ ਪ੍ਰਾਰਥਨਾਵਾਂ ਹੋਣ ਲੱਗੀਆਂ। ਧਰਮਿੰਦਰ ਦੇ ਪ੍ਰਸ਼ੰਸਕਾਂ ਦੀਆਂ ਪ੍ਰਾਰਥਨਾਵਾਂ ਦਾ ਧੰਨਵਾਦ ਹੈ ਕਿ ਉਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਵਿੱਚ ਮੌਤ ਨੂੰ ਹਰਾ ਕੇ ਘਰ ਵਾਪਸ ਆ ਗਏ ਹਨ।

### ਮੌਤ ਦੀ ਝੂਠੀ ਖ਼ਬਰ ਫੈਲੀ

ਇਨ੍ਹਾਂ ਸਾਰਿਆਂ ਵਿੱਚੋਂ ਸਭ ਤੋਂ ਹੈਰਾਨ ਕਰਨ ਵਾਲੀ ਘਟਨਾ ਧਰਮਿੰਦਰ ਦੀ ਮੌਤ ਦੀ ਝੂਠੀ ਖ਼ਬਰ ਸੀ। ਦਰਅਸਲ, 11 ਨਵੰਬਰ ਨੂੰ, ਅਫਵਾਹਾਂ ਤੇਜ਼ੀ ਨਾਲ ਫੈਲ ਗਈਆਂ ਕਿ ਧਰਮਿੰਦਰ ਹੁਣ ਨਹੀਂ ਰਹੇ।

ਹਾਲਾਂਕਿ ਧਰਮਿੰਦਰ ਦੀ ਪਤਨੀ ਹੇਮਾ ਮਾਲਿਨੀ ਅਤੇ ਧੀ ਆਇਸ਼ਾ ਦਿ ਲ ਨੇ ਤੁਰੰਤ ਇਸ ਖ਼ਬਰ ਦਾ ਖੰਡਨ ਕੀਤਾ। ਇਸ ਤੋਂ ਬਾਅਦ, ਬ੍ਰੀਚ ਕੈਂਡੀ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਵੀ ਕਿਹਾ ਕਿ ਧਰਮਿੰਦਰ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ।




‘ਪਰਦੇਸ ਟਾਇਮਜ਼’ ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: **510-938-7771** **shaadi@pardestimes.com**

## ਵਰ ਦੀ ਲੋੜ

ਸਿੱਖ ਵੈਸ਼ਨੋ ਲੜਕੀ, ਅਮਰੀਕਾ ਦਾ ਗ੍ਰੀਨ ਪਰਮਿਟ, 34 ਸਾਲ ਉਮਰ, ਕੱਦ 5 ਫੁੱਟ 2 ਇੰਚ, ਕੈਲੇਫੋਰਨੀਆ ਵਾਸੀ ਲਈ ਪ੍ਰੋਫੈਸ਼ਨਲ ਖੇਤਰ ਦੇ ਲੜਕੇ ਦੀ ਲੋੜ ਹੈ। ਨਾਗਰਿਕ ਨੂੰ ਤਰਜੀਹ। ਜਾਤੀ ਦਾ ਫਰਕ ਨਹੀਂ।
ਸੰਪਰਕ ਕਰੋ: 916-579-1475

## ਲੜਕੀ ਦੀ ਲੋੜ

ਗੁਰਸਿੱਖ ਰਾਮਗੜ੍ਹੀਆ ਲੜਕਾ ਦਿਲਸ਼ੇਰ ਸਿੰਘ (SAHNS), ਜਨਮ ਸਤੰਬਰ 1994, ਨਾਨਕਿਆਂ ਦਾ ਗੋਤ ਮਠਾਰੂ, ਕੱਦ 5 ਫੁੱਟ 10 ਇੰਚ, ਅਮਰੀਕੀ ਨਾਗਰਿਕ, BACHELOR OR SCIENCE IN MECHANICAL ENGINEERING MANAGEME ਦੀ ਸਿੱਖਿਆ ਪ੍ਰਾਪਤ, ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ ਕਰੋ: singhkulwant4434@yahoo.com

## ਲੜਕੀ ਦੀ ਲੋੜ

ਅਮਰੀਕਾ ਦਾ ਜੰਮਪਲ, 27 ਸਾਲਾ, ਕੱਦ 6 ਫੁੱਟ 1 ਇੰਚ, ਸਿੱਖ (ਰਾਮਗੜ੍ਹੀਆ), Bachelor in Biochemistry n Molecular Biology, Masters in Bioinformatics, ਸਾਇੰਟਿਸਟ ਲਈ ਪੜ੍ਹੀ-ਲਿਖੀ, ਸੁੰਦਰ ਲੜਕੀ ਦੀ ਲੋੜ ਹੈ। ਸੰਪਰਕ ਕਰੋ: (510) 774-7006 ਜਾਂ (510) 485-1133

## ਲੜਕੀ ਦੀ ਲੋੜ

27 ਸਾਲਾ ਲੜਕਾ, ਕੱਦ 5 ਫੁੱਟ 7 ਇੰਚ, ਸ਼ਰਾਬ ਸਿਗਰਟਨੋਸ਼ੀ ਰਹਿਤ, Bachelor's in physiotherapy, ਇਸ ਵਕਤ ਲੈਥਰੋਪ (ਕੈਲੇਫੋਰਨੀਆ) ਰਹਿ ਰਿਹਾ ਹੈ। ਗ੍ਰੀਨ ਕਾਰਡ ਹੋਲਡਰ, ਆਪਣਾ ਘਰ, ਲਈ ਪੜ੍ਹੀ-ਲਿਖੀ ਅਤੇ ਚੰਗੇ ਪਰਿਵਾਰਕ ਮਾਹੌਲ ਦੀ ਲੜਕੀ ਦੀ ਲੋੜ ਹੈ।
ਸੰਪਰਕ ਕਰੋ: 510-434-4263

## ਲੜਕੀ ਦੀ ਲੋੜ

ਬਹੁਤ ਹੀ ਸੋਹਣਾ ਸੁਨੱਖਾ ਲੜਕਾ, ਉਮਰ 33 ਸਾਲ, ਕੱਦ 6 ਫੁੱਟ, ਸੰਗਰ ਗੋਤ, ਨਰਸਿੰਗ ਪਾਸ, ਕੈਲੇਫੋਰਨੀਆ ’ਚ ਗੈਸ ਸਟੇਸ਼ਨ ਤੇ ਹੋਰ ਸਟੋਰਾਂ ਦਾ ਮਾਲਕ, ਲਈ ਬਰਾਬਰ ਦੀ ਪੜ੍ਹਾਈ ਵਾਲੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੁਰਜੀਤ ਜੀ ਨੂੰ 707-291-2901 ਤੇ ਸੰਪਰਕ ਕਰੋ ਜੀ।

## ਲੜਕੀ ਦੀ ਲੋੜ

31 ਸਾਲਾ ਰਾਮਗੜ੍ਹੀਆ ਸਿੱਖ ਸਿਟੀਜ਼ਨ, ਕੱਦ 5 ਫੁੱਟ 8 ਇੰਚ, ਸੋਹਣਾ-ਸੁਨੱਖਾ, ਬੀ. ਐਸ.: ਹੈਲਥ ਸਾਇੰਸ, ਐਮਰਜੈਂਸੀ ਰੂਮ ਟੈਕਨੀਸ਼ੀਅਨ, ਕੈਲੇਫੋਰਨੀਆ ਦੇ ਬੇਅ-ਏਰੀਆ ’ਚ ਰਹਿੰਦੇ ਲੜਕੇ ਲਈ ਖ਼ੂਬਸੂਰਤ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਪਿਤਾ ਹਰਮਿੰਦਰ ਸਿੰਘ ਲੱਲ ਨਾਲ 510-468-5436 ’ਤੇ ਸੰਪਰਕ ਕਰੋ।

## ਵਰ ਦੀ ਲੋੜ

36 ਸਾਲਾ, ਤਲਾਕਸ਼ੁਦਾ, ਚੰਡੀਗੜ੍ਹ ਦੀ ਰਹਿਣ ਵਾਲੀ, (ਨਾਂ ਅਮਨਪ੍ਰੀਤ ਕੌਰ) ਮਾਪੇ ਕੈਲੇਫੋਰਨੀਆ ਰਹਿ ਰਹੇ ਹਨ, ਲਈ ਪੜ੍ਹਿਆ-ਲਿਖਿਆ, ਅਮਰੀਕਾ ਸੈਟਲਡ, ਸਿਗਰਟਨੋਸ਼ੀ ਤੋਂ ਦੂਰ, ਚੰਗੇ ਪਰਿਵਾਰ ਦੇ ਲੜਕੇ ਦੀ ਲੋੜ ਹੈ। ਸੰਪਰਕ ਕਰੋ: ਵਟਸਐਪ 91-79734-381880, +1 (408) 422, 8585 (ਵਟਸਐਪ)

# ਫੌਜੀ ਨੇ ਆਪਣੀ ਸੱਸ ਅਤੇ ਪਤਨੀ ਦਾ ਕੀਤਾ ਕਤਲ

ਗੁਰਦਾਸਪੁਰ- ਘਰੇਲੂ ਝਗੜੇ ਦੇ ਚੱਲਦਿਆਂ ਗੁਰਦਾਸਪੁਰ ਨਿਵਾਸੀ ਇੱਕ ਸਾਬਕਾ ਫੌਜੀ ਵੱਲੋਂ ਥਾਣਾ ਦੋਰਾਂਗਲਾ ਅਧੀਨ ਪਿੰਡ ਖੁੱਥੀ ਵਿਖੇ ਆਪਣੇ ਸਹੁਰੇ ਘਰ ਜਾ ਕੇ ਪਹਿਲਾਂ ਆਪਣੀ ਪਤਨੀ ਅਤੇ ਸੱਸ ਦਾ ਸਰਕਾਰੀ ਏਕੇ-47 ਰਾਈਫਲ ਨਾਲ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਦੇ ਘੇਰੇ ਵਿੱਚ ਘਿਰ ਜਾਣ ਤੇ ਉਸਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਹੈ ਕਿ ਮੁਲਜ਼ਮ ਦਾ ਆਪਣੀ ਪਤਨੀ ਨਾਲ ਲੰਬੇ ਸਮੇਂ ਤੋਂ ਝਗੜਾ ਚੱਲ ਰਿਹਾ ਸੀ ਜਿਸ ਕਾਰਨ ਉਹ ਆਪਣੇ ਪੇਕੇ ਘਰ ਰਹਿ ਰਹੀ ਸੀ। ਮੁਲਜ਼ਮ ਉਸਨੂੰ ਫੋਨ 'ਤੇ ਧਮਕੀਆਂ ਦੇ ਰਿਹਾ ਸੀ ਪਰ ਪਰਿਵਾਰ ਨੂੰ ਉਮੀਦ ਨਹੀਂ ਸੀ ਕਿ ਉਹ ਇੰਨਾ ਸਖ਼ਤ ਕਦਮ ਚੁੱਕੇਗਾ। ਇਸ ਘਟਨਾ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਭੇਜ ਦਿੱਤਾ ਹੈ। ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਅਕਵਿੰਦਰ ਕੌਰ ਦੀ ਭੈਣ ਪਰਮਿੰਦਰ ਕੌਰ ਨੇ ਦੱਸਿਆ ਕਿ ਮੁਲਜ਼ਮ ਗੁਰਪ੍ਰੀਤ ਸਿੰਘ ਫੌਜ ਤੋਂ ਸੇਵਾਮੁਕਤ ਹੋਣ ਤੋਂ ਬਾਅਦ ਪੇਸਕੋ ਸਕਿਊਰਟੀ ਵਿੱਚ ਕੇਂਦਰੀ ਜੇਲ੍ਹ ਵਿੱਚ ਤੈਨਾਤ ਸੀ। ਉਸਦੀ ਭੈਣ ਦਾ ਵਿਆਹ 2016 ਵਿੱਚ ਗੁਰਪ੍ਰੀਤ ਸਿੰਘ ਨਾਲ ਹੋਇਆ ਸੀ। ਉਹ ਉਸਨੂੰ ਲੰਬੇ ਸਮੇਂ ਤੋਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਸੀਹੇ ਦੇ ਰਿਹਾ ਸੀ। ਇਸ ਮਾਮਲੇ ਦੀ ਸ਼ਿਕਾਇਤ ਪੁਲਿਸ ਨੂੰ ਕਈ ਵਾਰ ਦਿੱਤੀ ਗਈ ਸੀ ਪਰ ਉਹ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆਇਆ। ਉਸਦੀ ਭੈਣ ਪ੍ਰਤੀ ਉਸਦਾ ਵਿਵਹਾਰ ਵਿਗੜਦਾ ਗਿਆ। ਉਸਨੇ ਦੱਸਿਆ ਕਿ 2020 ਵਿੱਚ ਉਸਦੇ ਭਰਾ ਦੀ ਮੌਤ ਤੋਂ ਬਾਅਦ ਉਸਦੀ ਮਾਂ ਘਰ ਵਿੱਚ ਇਕੱਲੀ ਰਹਿ ਗਈ ਸੀ। ਇਸ ਲਈ ਅਕਵਿੰਦਰ ਕੌਰ 2020 ਤੋਂ ਆਪਣੀ ਮਾਂ ਗੁਰਜੀਤ ਕੌਰ ਨਾਲ ਰਹਿ ਰਹੀ ਸੀ। ਮੁਲਜ਼ਮ ਉਸਨੂੰ ਫੋਨ 'ਤੇ ਧਮਕੀਆਂ ਦੇ ਰਿਹਾ ਸੀ। ਉਨ੍ਹਾਂ ਦਾ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਸੀ। ਉਨ੍ਹਾਂ ਨੂੰ ਅੰਦਾਜ਼ਾ ਨਹੀਂ ਸੀ ਕਿ ਉਹ ਇੰਨਾ ਘਿਨਾਉਣਾ ਅਪਰਾਧ ਕਰੇਗਾ। ਉਸਨੇ ਕਿਹਾ ਕਿ ਮੁਲਜ਼ਮ ਸਵੇਰੇ 3 ਵਜੇ ਦੇ ਕਰੀਬ ਉਸਦੀ ਭੈਣ ਦੇ ਘਰ ਪਹੁੰਚਿਆ। ਉਹ ਕੰਧ ਟੱਪ ਕੇ ਉਸਨੂੰ ਆਵਾਜ਼ਾਂ ਮਾਰਨ ਲੱਗਾ। ਜਦੋਂ ਉਸਦੀ ਭੈਣ ਨੇ ਦਰਵਾਜ਼ਾ ਖੋਲ੍ਹਿਆ ਤਾਂ ਉਸਨੇ ਉਸਨੂੰ ਦੋ ਗੋਲੀਆਂ ਮਾਰੀਆਂ, ਫਿਰ ਉਸਨੇ ਉਸਦੀ ਮਾਂ ਨੂੰ ਵੀ ਗੋਲੀ ਮਾਰ ਦਿੱਤੀ ਅਤੇ ਮੌਕੇ ਤੋਂ ਭੱਜ ਗਿਆ। ਉਸਨੇ ਕਿਹਾ ਕਿ ਮੁਲਜ਼ਮ ਦਾ ਇੰਪਰੂਵਮੈਂਟ ਟਰੱਸਟ ਸਕੀਮ ਨੰਬਰ 7 ਵਿੱਚ ਇੱਕ ਫਲੈਟ ਸੀ। ਵਾਰਦਾਤ ਤੋਂ ਬਾਅਦ ਉਹ ਉੱਥੇ ਲੁਕ ਗਿਆ। ਪੁਲਿਸ ਨੇ ਉਸਨੂੰ ਆਤਮ ਸਮਰਪਣ ਕਰਨ ਲਈ ਕਿਹਾ, ਪਰ ਉਸਨੇ ਇਨਕਾਰ ਕਰ ਦਿੱਤਾ ਅਤੇ ਆਪਣੇ ਆਪ ਨੂੰ ਗੋਲੀ ਮਾਰ ਲਈ।

# ਨਾਂ ਦੀ ਤਬਦੀਲੀ

My name is SUKHJINDER KAUR SANDHU. My previous Indian passport had my previous husband's name INDERPAL SINGH SANDHU so I got it removed. After my divorce, I changed my name from SUKHJINDER KAUR.

INDERPAL SINGH SANDHU to SUKHJINDER KAUR SANDHU. All my documents have my name as SUKHJINDER KAUR SANDHU

# ਗੁਰੂ ਦੇ ਸਨਮੁੱਖ ਸ਼ਹਾਦਤ ਦਾ ਜਾਮ ਪੀਣ ਵਾਲੇ

ਲਖਵਿੰਦਰ ਸਿੰਘ ਰੈਨਾ

ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਦੋਵੇਂ ਸਕੇ ਭਰਾ ਸਨ। ਇਨ੍ਹਾਂ ਦੇ ਪਿਤਾ ਭਾਈ ਨੰਦ ਲਾਲ (ਭਾਈ ਹੀਰਾ ਨੰਦ) ਜੀ ਪਿੰਡ ਕਰਿਆਲਾ ਜ਼ਿਲ੍ਹਾ ਜੇਹਲਮ ਦੇ ਨਿਵਾਸੀ ਸਨ। ਇਸ ਪਰਿਵਾਰ ਦੇ ਪੁਰਖੇ ਭਾਈ ਗੌਤਮ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੇਲੇ ਹੀ ਸਿੱਖ ਬਣ ਗਏ ਸਨ, ਜਿਸ ਕਰਕੇ ਇਸ ਪਰਿਵਾਰ ਦਾ ਪ੍ਰੇਮ ਭਾਵ ਤੇ ਆਸਥਾ ਭਰਪੂਰ ਪਰਿਪੱਕ ਨਾਤਾ ਕਈ ਪੀੜ੍ਹੀਆਂ ਪਹਿਲਾਂ ਹੀ ਸਿੱਖੀ ਨਾਲ ਚੱਲਦਾ ਆ ਰਿਹਾ ਸੀ।

ਜਦੋਂ ਭਾਈ ਮੱਖਣ ਸ਼ਾਹ ਨੇ ਬਕਾਲੇ (ਬਾਬਾ ਬਕਾਲਾ ਸਾਹਿਬ) ਦੀ ਧਰਤੀ 'ਤੇ ਤੇਗ ਬਹਾਦਰ ਜੀ ਨੂੰ ਅਸਲ ਗੁਰੂ (ਨੌਵੇਂ ਗੁਰੂ) ਦੇ ਰੂਪ ਵਿੱਚ ਸਿੱਖ ਸੰਗਤਾਂ ਦੇ ਸਨਮੁੱਖ ਪੇਸ਼ ਕਰਕੇ 'ਸਾਚੋ ਗੁਰ ਲਾਧੋ ਰੇ' ਦਾ ਹੋਕਾ ਦੇ ਦਿੱਤਾ ਤਾਂ ਸੱਚੇ ਗੁਰੂ ਸਬੰਧੀ ਪਾਏ ਜਾ ਰਹੇ ਭਰਮ ਭਲੇਖੇ ਦੂਰ ਹੋ ਜਾਣ ਕਾਰਨ ਦੂਰੋਂ ਨੇੜਿ ' ਬਹੁਤ ਸਾਰੀਆਂ ਸੰਗਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨਾਂ ਨੂੰ ਬਕਾਲੇ ਢੁੱਕਣ ਲੱਗੀਆਂ। ਇਹ ਦੋਵੇਂ ਭਰਾ (ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ) ਵੀ ਦਰਸ਼ਨਾਂ ਨੂੰ ਆਏ ਤਾਂ ਇਹ ਗੁਰੂ ਘਰ ਦੇ ਬਣ ਕੇ ਹੀ ਰਹਿ ਗਏ। ਗੁਰੂ ਘਰ ਦੀ ਟਹਿਲ ਸੇਵਾ ਵਿੱਚ ਇਨ੍ਹਾਂ ਦੋਵਾਂ ਭਰਾਵਾਂ ਨੇ ਮਨੋਂ ਤਨੋਂ ਸੇਵਾ ਭਾਵਨਾ ਨੂੰ ਏਨਾਂ





ਸਮਰਪਿਤ ਹੋ ਕੇ ਵਿਚਰਨਾ ਸ਼ੁਰੂ ਕਰ ਦਿੱਤਾ ਕਿ ਇਹ ਗੁਰੂ ਜੀ ਦੇ ਖਾਸਮਖਾਸ ਵਿਸ਼ਵਾਸ ਪਾਤਰ ਸਿੱਖਾਂ ਵਿੱਚ ਸ਼ੁਮਾਰ ਹੋ ਗਏ। ਗੁਰੂ ਘਰ ਵੱਲੋਂ ਭਾਈ ਮਤੀ ਦਾਸ ਜੀ ਨੂੰ ਗੁਰੂ ਘਰ ਦੇ ਦੀਵਾਨ ਵਜੋਂ ਜ਼ਿੰਮੇਵਾਰੀ ਵੀ ਸੌਂਪ ਦਿੱਤੀ ਗਈ;

ਭਾਈ ਮਤੀ ਦਾਸ ਗੁਰੂ ਕੋ ਦੀਵਾਨ,
ਸਿੱਖੀ ਮੇਂ ਪੂਰਨ ਪ੍ਰਮਾਨ।
(ਕ੍ਰਿਤ ਸਰੂਪ ਦਾਸ ਭੱਲਾ/ਸਰੂਪ ਚੰਦ 'ਕ੍ਰਿਤ ਮਹਿਮਾ ਪ੍ਰਕਾਸ਼') ਅਨੁਸਾਰ

ਭਾਈ ਮਤੀ ਦਾਸ ਜੀ ਨੂੰ ਪੂਰਨ ਸਿੱਖ ਵਜੋਂ ਵੀ ਸਤਿਕਾਰਿਆ ਜਾਂਦਾ ਸੀ।

ਭਾਈ ਸਤੀ ਦਾਸ ਜੀ ਨੂੰ ਵਿਦਵਾਨ ਤੇ ਫ਼ਾਰਸੀ ਤੇ ਹੋਰ ਭਾਸ਼ਾਵਾਂ ਦੇ ਵਧੀਆ ਗਿਆਨਵਾਨ ਹੋਣ ਕਰਕੇ ਗੁਰੂ ਘਰ ਵਿੱਚ ਪੜ੍ਹਨ ਲਿਖਣ (ਪੱਤਰ ਵਿਵਹਾਰ ਕਰਨ) ਅਤੇ ਗੁਰੂ ਸਾਹਿਬ ਵੱਲੋਂ ਉਚਾਰੀ ਜਾਂਦੀ ਬਾਣੀ ਦਾ ਉਤਾਰਾ ਕਰਨ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਵੀ ਮਿਲੀ ਹੋਈ ਸੀ।

ਬਾਣੀ ਜੋ ਸਾਹਿਬ ਕਰਨ ਉਚਾਰ।
ਸੋ ਸਤੀ ਦਾਸ ਨਿੱਤ ਕਰੇ।
ਫ਼ਾਰਸੀ ਅੱਖਰਾਂ ਵਿੱਚ ਉਤਾਰ' –(ਭਾਈ ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ)

ਭਾਈ ਦਿਆਲਾ ਦਾਸ ਜੀ ਦਾ ਜਨਮ ਬਾਬਾ ਮਾਈਦਾਸ ਜੀ ਦੇ ਘਰ ਮਾਂ ਮਾਧੁਰੀ ਜੀ ਦੀ ਕੁੱਖੋਂ ਪਿੰਡ ਅਲੀਪੁਰ ਜ਼ਿਲ੍ਹਾ ਮੁਜ਼ੱਫਰਗੜ੍ਹ ਵਿੱਚ ਹੋਇਆ। ਭਾਈ ਦਿਆਲਾ ਜੀ ਉਸ ਸਿੱਖ ਪਰਿਵਾਰ/ ਖਰਮਾਦੇ ਵਿੱਚੋਂ ਸਨ ਜਿਸ ਪਰਿਵਾਰ ਦੇ ਗਿਆਰਾਂ ਪੁੱਤਰ ਸਮੇਂ ਸਮੇਂ ਸਿੱਖੀ ਲਈ ਕੁਰਬਾਨੀ ਦੇਣ ਹਿੱਤ ਅੱਗੇ ਆਉਂਦੇ ਰਹੇ। ਭਾਈ ਦਿਆਲਾ ਜੀ ਨੇ ਵੀ ਆਪਣੇ ਆਪ ਨੂੰ ਸਿੱਖੀ ਤੇ ਸੇਵਾ ਭਾਵਨਾ ਨੂੰ ਪੂਰਾ ਅਰਪਣ ਕੀਤਾ ਹੋਇਆ ਸੀ। ਭਾਈ ਸਾਹਿਬ ਗੁਰੂ ਘਰ ਦੇ ਬਹੁਤ ਹੀ ਇਤਬਾਰੀ ਸਿੱਖਾਂ ਵਿੱਚੋਂ ਸਨ। ਪਟਨਾ ਸਾਹਿਬ ਵਿਖੇ ਸੁਸ਼ੋਭਿਤ ਗੁਰੂ ਤੇਗ ਬਹਾਦਰ ਜੀ ਵੱਲੋਂ ਜਾਰੀ ਕੀਤੇ ਇੱਕ ਹੁਕਮਨਾਮੇ ਵਿੱਚ ਸਿੱਖ ਸੰਗਤਾਂ ਨੂੰ ਆਦੇਸ਼ ਕੀਤਾ ਵੀ ਮਿਲਦਾ ਹੈ;

ਭਾਈ ਦਿਆਲ ਦਾਸ ਕਹੇ
ਸੰਗਤ, ਸਤਿਗੁਰ ਕਾ ਹੁਕਮ ਕਰਿ ਮੰਨਣਾ।

***

ਭਾਈ ਦਿਆਲ ਦਾਸ ਗੁਰੂ ਕਾ ਪੁਤੁ ਹਹਿ
ਗੁਰਪੁਰਬ ਕੀ ਕਾਰ ਭਾਈ ਦਿਆਲ ਦਾਸ ਦੇ ਹਵਾਲੇ ਹੈ।

ਉਕਤ ਇਬਾਰਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਭਾਈ ਦਿਆਲਾ ਜੀ ਨੇ ਸਿੱਖੀ ਨੂੰ ਕਿੰਨਾ ਕਮਾਇਆ ਹੋਇਆ ਸੀ ਤੇ ਉਹ ਗੁਰੂ ਸਾਹਿਬ ਦੇ ਬਹੁਤ ਹੀ ਪਿਆਰੇ ਸਿੱਖਾਂ ਵਿੱਚੋਂ ਸਨ। ਭਾਈ ਦਿਆਲਾ ਜੀ, ਭਾਈ ਮਤੀ ਦਾਸ ਤੇ ਭਾਈ ਸਤੀ ਦਾਸ ਜੀ ਨੂੰ ਗੁਰੂ ਸਾਹਿਬ ਦੇ ਹਜ਼ੂਰੀ ਸਿੱਖਾਂ ਵਜੋਂ ਵੀ ਜਾਣਿਆ ਜਾਂਦਾ ਸੀ।

ਜਦੋਂ ਵੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਧਰਮ ਪ੍ਰਚਾਰ ਕਰਨ ਹਿੱਤ ਦੇਸ਼ ਦੇ ਵੱਖ ਵੱਖ ਵੱਖ ਭਾਗਾਂ ਵਿੱਚ ਜਾਂਦੇ ਤਾਂ ਜ਼ਿਆਦਾ ਕਰਕੇ ਇਹ ਤਿੰਨੋਂ ਹਜ਼ੂਰੀ ਸਿੱਖ (ਭਾਈ ਦਿਆਲਾ ਜੀ, ਭਾਈ ਮਤੀ ਦਾਸ ਤੇ ਭਾਈ ਸਤੀ ਜੀ) ਵੀ ਗੁਰੂ ਸਾਹਿਬ ਦੇ ਨਾਲ ਨਾਲ ਹੀ ਰਹਿੰਦੇ ਸਨ, ਪਰ ਅਸਾਮ ਵੱਲ ਜਾਣ ਸਮੇਂ ਭਾਈ ਦਿਆਲਾ ਜੀ ਨੂੰ ਘਰ ਪਰਿਵਾਰ ਕੋਲ ਪਟਨਾ ਸਾਹਿਬ ਵਿਖੇ ਹੀ ਰੁਕ ਕੇ ਘਰ ਪਰਿਵਾਰ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਸੌਂਪੀ ਤਾਂ ਭਾਈ ਜੀ ਪਟਨੇ ਸਾਹਿਬ ਰਹਿ ਕੇ ਹੀ ਗੁਰੂ ਪਰਿਵਾਰ ਦੀ ਸੇਵਾ ਸੰਭਾਲ ਵਿੱਚ ਤਨ ਮਨ ਨਾਲ ਜੁਟੇ ਰਹੇ। ਜਦੋਂ ਦਸਮੇਸ਼ ਪਿਤਾ ਨੇ ਪਟਨੇ ਵਿੱਚ ਪ੍ਰਕਾਸ਼ ਧਾਰਿਆ ਉਸ ਵੇਲੇ ਗੁਰੂ ਤੇਗ ਬਹਾਦਰ ਜੀ ਢਾਕਾ (ਬੰਗਾਲ) ਵਿੱਚ ਸਨ। ਦਸਮੇਸ਼ ਜੀ ਦੇ ਆਗਮਨ ਦੀ ਸੂਚਨਾ ਵੀ ਭਾਈ ਦਿਆਲਾ ਜੀ ਨੇ ਹੀ ਢਾਕੇ ਪਹੁੰਚਾਉਣ ਦੇ ਪੁਖਤਾ ਪ੍ਰਬੰਧ ਕੀਤੇ। ਫਿਰ ਗੁਰੂ ਪਰਿਵਾਰ ਸੰਗ ਹੀ ਆਨੰਦਪੁਰ ਸਾਹਿਬ ਆ ਗਏ।



**ਸ਼ਹੀਦੀ ਬਿਰਤਾਂਤ**

ਸਮੇਂ ਦੀ ਕੱਟੜ ਮੁਗ਼ਲ ਹਕੂਮਤ ਵੱਲੋਂ ਮਨੁੱਖੀ ਘਾਣ ਕਰਨ (ਜਬਰੀ ਧਰਮ ਪਰਿਵਰਤਨ) ਦੀ ਝੁਲਾਈ ਤਿੱਖੜ ਹਨੇਰੀ ਦੇ ਕੱਟੜਤਾ ਭਰੇ ਜ਼ੁਲਮ ਨੂੰ ਠੱਲ੍ਹਣ ਦੇ ਮੱਦੇਨਜ਼ਰ ਕਸ਼ਮੀਰੀ ਪੰਡਿਤਾਂ ਦੀ ਫਰਿਆਦ ਉਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗੰਭੀਰ ਵਿਚਾਰ ਮੰਥਨ ਕਰਦਿਆਂ ਮਾਨਵਤਾ ਦੇ ਹੱਕਾਂ ਦੀ ਰਾਖੀ (ਹਿੰਦੂ ਧਰਮ ਦੀ ਹੋਣ ਜਾ ਰਹੀ ਜ਼ਬਰੀ ਧਰਮਕੁਸ਼ੀ ਨੂੰ ਰੋਕਣ) ਹਿੱਤ ਜਾਬਰ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਜ਼ੁਲਮੀ ਤਲਵਾਰ ਨੂੰ ਯਾਨੀ 'ਜ਼ਬਰ' ਨੂੰ 'ਸਬਰ' ਨਾਲ ਵੰਗਾਰਨ ਦਾ ਫੈਸਲਾ ਕੀਤਾ। ਇਸ ਫੈਸਲੇ ਨੂੰ ਅਮਲ ਵਿੱਚ ਲਿਆਉਣ ਲਈ ਗੁਰੂ ਸਾਹਿਬ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ ਦਿੱਲੀ ਵੱਲ ਚਾਲੇ ਪਾਏ ਤਾਂ ਭਾਈ ਦਿਆਲਾ ਜੀ, ਭਾਈ ਗੁਰਦਿੱਤਾ ਜੀ, ਭਾਈ ਉਦੈ ਜੀ, ਭਾਈ ਜੈਤਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਆਦਿ ਗੁਰਸਿੱਖ ਵੀ ਨਾਲ ਹੀ ਸਨ। ਗ੍ਰਿਫ਼ਤਾਰੀ ਸਮੇਂ ਹਜ਼ੂਰੀ ਸਿੱਖਾਂ ਵਜੋਂ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਨੇ ਗੁਰੂ ਸਾਹਿਬ ਨਾਲ ਹੀ ਆਪਣੇ ਆਪ ਨੂੰ ਵੀ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਧਰਮ ਹੇਤ ਸਾਕੇ ਦਾ ਇਹ ਵਰਤਾਰਾ ਗੁਰੂ ਸਾਹਿਬ ਤੇ ਉਨ੍ਹਾਂ ਦੇ ਅਨਿਨ ਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਗ੍ਰਿਫ਼ਤਾਰੀ ਯਾਨੀ ਨਵੰਬਰ ਦੇ ਪਹਿਲੇ ਹਫ਼ਤੇ ਸੰਨ 1675 ਤੋਂ ਹੀ ਸ਼ੁਰੂ ਹੋ ਗਿਆ ਸੀ। ਜਦ ਮੁਗ਼ਲ ਹਕੂਮਤ ਦੇ ਅਹਿਲਕਾਰਾਂ ਤੇ ਖੁਦ ਔਰੰਗਜ਼ੇਬ ਨੇ ਚਾਂਦਨੀ ਚੌਂਕ ਦਿੱਲੀ ਵਿੱਚ ਆਪਣੀ ਕੱਟੜ ਨੀਤੀ ਦੀ ਤਸ਼ੱਦਦ ਭਰੀ ਕਵਾਇਦ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਗੁਰੂ ਸਾਹਿਬ ਤੇ ਉਨਾਂ ਦੇ ਸਿੱਖਾਂ ਨੂੰ ਧਰਮ ਤੋਂ ਖਿੜਕਾਉਣ ਲਈ ਬਹੁਤ ਸਾਰੀਆਂ ਮੋਮੋਠਗਣੀਆਂ ਚਾਲਾਂ ਚੱਲੀਆਂ। ਲਾਲਚ ਅਤੇ ਡਰਾਵੇ ਦਿੱਤੇ ਗਏ, ਪਰ ਇਸ ਸਭ ਕੁਝ ਦੀ ਕਵਾਇਦ 'ਸੱਚੀ ਦ੍ਰਿੜਤਾ' ਅੱਗੇ ਅਸਫਲ ਰਹਿਣ 'ਤੇ ਮੁਗ਼ਲ ਹਕੂਮਤ ਅਸਿਹ ਤਸੀਹੇ ਦੇਣ ਲਈ ਉਤਾਰੂ ਹੋ ਗਈ। ਸਭ ਤੋਂ ਪਹਿਲਾਂ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਦਿਆਂ ਦੋਫਾੜ ਕਰਕੇ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ਵਿੱਚ ਉਬਾਲ ਕੇ ਤੇ ਭਾਈ ਸਤੀ ਦਾਸ ਜੀ ਨੂੰ ਰੂੰਅ ਵਿੱਚ ਲਪੇਟ ਕੇ ਅੱਗ ਹਵਾਲੇ ਕਰਕੇ ਮੌਤ ਦਾ ਬਹੁਤ ਹੀ ਖੌਫ਼ਨਾਕ ਤਾਂਡਵ ਖੇਡ ਸ਼ੁਰੂ ਕਰ ਦਿੱਤਾ। ਇਨ੍ਹਾਂ ਤਿੰਨਾਂ ਸਿੱਖੀ ਸੇਵਕਾਂ ਨੇ ਅਕਿਹ ਤੇ ਅਸਿਹ ਤਸੀਹੇ ਝੱਲਦਿਆਂ, ਆਪਣੇ ਸ਼ਾਖਸ਼ਾਤ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਨਮੁੱਖ ਆਪਣੀ ਜਾਨ ਨਿਸ਼ਾਵਰ ਕਰਕੇ 'ਸਿਰ ਜਾਏ ਤਾਂ ਜਾਏ, ਮੇਰਾ ਸਿੱਖੀ ਸਿਦਕ ਨਾ ਜਾਇ।' 'ਤੇ ਅਭਿਆਸੀ ਅਮਲ ਕਰ ਵਿਖਾਇਆ।

ਭੱਟ ਵਹੀਆਂ ਕੁਰਸੀ ਨਾਮੇ (ਮੁਲਤਾਨੀ ਸਿੰਧੀ, ਖਾਤਾ ਜਲ੍ਹਾਨੋਂ ਕਾ ਤੇ ਭੱਟ ਤਲੌਂਧਾ/ ਤਲਉਂਢਾ ਅਨੁਸਾਰ: 'ਦਿਆਲ ਦਾਸ ਮਾਈਦਾਸ ਕਾ, ਪੋਤਾ ਬੱਲੂ ਕਾ, ਪੜਪੋਤਾ ਮੂਲੇ ਕਾ, ਚੰਦਰਬੰਸੀ, ਭਾਰਦਵਾਜੀ, ਗੋਤਰ ਪੰਵਾਰ, ਬੰਸ ਬੀਜੇ ਕਾ, ਗੁਰੂ ਗੈਲੋਂ, ਮਗਹਰ ਸੁਦੀ ਪੰਚਮੀ ਸੰਮਤ ਸਤਾਰਾਂ ਸੈ ਬੱਤੀਸ ਕੋ, ਦਿੱਲੀ ਚਾਂਦਨੀ ਕੇ ਮਲਹਾਨ, ਸ਼ਾਹੀ ਹੁਕਮ ਗੈਰ ਮਾਰਾ ਗਿਆ। ਗੈਲੋਂ ਮਤੀ ਦਾਸ, ਸਤੀ ਦਾਸ, ਬੇਟੇ ਹੀਰਾ ਨੰਦ ਕੇ, ਪੋਤੇ ਲੱਖੀ ਦਾਸ ਕੇ, ਪੜਪੋਤੇ ਪਰਾਗੇ ਕੇ, ਬੰਸ ਗੌਤਮ ਕਾ, ਸਾਰੁਸਤੀ ਭਾਰਗਵ ਗੋਤੇ ਛਿਬਰ ਬ੍ਰਹਮਨ ਮਾਰੇ ਗਏ।'

ਸ਼ਾਇਦ ਔਰੰਗਜੇਬ ਨੂੰ ਇੱਕ ਵੱਡਾ ਭਰਮ ਭੁਲੇਖਾ ਤੇ ਵਹਿਮ ਸੀ ਕਿ ਸਿੱਖਾਂ ਦਾ ਇਹ ਗੁਰੂ ਆਪਣੇ ਸਿੱਖਾਂ ਦੀ ਭਿਆਨਕ ਮੌਤ ਦਾ ਮੰਜ਼ਰ ਵੇਖ ਕੇ ਡੋਲ ਜਾਵੇਗਾ ਅਤੇ ਈਨ ਮੰਨ ਜਾਵੇਗਾ।

ਜਿਸ ਨਾਲ ਉਸ (ਔਰੰਗਜ਼ੇਬ) ਦਾ ਪੂਰੇ ਮੁਲਕ ਹਿੰਦੁਸਤਾਨ ਨੂੰ ਕਾਫ਼ਰ ਤੋਂ ਮੋਮਨ ਬਣਾਉਣ ਦਾ ਮਨਸੂਬਾ ਆਸਾਨੀ ਨਾਲ ਪੂਰਾ ਹੋ ਜਾਵੇਗਾ, ਪਰ; ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਅਨੁਸਾਰ ਗੁਰੂ ਸਾਹਿਬ ਨਿਡਰਤਾ ਨਾਲ ਅਡੋਲ ਰਹਿ ਕੇ ਨੇਕ ਅਤੇ ਪਰਉਪਕਾਰਤਾ ਭਰੇ ਆਪਣੇ ਮਿਸ਼ਨ ਉਤੇ ਕਾਇਮ ਰਹਿਣ ਲਈ ਪੂਰੀ ਤਰ੍ਹਾਂ ਦ੍ਰਿੜ ਰਹੇ।

ਨਾਨਕ ਸ਼ਾਹੀ ਕੈਲੰਡਰ ਅਨੁਸਾਰ ਆਖਰ 25 ਨਵੰਬਰ 1675 ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਵੀ ਸ਼ਹੀਦ ਕਰਕੇ ਜ਼ੁਲਮੀ ਤਲਵਾਰ ਨੇ ਆਪਣੀ ਪਿਆਸ ਤਾਂ ਜ਼ਰੂਰ ਬੁਝਾ ਲਈ, ਪਰ ਧਰਮ ਹੇਤ ਸਾਕੇ ਨਾਲ ਜਬਰ ਉਤੇ ਸਬਰ ਦੀ ਫਤਿਹ/ ਜੈ ਜੈ ਕਾਰ ਹੋ ਗਈ। ਇਸ ਤਰ੍ਹਾਂ ਸਿਦਕੀ ਸਿੱਖੀ ਸੇਵਕਾਂ (ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਅਤੇ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ) ਨੇ ਪ੍ਰਾਣਾਂ ਦੀ ਆਹੂਤੀ ਦੇ ਕੇ ਧਰਮ ਹੇਤ ਸਾਕਾ ਦੇ ਬਿਰਤਾਂਤ ਨੂੰ ਸੰਪੂਰਨਤਾ ਦਿੰਦਿਆਂ 'ਮਨੁੱਖਤਾ ਦੇ ਹੱਕ ਹਕੂਕ ਦੀ ਰਾਖੀ ਕਰਨ ਦਾ ਇੱਕ ਨਿਵੇਕਲਾ ਮੁੱਢ ਬੰਨ੍ਹਿਆ ਅਤੇ ਦੁਨੀਆ ਨੂੰ ਚਾਨਣ ਕਰ ਦਿੱਤਾ ਕਿ ਲੋੜ ਪੈਣ 'ਤੇ ਮਜ਼ਲੂਮਾਂ ਲਈ ਹਰ ਸਿਤਮ ਝੱਲਦਿਆਂ ਗੁਰੂ ਨਾਨਕ ਦਾ ਘਰ ਮਨੁੱਖੀ ਹੱਕਾਂ ਦੀ ਰਾਖੀ ਤੋਂ ਕਦੇ ਪਿੱਛੇ ਨਹੀਂ ਹਟੇਗਾ।

# ਆਖਿਰ ਕੀ ਹੈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮੁੱਦਾ

ਰਾਵਿੰਦਰ ਫ਼ਫ਼ੜੇ

ਪੰਜਾਬ ਯੂਨੀਵਰਸਿਟੀ (ਪੀਯੂ) ਦੀ ਸਥਾਪਨਾ 14 ਅਕਤੂਬਰ 1882 ਨੂੰ ਲਾਹੌਰ ਵਿਖੇ ਹੋਈ ਸੀ। ਦੇਸ਼ ਵੰਡ ਤੋਂ ਬਾਅਦ ਇਕ ਅਕਤੂਬਰ 1947 ਨੂੰ ਈਸਟ ਪੰਜਾਬ ਯੂਨੀਵਰਸਿਟੀ ਦੇ ਨਾਂ ਹੇਠ ਇਸ ਦੀ ਪੁਨਰ ਸਥਾਪਨਾ ਚੰਡੀਗੜ੍ਹ ਵਿਖੇ ਕੀਤੀ ਗਈ ਜੋ ਬਾਅਦ ਵਿਚ ਪੰਜਾਬ ਯੂਨੀਵਰਸਿਟੀ ਵਜੋਂ ਜਾਣੀ ਜਾਣ ਲੱਗੀ। ਇਸ ਦਾ ਮੌਜੂਦਾ ਕੈਂਪਸ ਸੰਨ 1958-59 ਵਿਚ ਚੰਡੀਗੜ੍ਹ ਵਿਖੇ ਸਥਾਪਤ ਕੀਤਾ ਗਿਆ ਜੋ ਤਕਰੀਬਨ 550 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਸੈਕਟਰ 14 ਅਤੇ 25 ਵਿਚ ਸਥਿਤ ਹੈ। ਬਿਨਾਂ ਕਿਸੇ ਸਰਕਾਰੀ ਸਹਾਇਤਾ ਤੋਂ, ਜਨਤਾ ਦੇ ਪੈਸੇ ਨਾਲ ਹੋਂਦ ਵਿਚ ਆਈ ਇਹ ਯੂਨੀਵਰਸਿਟੀ ਆਪਣੇ ਨਾਲ ਆਪਣੇ ਪੁਰਾਣੇ ਇਤਿਹਾਸ ਨੂੰ ਸਮੇਟੀ ਬੈਠੀ ਹੈ। ਅਕਾਦਮਿਕ ਉੱਚ ਮਿਆਰਾਂ ਲਈ ਜਾਣੀ ਜਾਂਦੀ ਪੰਜਾਬ ਯੂਨੀਵਰਸਿਟੀ ਨੇ ਸਿੱਖਿਆ ਅਤੇ ਖੋਜਾਂ ਆਦਿ ਵੱਖ-ਵੱਖ ਵਿਭਾਗਾਂ ਵਿਚ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਈ ਹੋਈ ਹੈ।

ਪੰਜਾਬ ਹੀ ਨਹੀਂ, ਦੇਸ਼-ਵਿਦੇਸ਼ ਦੇ ਵਿਦਿਆਰਥੀਆਂ ਲਈ ਇੱਥੇ ਦਾਖ਼ਲਾ ਪ੍ਰਾਪਤ ਕਰਨਾ ਮਾਣ ਵਾਲੀ ਗੱਲ ਸਮਝੀ ਜਾਂਦੀ ਹੈ। ਸਿੱਖਿਆ, ਵਿਗਿਆਨ, ਕਲਾ ਅਤੇ ਰਾਜਨੀਤਕ ਖੇਤਰ ਨਾਲ ਜੁੜੀਆਂ ਅਨੇਕਾਂ ਸ਼ਖ਼ਸੀਅਤਾਂ ਦੀ ਕਾਮਯਾਬੀ ਪਿੱਛੇ ਇਸ ਯੂਨੀਵਰਸਿਟੀ ਦਾ ਅਹਿਮ ਯੋਗਦਾਨ ਹੈ। ਪਿਛਲੇ ਕੁਝ ਸਮੇਂ ਤੋਂ ਵਿਦਿਆਰਥੀਆਂ ਦੇ ਅਧਿਕਾਰਾਂ ਅਤੇ ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦੇ ਹੱਕਾਂ ਨੂੰ ਲੈ ਕੇ ਕੋਈ ਨਾ ਕੋਈ ਮਸਲਾ ਉੱਠਦਾ ਰਹਿੰਦਾ ਹੈ।



ਇਸ ਯੂਨੀਵਰਸਿਟੀ ਵਿਚ ਚੱਲ ਰਹੇ ਅਜੋਕੇ ਰੇੜਕੇ ਦੀ ਸ਼ੁਰੂਆਤ ਨਵੇਂ ਵਿਦਿਆਰਥੀਆਂ ਤੋਂ ਯੂਨੀਵਰਸਿਟੀ ਕੈਂਪਸ ਅੰਦਰ ਕਿਸੇ ਵੀ ਤਰ੍ਹਾਂ ਦੇ ਵਿਰੋਧ-ਪ੍ਰਦਰਸ਼ਨਾਂ ਵਿਚ ਹਿੱਸਾ ਨਾ ਲੈਣ ਦਾ ਹਲਫ਼ਨਾਮਾ ਮੰਗਣ ਤੋਂ ਹੋਈ ਸੀ ਜਿਸ ਦੀ ਅੱਗ ਅੰਦਰੋਂ-ਅੰਦਰੀਂ ਸੁਲਗ ਰਹੀ ਸੀ।

ਇਸ ਬਲਦੀ 'ਤੇ ਤੇਲ ਪਾਉਣ ਦਾ ਕੰਮ ਪਹਿਲੀ ਨਵੰਬਰ ਨੂੰ ਸਾਹਮਣੇ ਆਏ ਉਸ ਨੋਟੀਫਿਕੇਸ਼ਨ ਨੇ ਕੀਤਾ ਜਿਸ ਤਹਿਤ 1947 ਦੇ ਪੀਯੂ ਐਕਟ ਅਨੁਸਾਰ ਚੱਲ ਰਹੇ ਸ਼ਾਸਕੀ ਢਾਂਚੇ (ਸੈਨੇਟ ਤੇ ਸਿੰਡੀਕੇਟ) ਨੂੰ ਬਦਲ ਦਿੱਤਾ ਗਿਆ। ਪਹਿਲਾਂ ਵਿਵਾਦਤ ਹਲਫ਼ਨਾਮਾ ਮੰਗਣ ਤੋਂ ਸੁਲਗ ਰਹੇ ਰੋਹ ਨੂੰ ਇਸ ਨੋਟੀਫਿਕੇਸ਼ਨ ਨੇ ਭਾਂਬੜ ਬਣਾ ਦਿੱਤਾ। ਕੇਂਦਰੀਕਰਨ ਦੀ ਬੋਅ ਵਾਲੇ ਇਸ ਨੋਟੀਫਿਕੇਸ਼ਨ ਨੇ ਆਮ ਪੰਜਾਬੀਆਂ ਨੂੰ ਵੀ ਇਸ ਦੇ ਵਿਰੋਧ ਵਿਚ ਲਿਆ ਖੜ੍ਹਾ ਕਰ ਦਿੱਤਾ ਤੇ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਹੋਰ ਜਥੇਬੰਦੀਆਂ ਨੇ ਵੀ ਵਿਦਿਆਰਥੀ ਜਥੇਬੰਦੀਆਂ ਦਾ ਡਟ ਕੇ ਸਾਥ ਦਿੱਤਾ ਜਿਸ ਕਾਰਨ ਕੇਂਦਰ ਸਰਕਾਰ ਨੂੰ ਆਪਣੇ ਪੈਰ ਪਿਛਾਂਹ ਖਿੱਚਣ ਲਈ ਮਜਬੂਰ ਹੋਣਾ ਪਿਆ ਤੇ ਨੋਟੀਫਿਕੇਸ਼ਨ ਦੇ ਅਮਲ ਨੂੰ ਰੋਕਣਾ ਪਿਆ।

ਬੇਸ਼ੱਕ ਪੀਯੂ ਐਕਟ ਦਾ ਪੁਰਾਣਾ ਸਰੂਪ ਬਹਾਲ ਰਖਵਾਉਣ ਦੀ ਲੜਾਈ ਵਿਦਿਆਰਥੀ ਤਕਰੀਬਨ ਜਿੱਤ ਚੁੱਕੇ ਹਨ ਪਰ ਜਿੰਨਾ ਚਿਰ ਨੋਟੀਫਿਕੇਸ਼ਨ ਰੱਦ ਕਰ ਕੇ ਸੈਨੇਟ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ, ਨਾ ਚਿਰ ਇਹ ਜਿੱਤ ਅਧੂਰੀ ਹੈ ਕਿਉਂਕਿ ਹੁਕਮਰਾਨ ਧਿਰਾਂ ਅਜਿਹੇ ਮਸਲੇ ਲਮਕਾ ਕੇ ਸੰਘਰਸ਼ ਕਮਜ਼ੋਰ ਕਰਨ ਦੀ ਤਾਕ ਵਿੱਚ ਰਹਿੰਦੀਆਂ ਹਨ ਅਤੇ ਇਹ ਜਾਣਦਿਆਂ ਵਿਦਿਆਰਥੀ ਜਥੇਬੰਦੀਆਂ ਨੇ ਵੀ ਨੋਟੀਫਿਕੇਸ਼ਨ ਰੱਦ ਕਰਨ ਅਤੇ ਚੋਣਾਂ ਦਾ ਐਲਾਨ ਹੋਣ ਤੱਕ ਸਘੰਰਸ਼ ਜਾਰੀ ਰੱਖਣ ਦਾ ਅਹਿਦ ਲਿਆ ਹੈ।

ਇਕ ਗੱਲ ਇੱਥੇ ਖ਼ਾਸ ਤੌਰ 'ਤੇ ਲਿਖਣੀ ਬਣਦੀ ਹੈ ਕਿ ਪਾਣੀਆਂ ਤੇ ਰਾਜਧਾਨੀ ਚੰਡੀਗੜ੍ਹ ਦੇ ਮਸਲੇ ਵਾਂਗ, ਪੰਜਾਬ ਯੂਨੀਵਰਸਿਟੀ ਦਾ ਮਸਲਾ ਵੀ ਪੰਜਾਬ ਲਈ ਅਹਿਮ ਹੈ। ਇਹ ਹਰ ਪੰਜਾਬੀ ਦੀ ਰੂਹ ਨਾਲ ਜੁੜਿਆ ਹੋਇਆ ਹੈ ਤੇ ਹਰ ਪੰਜਾਬੀ ਇਸ ਨਾਲ ਭਾਵਨਾਤਮਕ ਤੌਰ 'ਤੇ ਜੁੜਿਆ ਹੋਇਆ ਹੈ। ਬੇਸ਼ੱਕ ਭਾਰਤੀ ਸੰਵਿਧਾਨ ਅਨੁਸਾਰ ਕੇਂਦਰ ਕੋਲ ਇਸ ਦੇ ਪ੍ਰਬੰਧਕੀ ਢਾਂਚੇ ਵਿਚ ਤਬਦੀਲੀ ਦਾ ਅਧਿਕਾਰ ਹੈ ਪਰ ਇਸ ਵਿਚ ਕੋਈ ਵੀ ਤਬਦੀਲੀ ਜਾਂ ਸੁਧਾਰ ਸਬੰਧਤ ਧਿਰਾਂ ਨਾਲ ਗੱਲਬਾਤ ਤੇ ਸਹਿਮਤੀ ਨਾਲ ਹੀ ਸੰਭਵ ਹੈ।

# ਪਰਮਪਾਲ ਸਿੰਘ ਦੀ ਧੀਅ ਦੇ ਵਿਆਹ ਵੇਲੇ ਇਕੱਠੇ ਹੋਏ ਰਿਸ਼ਤੇਦਾਰ











ਹੇਵਰਡ- ਪਰਮਪਾਲ ਸਿੰਘ ਤੇ ਬੀਬੀ ਸੁਰਿੰਦਰ ਕੌਰ ਦੀ ਸਪੁੱਤਰੀ ਬੀਬੀ ਐਨੀ ਸਿੰਘ ਦਾ ਸ਼ੁਭ ਵਿਆਹ ਨਵੰਬਰ 21, 2025 ਨੂੰ ਸ. ਹਰਪੁਨੀਤ ਸਿੰਘ ਨਾਲ ਹੋਇਆ ਹੈ ਤੇ ਇਸੇ ਸਬੰਧ ਵਿਚ ਵਿਆਹ ਤੋਂ ਪਹਿਲਾਂ ਦੀਆਂ ਰਸਮਾਂ 'ਚ ਐਨੀ ਦੇ ਵਿਆਹ ਦੀ ਜਾਗੋ, ਜੋ 19 ਨਵੰਬਰ, 2025 ਨੂੰ ਹੋਈ, ਉਸ ਵਿਚ ਵੀ ਦੋਸਤ-ਮਿੱਤਰਾਂ ਤੋਂ ਇਲਾਵਾ ਪਰਮਪਾਲ ਸਿੰਘ ਦੇ ਸਾਰੇ ਰਿਸ਼ਤੇਦਾਰ ਦੂਰੋਂ-ਨੇੜਿਉਂ ਚੱਲ ਕੇ ਪਹੁੰਚੇ। ਨਵੰਬਰ 20 ਨੂੰ ਐਨੀ ਦੇ ਮਾਈਆਂ ਲਾਉਣ ਦੀ ਰਸਮ ਵੀ ਬਹੁਤ ਚਾਵਾਂ-ਮਲ੍ਹਾਰਾਂ ਨਾਲ ਮਨਾਈ ਗਈ।

ਹਰ ਰਿਸ਼ਤੇਦਾਰ ਨੇ ਐਨੀ ਨੂੰ ਆਸ਼ੀਰਵਾਦ ਵੀ ਦਿੱਤਾ ਤੇ ਬੀਬੀਆਂ ਨੇ ਸੁਹਾਗ ਦੇ ਗੀਤ ਵੀ ਗਾਏ ਤੇ ਚੰਗੀ ਰੌਣਕ ਲੱਗੀ। ਇਸ ਮੌਕੇ ਤੇ ਰੌਣਕ ਦੀਆਂ ਕੁਝ ਇਕ ਤਸਵੀਰਾਂ ਵੀ ਲਾਈਆਂ ਜਾ ਰਹੀਆਂ ਹਨ।

ਐਨੀ ਸਿੰਘ ਦੇ ਸਹੁਰਾ ਪਰਿਵਾਰ ਬੇਕਰਸਫੀਲਡ ਤੋਂ ਹਨ ਤੇ ਉਹ ਜਗਜੀਤ ਸਿੰਘ ਤੇ ਬੀਬੀ ਗੁਰਿੰਦਰ ਕੌਰ ਜੀ ਹਨ। ਦੋਵਾਂ ਪਰਿਵਾਰਾਂ ਨੂੰ ਨੇੜਿਉਂ ਦੂਰੋਂ ਤੇ ਸਾਰੇ ਰਿਸ਼ਤੇਦਾਰਾਂ ਨੇ, ਜਿਹਨਾਂ 'ਚ ਪਰਮਪਾਲ ਸਿੰਘ ਜੀ ਦੇ ਵੱਡੇ ਭਰਾ ਪੰਜਾਬ ਤੋਂ ਵਿਆਹ 'ਚ ਸ਼ਾਮਲ ਹੋਣ ਲਈ ਪਹੁੰਚੇ ਹਨ। ਛੋਟੇ ਭਰਾ ਇੱਥੇ ਹੀ ਰਹਿੰਦੇ ਹਨ। ਉਹਨਾਂ ਦੇ ਭੂਆ ਜੀ-ਫੁੱਫੜ ਜੀ ਤੇ ਉਹਨਾਂ ਦੇ ਬੱਚੇ ਵੀ ਸਰੀ, ਕੈਨੇਡਾ ਤੋਂ ਵਿਆਹ 'ਚ ਉਚੇਚੇ ਪਹੁੰਚੇ। ਪਰਮਪਾਲ ਸਿੰਘ ਹੁਰਾਂ ਦੀ ਮਾਸੀ ਜੀ ਵੀ ਕੈਨੇਡਾ ਤੋਂ ਵਿਆਹ ਦੀ ਰੌਣਕ ਵਧਾਉਣ ਲਈ ਪਹੁੰਚੇ। ਪਰਮਪਾਲ ਸਿੰਘ ਹੁਰਾਂ ਦੇ ਚਾਚਾ ਜੀ ਉਹਨਾਂ ਦੇ ਬੱਚੇ, ਭੂਆ-ਫੁੱਫੜ ਤੇ ਉਹਨਾਂ ਦੇ ਭੈਣ ਜੀ ਵੀ ਵਿਆਹ ਦੀਆਂ ਖੁਸ਼ੀਆਂ 'ਚ ਸ਼ਾਮਲ ਹੋਣ ਲਈ ਪਰਮਪਾਲ ਸਿੰਘ ਦੇ ਸੱਸ-ਮਾਤਾ ਵੀ ਪੰਜਾਬੋਂ ਸਪੈਸ਼ਲ ਵਿਆਹ 'ਚ ਸ਼ਾਮਲ ਹੋਣ ਲਈ ਪਹੁੰਚੇ।

ਪਰਦੇਸ ਟਾਇਮਜ਼ ਵੱਲੋਂ ਪਰਮਪਾਲ ਸਿੰਘ, ਬੀਬੀ ਸੁਰਿੰਦਰ ਕੌਰ ਜੀ ਨੂੰ ਐਨੀ ਦੇ ਵਿਆਹ ਦੀਆਂ ਰਸਮਾਂ ਨਿਭਾਉਣ ਲਈ ਵਧਾਈਆਂ ਹੋਣ।ਵਾਹਿਗੁਰੂ ਅੱਗੇ ਜੋੜੀ ਦੀ ਲੰਮੇਰੀ ਉਮਰ ਤੇ ਤੰਦਰੁਸਤੀ ਦੀਆਂ ਦੁਆਵਾਂ ਭੇਜਦੇ ਹਾਂ। ਤੇ ਵਿਆਹ ਦੀਆਂ ਸਾਰੇ ਰਿਸ਼ਤੇਦਾਰਾਂ ਨੂੰ ਵੀ ਵਧਾਈਆਂ। **-ਬਲਬੀਰ ਸਿੰਘ ਐਮ.ਏ.**


ਮਾਂ ਬੋਲੀ ਨੂੰ ਸਮਰਪਿਤ

# ਪਰਦੇਸ ਟਾਇਮਜ਼

**PARDES TIMES**

www.pardestimes.com

## 20ਵੀ ਵਰ੍ਹੇਗੰਢ, ਸ਼ਨਿਚਰਵਾਰ, ਜਨਵਰੀ 9, 2026 ਨੂੰ

## ਸੱਜਣਾਂ, ਮਿੱਤਰਾਂ ਦੇ ਸਹਿਯੋਗ ਨਾਲ ਮਨਾਈ ਜਾ ਰਹੀ ਹੈ

**at RAJA INDIAN CUISINE, 1275 W WINTON AVE HAYWARD, CA 94545**

ਹੋਰ ਜਾਣਕਾਰੀ ਲਈ ਸੰਪਰਕ ਕਰੋ

**Ranjit Kandola**
Managing Manager
916-917-2393

**Raj Budwal**
Media Partner/Representative
408-835-0202

**Balbir Singh M.A.**
Editor-In-Chief
510-938-7771
info@Pardestimes.com

**Parampal Singh**
Marketing Manager 510-409-7006

**Pro:- Jaspal Singh Saini**
Publication Director
408-393-9505

**Buta Ram Joshi**
Correspondence- Fresno
559-803-0055

# ਕਾਮੇਡੀ ਅਤੇ ਪੁਰਾਣੇ ਸਭਿਆਚਾਰ ਤੱਕ ਸੀਮਤ ਰਹਿ ਗਿਆ ਪੰਜਾਬੀ ਸਿਨੇਮਾ

ਪੰਜਾਬੀ ਸਿਨੇਮਾ ਸਾਡੀ ਸੱਭਿਆਚਾਰਕ ਪਛਾਣ ਦਾ ਅਹਿਮ ਹਿੱਸਾ ਹੈ। ਇਹ ਸਾਡੀ ਬੋਲੀ, ਰਸਮਾਂ, ਹਾਸੇ-ਮਜ਼ਾਕ ਤੇ ਜੀਵਨ ਸ਼ੈਲੀ ਨੂੰ ਦੁਨੀਆ ਦੇ ਸਾਹਮਣੇ ਪੇਸ਼ ਕਰਦਾ ਹੈ, ਪਰ ਜਿਵੇਂ ਸਮਾਂ ਬਦਲ ਰਿਹਾ ਹੈ, ਸਿਨੇਮਾ ਦੀ ਦਿਸ਼ਾ ਵੀ ਬਦਲਣੀ ਚਾਹੀਦੀ ਹੈ। ਅੱਜ ਦੇ ਸਮੇਂ ਵਿੱਚ ਜਿੱਥੇ ਤਕਨਾਲੋਜੀ ਤੇ ਵਿਸ਼ਵ ਪੱਧਰ ਦੇ ਵਿਸ਼ੇ ਸਿਨੇਮਾ ਵਿੱਚ ਆ ਰਹੇ ਹਨ, ਉੱਥੇ ਪੰਜਾਬੀ ਫਿਲਮਾਂ ਨੂੰ ਵੀ ਨਵੀਂ ਸੋਚ ਤੇ ਅਰਥਪੂਰਨ ਕਹਾਣੀਆਂ ਦੀ ਲੋੜ ਹੈ।

ਚੰਗੀ ਫਿਲਮ ਉਹ ਹੁੰਦੀ ਹੈ ਜੋ ਦਰਸ਼ਕ ਦੇ ਦਿਲ ਨੂੰ ਛੂਹੇ। ਪੰਜਾਬੀ ਫਿਲਮਾਂ ਵਿੱਚ ਹੁਣ ਕੇਵਲ ਹਾਸੇ ਜਾਂ ਵਿਆਹ-ਸ਼ਾਦੀਆਂ ਦੀ ਗੱਲ ਨਹੀਂ ਹੋਣੀ ਚਾਹੀਦੀ, ਸਗੋਂ ਉਹ ਸਾਡੀ ਜ਼ਿੰਦਗੀ ਦੇ ਅਸਲੀ ਰੰਗ ਦਿਖਾਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਪੰਜਾਬੀ ਸਿਨੇਮਾ ਨੂੰ



ਹੁਣ ਗਹਿਰਾਈ ਵਾਲੇ ਵਿਸ਼ਿਆਂ ਵੱਲ ਵਧਣ ਦੀ ਜ਼ਰੂਰਤ ਹੈ, ਜਿੱਥੇ ਹਾਸਾ ਵੀ ਹੋਵੇ ਤੇ ਸੋਚ-ਵਿਚਾਰ ਵੀ। ਅਕਸਰ ਪੰਜਾਬੀ ਸਿਨੇਮਾ ਨਾਲ ਜੁੜੇ ਦਰਸ਼ਕ ਸਿਨੇਮਾ ਵਿੱਚ ਫਿਲਮ ਦੇਖ ਕੇ ਉਸ ਦੀ ਕਹਾਣੀ ਨੂੰ ਨਕਾਰ ਦਿੰਦੇ ਹਨ ਕਿ ਇਸ ਫਿਲਮ ਦੀ ਕਹਾਣੀ ਚੰਗੀ ਨਹੀਂ ਸੀ ਜਾਂ ਕਹਾਣੀ ਦੇ ਮੁਤਾਬਿਕ ਕਲਾਕਾਰ ਕੰਮ ਨਹੀਂ ਕਰ ਰਹੇ ਸਨ। ਚੰਗੀ ਫਿਲਮ ਹਰ ਕੋਈ ਦੇਖਣਾ ਚਾਹੁੰਦਾ ਹੈ, ਪਰ ਇੱਥੇ ਚੰਗੀ ਫਿਲਮ ਦਾ ਇਹ ਅਰਥ ਨਹੀਂ ਕਿ ਉਸ ਵਿੱਚ ਪਿਆਰ, ਮੁਹੱਬਤ ਅਤੇ ਮਾਰ ਕੁੱਟ ਦੇ ਦ੍ਰਿਸ਼ ਫਿਲਮਾਏ ਗਏ ਹੋਣ। ਇੱਥੇ ਗੱਲ ਉਸ ਸਿਨੇਮਾ ਦੀ ਆਉਂਦੀ ਹੈ ਜਿੱਥੇ ਪੂਰੀ ਤਰ੍ਹਾਂ ਕਹਾਣੀ 'ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਉਸ ਕਹਾਣੀ ਦੇ ਮੁਤਾਬਿਕ ਕਿਰਦਾਰ ਬਿਠਾਏ ਜਾਂਦੇ ਹਨ। ਕਿਰਦਾਰ ਵੀ ਕਹਾਣੀ ਵਿੱਚ ਆਪਣੇ ਆਪ ਨੂੰ ਜਿੰਦਾ ਕਰਦੇ ਹੋਣ, ਦੇਖਣ ਵਾਲੇ ਨੂੰ ਉਹ ਕਹਾਣੀ ਆਪ ਬੀਤੀ ਨਜ਼ਰ ਆਵੇ। ਸੋ ਫਿਲਮ ਦਰਸ਼ਕਾਂ ਦਾ ਮਨੋਰੰਜਨ ਕਰੇ ਤੇ ਜੀਵੰਤ ਸਿਨੇਮਾ ਲੱਗੇ।

ਪੰਜਾਬੀ ਸਿਨੇਮਾ ਦਾ ਸਭ ਤੋਂ ਵੱਡਾ ਖ਼ਜ਼ਾਨਾ ਉਸ ਦੀ ਮਿੱਟੀ ਹੈ ਜਿਸ ਵਿੱਚ ਸਾਡੇ ਸੱਭਿਆਚਾਰ ਦੀ ਖੁਸ਼ਬੂ ਆਉਂਦੀ ਹੈ ਜਿਵੇਂ ਸਾਡੀ ਮਾਂ ਬੋਲੀ, ਪਿੰਡਾਂ ਦਾ ਜੀਵਨ, ਕਿਸਾਨਾਂ ਦੀ ਮਿਹਨਤ, ਮਜ਼ਦੂਰਾਂ ਦੀਆਂ ਕਹਾਣੀਆਂ ਤੇ ਉਹ ਇਮੀਗ੍ਰੇਸ਼ਨ ਦੇ ਸੁਫ਼ਨੇ ਜਿਹੜੇ ਹਰ ਘਰ ਵਿੱਚ ਸੰਜੋਏ ਜਾਂਦੇ ਹਨ। ਜਿੱਥੇ ਛੋਟੇ ਘਰੋਂ ਉੱਠ ਕੇ ਵੀ ਨੌਜਵਾਨ ਕੁਝ ਕਰ ਗੁਜ਼ਰਨ ਦਾ ਜਜ਼ਬਾ ਰੱਖਦੇ ਹਨ। ਚੰਗੀ ਕਹਾਣੀ ਸਾਡੇ ਆਲੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ, ਪਰ ਅਫ਼ਸੋਸ! ਜ਼ਿਆਦਾਤਰ ਫਿਲਮਾਂ ਕੇਵਲ ਹਾਸੇ-ਮਜ਼ਾਕ 'ਤੇ ਹੀ ਸਿਮਟ ਗਈਆਂ ਹਨ ਜਿਨ੍ਹਾਂ ਨੂੰ ਦੇਖ ਕੇ ਲੱਗਦਾ ਹੈ ਕਿ ਅਸਲ ਵਿੱਚ ਜ਼ਿੰਦਗੀ ਸਿਰਫ਼ ਹਾਸੇ ਮਜ਼ਾਕ 'ਤੇ ਹੀ ਟਿਕੀ ਹੈ।

ਦੂਜਾ ਪੱਖ ਇਹ ਵੀ ਹੈ ਕਿ ਅਰਥਪੂਰਨ ਵਿਸ਼ਿਆਂ 'ਤੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ। ਪੰਜਾਬੀ ਕਿਸਾਨਾਂ ਦੀ ਜ਼ਿੰਦਗੀ 'ਤੇ ਬਹੁਤ ਕੁਝ ਬਣ ਸਕਦਾ ਹੈ। ਇਸ ਦੇ ਇਲਾਵਾ ਪਿੰਡ ਦੀਆਂ ਔਰਤਾਂ ਦੀ ਸੰਘਰਸ਼ ਭਰੀ ਕਹਾਣੀ ਬਾਰੇ ਸੋਚ ਸਕਦੇ ਹਾਂ, ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਸੁਫ਼ਨੇ ਤੇ ਹਕੀਕਤ ਬਾਰੇ ਗੱਲਾਂ ਤੇ ਆਧੁਨਿਕ ਪੰਜਾਬ ਦੀ ਦਿਲਚਸਪ ਸਿਆਸਤ ਆਦਿ ਇਨ੍ਹਾਂ ਵਿਸ਼ਿਆਂ ਉੱਤੇ ਜੇ ਇਮਾਨਦਾਰੀ ਨਾਲ ਫਿਲਮ ਬਣਾਈ ਜਾਵੇ ਤਾਂ ਸਿਰਫ਼ ਮੁੱਠੀ ਭਰ ਦਰਸ਼ਕ ਨਹੀਂ, ਬਲਕਿ ਸਮੁੱਚਾ ਦਰਸ਼ਕ ਵਰਗ ਉਸ ਨੂੰ ਪਸੰਦ ਕਰੇਗਾ।

ਕੋਈ ਵੀ ਸਿਨੇਮਾ ਉਦਯੋਗ ਉਸ ਸਮੇਂ ਤੱਕ ਨਹੀਂ ਟਿਕ ਸਕਦਾ ਜਦੋਂ ਤੱਕ ਨਿਰਮਾਤਾ ਨੂੰ ਆਰਥਿਕ ਲਾਭ ਨਾ ਹੋਵੇ। ਫਿਲਮ ਚੰਗੀ ਬਣੇਗੀ ਤਾਂ ਹੀ ਉਹ ਚੱਲੇਗੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਹਾਸੇ ਜਾਂ ਹਲਕੇ ਵਿਸ਼ਿਆਂ 'ਤੇ ਹੀ ਧਿਆਨ ਦਿੱਤਾ ਜਾਵੇ। ਜੇ ਕਹਾਣੀ ਵਿੱਚ ਦਮ ਹੋਵੇ ਤਾਂ ਦਰਸ਼ਕ ਆਪਣਾ ਪੈਸਾ ਖ਼ੁਸ਼ੀ ਨਾਲ ਖ਼ਰਚ ਕਰਦੇ ਹਨ। ਨਿਰਮਾਤਾਵਾਂ ਨੂੰ ਚਾਹੀਦਾ ਹੈ ਕਿ ਉਹ ਨਵੇਂ ਵਿਸ਼ੇ ਲੈ ਕੇ ਆਉਣ ਵਾਲੇ ਕਹਾਣੀਕਾਰਾਂ ਤੇ ਡਾਇਰੈਕਟਰਾਂ 'ਤੇ ਭਰੋਸਾ ਕਰਨ। ਅੱਜਕੱਲ੍ਹ ।ਟੀ।ਟੀ। ਪਲੈਟਫਾਰਮਾਂ ਨਾਲ ਵੀ ਕਮਾਈ ਦੇ ਨਵੇਂ ਰਸਤੇ ਖੁੱਲ੍ਹੇ ਹਨ। ਇਸ ਲਈ ਅਰਥਪੂਰਨ ਸਿਨੇਮਾ ਹੁਣ ਆਰਥਿਕ ਤੌਰ 'ਤੇ ਵੀ ਸੰਭਵ ਹੈ।

ਨਵੀਂ ਸੋਚ ਤੇ ਨਵੀਂ ਪੀੜ੍ਹੀ ਦੇ ਤਜਰਬੇ ਨਾਲ ਸਾਡੇ ਸਿਨੇਮਾ ਨੂੰ ਅੱਗੇ ਵਧਣ ਦੀ ਜ਼ਰੂਰਤ ਹੈ ਜਿੱਥੇ ਨਵੇਂ ਵਿਸ਼ੇ ਤੇ ਨਵੀਆਂ ਕਹਾਣੀਆਂ ਹੋਣ। ਪੰਜਾਬੀ ਸਿਨੇਮਾ ਨੂੰ ਹੁਣ ਆਪਣੇ ਦਾਇਰੇ ਨੂੰ ਵਿਸ਼ਾਲ ਕਰਨ ਦੀ ਲੋੜ ਹੈ। ਸਾਡੇ ਕੋਲ ਬੇਅੰਤ ਕਹਾਣੀਆਂ ਹਨ ਜਿਨ੍ਹਾਂ ਵਿੱਚ ਸਿੱਖ ਇਤਿਹਾਸ ਦੀਆਂ ਸੂਰਵੀਰ ਕਥਾਵਾਂ, ਪੰਜਾਬ ਦੀ ਧਰਤੀ ਨਾਲ ਜੁੜੇ ਲੋਕ, ਕਲਾ ਤੇ ਰੰਗਮੰਚ, ਸਿੱਖਿਆ, ਵਿਗਿਆਨ, ਖੇਡਾਂ ਤੇ ਸਮਾਜਿਕ ਬਦਲਾਅ ਦੀਆਂ ਕਹਾਣੀਆਂ। ਇਨ੍ਹਾਂ ਵਿਸ਼ਿਆਂ 'ਤੇ ਜੇ ਫਿਲਮ ਬਣੇ ਤਾਂ ਸਿਨੇਮਾ ਸਿਰਫ਼ ਮਨੋਰੰਜਨ ਨਹੀਂ ਰਹੇਗਾ, ਸਗੋਂ ਇੱਕ ਸਿੱਖਿਆ ਤੇ ਪ੍ਰੇਰਣਾ ਦਾ ਮਾਧਿਅਮ ਬਣੇਗਾ।

ਨਵੀਂ ਪੀੜ੍ਹੀ ਨੂੰ ਅਜਿਹੀਆਂ ਕਹਾਣੀਆਂ ਦੀ ਲੋੜ ਹੈ ਜੋ ਉਨ੍ਹਾਂ ਦੇ ਅੰਦਰ ਸੋਚ ਪੈਦਾ ਕਰ ਸਕਣ। ਜਦੋਂ ਅਸੀਂ ਪਿੱਛੇ ਮੁੜ ਕੇ ਵੇਖਦੇ ਹਾਂ ਤਾਂ 'ਨਾਨਕ ਨਾਮ ਜਹਾਜ਼ ਹੈ', 'ਮਨਿ ਜੀਤੇ ਜਗੁ ਜੀਤੁ', 'ਲੌਂਗ ਦਾ ਲਿਸ਼ਕਾਰਾ', 'ਉੱਚਾ ਦਰ ਬਾਬੇ ਨਾਨਕ ਦਾ' ਆਦਿ ਵਰਗੀਆਂ ਫਿਲਮਾਂ ਯਾਦ ਆਉਂਦੀਆਂ ਹਨ ਜਿਨ੍ਹਾਂ ਵਿਚ ਜੀਵਨ ਦਾ ਦਰਸ਼ਨ ਸੀ। ਉਨ੍ਹਾਂ ਫਿਲਮਾਂ ਵਿੱਚ ਸਾਦਗੀ ਸੀ, ਪਰ ਦਿਲ ਨੂੰ ਛੂਹਣ ਵਾਲੀ ਗਹਿਰਾਈ ਵੀ ਸੀ। ਉਨ੍ਹਾਂ ਫਿਲਮਾਂ ਦੇ ਸੰਗੀਤ ਤੇ ਸੰਵਾਦ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਹਨ। ਪੁਰਾਣੇ ਸਿਨੇਮਾ ਦੀ ਸਭ ਤੋਂ ਵੱਡੀ ਖ਼ੂਬੀ ਸੀ 'ਸੱਚਾਈ।' ਉਹ ਫਿਲਮਾਂ ਮਨੋਰੰਜਨ ਦੇ ਨਾਲ ਨਾਲ ਇੱਕ ਸੰਦੇਸ਼ ਵੀ ਦੇ ਜਾਂਦੀਆਂ ਸਨ।


ਪੰਜਾਬੀ ਸਿਨੇਮਾ ਕੋਲ ਅਜੇ ਵੀ ਬੇਅੰਤ ਸੰਭਾਵਨਾਵਾਂ ਹਨ। ਜਿਹੜੇ ਨਵੇਂ ਨਿਰਦੇਸ਼ਕ ਤੇ ਕਹਾਣੀਕਾਰ ਮੰਚ 'ਤੇ ਆ ਰਹੇ ਹਨ, ਉਹ ਇਸ ਸਿਨੇਮਾ ਨੂੰ ਨਵੀਆਂ ਉੱਚਾਈਆਂ 'ਤੇ ਲੈ ਕੇ ਜਾ ਸਕਦੇ ਹਨ, ਪਰ ਇਸ ਲਈ ਨਵੇਂ ਵਿਸ਼ੇ ਚੁਣਨ ਦੀ, ਨਵੀਂ ਸੋਚ ਰੱਖਣ ਦੀ ਤੇ ਇਮਾਨਦਾਰੀ ਨਾਲ ਕੰਮ ਕਰਨ ਦੀ ਲੋੜ ਹੈ। ਜੇ ਪੰਜਾਬੀ ਫਿਲਮਾਂ ਸਿਰਫ਼ ਹਾਸੇ ਤੇ ਵਿਆਹਾਂ ਤੱਕ ਸੀਮਤ ਨਾ ਰਹਿਣ, ਸਗੋਂ ਜੀਵਨ ਦੇ ਅਸਲ ਦਰਦ ਤੇ ਖੁਸ਼ੀਆਂ ਨੂੰ ਛੂਹਣ ਤਾਂ ਇਹ ਸਿਨੇਮਾ ਨਾ ਸਿਰਫ਼ ਪੰਜਾਬ ਦਾ, ਸਗੋਂ ਭਾਰਤ ਦਾ ਮਾਣ ਬਣ ਸਕਦਾ ਹੈ। ਸਾਡੀ ਮਿੱਟੀ ਵਿੱਚ ਕਹਾਣੀਆਂ ਦੀ ਕੋਈ ਘਾਟ ਨਹੀਂ, ਸਿਰਫ਼ ਉਨ੍ਹਾਂ ਨੂੰ ਸੱਚੇ ਦਿਲ ਨਾਲ ਪਰਦੇ 'ਤੇ ਲਿਆਂਦਾ ਜਾਵੇ, ਇਹੀ ਪੰਜਾਬੀ ਸਿਨੇਮਾ ਦੀ ਅਸਲੀ ਜਿੱਤ ਹੋਵੇਗੀ।

ਪੰਜਾਬੀ ਸਿਨੇਮਾ ਸਬੰਧੀ ਇੱਕ ਤੱਥ ਇਹ ਵੀ ਸਾਹਮਣੇ ਆਉਂਦਾ ਹੈ ਕਿ ਜਦੋਂ ਵੀ ਕੋਈ ਨਿਰਮਾਤਾ ਜਾਂ ਨਿਰਦੇਸ਼ਕ ਲੀਕ ਤੋਂ ਹਟ ਕੇ ਕੰਮ ਕਰਦਾ ਹੈ ਤਾਂ ਦਰਸ਼ਕਾਂ ਵੱਲੋਂ ਉਸ ਨੂੰ ਮੱਠਾ ਹੁੰਗਾਰਾ ਮਿਲਦਾ ਹੈ। ਅਜਿਹੇ ਵਿੱਚ ਉਨ੍ਹਾਂ ਦੀ ਆਰਥਿਕ ਸਥਿਤੀ ਪਤਲੀ ਪੈ ਜਾਂਦੀ ਹੈ। ਇਸ ਲਈ ਦਰਸ਼ਕ ਵਰਗ ਨੂੰ ਬਹੁਤ ਸੁਚੇਤ ਹੋਣ ਦੀ ਲੋੜ ਹੈ। ਲੀਕ ਤੋਂ ਹਟਵੀਆਂ ਫਿਲਮਾਂ ਨੂੰ ਜੇਕਰ ਦਰਸ਼ਕ ਵਰਗ ਹੁੰਗਾਰਾ ਨਹੀਂ ਭਰੇਗਾ ਤਾਂ ਨਿਰਮਾਤਾ-ਨਿਰਦੇਸ਼ਕ ਆਪਣੇ ਪੈਰ ਪਿੱਛੇ ਖਿੱਚ ਲੈਣਗੇ। ਅੱਜ ਪੰਜਾਬੀ ਸਿਨੇਮਾ ਵਿੱਚ ਕਾਮੇਡੀ ਭਾਰੂ ਹੈ। ਦਰਸ਼ਕਾਂ ਦੀ ਪਹਿਲੀ ਪਸੰਦ ਬਣਨ ਕਾਰਨ ਹਰ ਨਿਰਮਾਤਾ-ਨਿਰਦੇਸ਼ਕ ਅਜਿਹੀਆਂ ਫਿਲਮਾਂ ਬਣਾਉਣ ਨੂੰ ਹੀ ਤਰਜੀਹ ਦੇ ਰਿਹਾ ਹੈ। ਇਸ ਲਈ ਦਰਸ਼ਕਾਂ ਨੂੰ ਵੱਖਰੇ ਵਿਸ਼ਿਆਂ 'ਤੇ ਬਣਨ ਵਾਲੀਆਂ ਫਿਲਮਾਂ ਨੂੰ ਤਰਜੀਹ ਦੇਣਾ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਨਵੇਂ ਵਿਸ਼ਿਆਂ ਨੂੰ ਹੱਥ ਪਾਉਣ ਤੋਂ ਕੋਈ ਵੀ ਨਿਰਮਾਤਾ-ਨਿਰਦੇਸ਼ਕ ਸੰਕੋਚ ਨਹੀਂ ਕਰੇਗਾ।

# ਸੋਨੇ ਦਾ ਤੈਨੂੰ ਹ.ਲ ਬਣਾ ਦਿਆਂ

ਬਹਾਦਰ ਸਿੰਘ ਗੋਸਲ

ਭਾਰਤ ਨੂੰ ਕਿਸੇ ਸਮੇਂ ਸੋਨੇ ਦੀ ਚਿੜੀ ਦਾ ਨਾਂ ਦਿੱਤਾ ਜਾਂਦਾ ਸੀ। ਸੋਨਾ ਹਰ ਘਰ ਦੀ ਸੌਗਾਤ ਹੋਇਆ ਕਰਦਾ ਸੀ, ਪਰ ਵਿਦੇਸ਼ੀ ਲੁਟੇਰਿਆਂ ਨੇ ਭਾਰਤ ਨੂੰ ਕਈ ਵਾਰ ਆਪਣੀ ਲੁੱਟ ਦਾ ਸ਼ਿਕਾਰ ਬਣਾਇਆ ਅਤੇ ਮਣਾਂ-ਮੂੰਹੀ ਸੋਨਾ ਲੁੱਟ ਕੇ ਲੈ ਗਏ। ਉਨ੍ਹਾਂ ਦਾ ਮੁੱਖ ਨਿਸ਼ਾਨਾ ਹਿੰਦੂ ਮੰਦਿਰ ਸਨ ਜਿਨ੍ਹਾਂ ਵਿੱਚ ਸੋਨੇ ਦੇ ਅੰਬਾਰ ਲੱਗੇ ਹੋਏ ਸਨ ਅਤੇ ਹਿੰਦੂ ਮੂਰਤੀਆਂ ਸੋਨੇ ਨਾਲ ਲੱਦੀਆਂ ਪਈਆਂ ਸਨ। ਦੁੱਖ ਦੀ ਗੱਲ ਤਾਂ ਇਹ ਸੀ ਕਿ ਉਨ੍ਹਾਂ ਲੁਟੇਰਿਆਂ ਨੂੰ ਰੋਕਣ ਵਾਲਾ ਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਸੀ ਜਿਸ ਕਰਕੇ ਉਨ੍ਹਾਂ ਨੇ ਲੁੱਟ ਨੂੰ ਆਪਣਾ ਸੌਖਾ ਅਤੇ ਮਨੋਰੰਜਕ ਸਾਧਨ ਬਣਾ ਲਿਆ। ਮੁਹੰਮਦ ਗੌਰੀ, ਗਜ਼ਨਵੀ ਅਤੇ ਅਹਿਮਦਸ਼ਾਹ



ਅਬਦਾਲੀ ਵਰਗੇ ਤਾਂ ਇਸ ਦੇਸ਼ ਨੂੰ ਬੁਰੀ ਤਰ੍ਹਾਂ ਨੋਚਦੇ ਰਹੇ ਅਤੇ ਜਿੰਨਾ ਉਨ੍ਹਾਂ ਨੇ ਚਾਹਿਆ ਦੇਸ਼ ਵਿੱਚੋਂ ਸੋਨਾ ਲੁੱਟਿਆ।

ਸ਼ਾਇਦ ਉਸ ਲੁੱਟ ਦਾ ਅਸਰ ਹੀ ਅੱਜ ਦੇ ਗ਼ਰੀਬ ਭਾਰਤ ਵਾਸੀ ਮਹਿਸੂਸ ਕਰ ਰਹੇ ਹਨ। ਇਹ ਇੱਕ ਅਚੱਲ ਮੁਦਰਾ ਹੈ ਜਿਸ ਦੀ ਅਮੀਰਾਂ ਨੂੰ ਹੀ ਨਹੀਂ, ਸਗੋਂ ਗ਼ਰੀਬਾਂ ਨੂੰ ਵੀ ਲੋੜ ਹੁੰਦੀ ਹੈ। ਸੋਨਾ ਹੀ ਤਾਂ ਹੈ ਜੋ ਗ਼ਰੀਬ ਆਪਣੀ ਪੂੰਜੀ ਦੇ ਤੌਰ 'ਤੇ ਸਾਂਭ-ਸਾਂਭ ਰੱਖਦੇ ਹਨ ਅਤੇ ਚੋਰਾਂ-ਉਚੱਕਿਆਂ ਤੋਂ ਬਚਾਉਣ ਲਈ ਗੁਪਤ ਤੌਰ 'ਤੇ ਲੁਕੋ ਕੇ ਰੱਖਦੇ ਹਨ। ਸਦੀਆਂ ਤੋਂ ਹੀ ਸੋਨਾ ਮਨੁੱਖ ਦੀ ਮਹਿੰਗੀ ਅਤੇ ਭਰੋਸੇਯੋਗ ਧਾਤੂ ਦੇ ਤੌਰ 'ਤੇ ਮਦਦ ਕਰਦਾ ਆਇਆ ਹੈ। ਇਹੀ ਕਾਰਨ ਹੁੰਦਾ ਸੀ ਕਿ ਮਨੁੱਖ ਨੇ ਇਸ ਨੂੰ ਆਪਣੀ ਜਮਾਂ-ਪੂੰਜੀ ਦੇ ਤੌਰ 'ਤੇ ਹੀ ਨਹੀਂ ਸਗੋਂ ਆਪਣੇ ਸੁਹੱਪਣ ਨੂੰ ਸ਼ਿੰਗਾਰਨ ਲਈ ਗਹਿਣਿਆਂ ਦੇ ਰੂਪ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਸੀ।

ਪੰਜਾਬ ਦੀ ਧਰਤੀ ਜੋ ਸਦੀਆਂ ਤੋਂ ਆਰਥਿਕ ਤੌਰ 'ਤੇ ਖੁਸ਼ਹਾਲ ਰਹੀ ਹੈ, ਸੋਨੇ ਦੀ ਵੀ ਚੰਗੀ ਕਦਰ ਕਰਦੀ ਰਹੀ ਹੈ। ਪੰਜਾਬ ਦੇ ਪਿੰਡਾਂ ਦੇ ਲੋਕ ਆਰਥਿਕ ਤੌਰ 'ਤੇ ਖੁਸ਼ਹਾਲ ਹੋਣ ਕਾਰਨ ਸੋਨੇ ਨੂੰ ਸੰਭਾਲਣ, ਵਰਤਣ ਅਤੇ ਜਮਾਂਖੋਰੀ ਵਜੋਂ ਖੂਬ ਮਾਨਤਾ ਦਿੰਦੇ ਆਏ ਹਨ। ਕਦੇ ਸਮਾਂ ਸੀ ਕਿ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵਿਆਹਾਂ ਸ਼ਾਦੀਆਂ ਸਮੇਂ ਸੋਨੇ ਦੀ ਮੁੱਖ ਤੌਰ 'ਤੇ ਪੁੱਛ ਹੁੰਦੀ ਸੀ। ਦਾਜ ਨੂੰ ਭਾਵੇਂ ਮਾੜਾ ਗਿਣਿਆ ਜਾਂਦਾ ਸੀ, ਪਰ ਹਰ ਗ਼ਰੀਬ ਦੀ ਦਿਲੀ ਇੱਛਾ ਹੁੰਦੀ ਸੀ ਕਿ ਉਹ ਵਿਆਹਾਂ ਵਿੱਚ ਆਪਣੀ ਧੀ-ਭੈਣ ਨੂੰ ਰੱਜ ਕੇ ਸੋਨੇ ਦੇ ਗਹਿਣੇ ਦੇਵੇ। ਇੱਥੋਂ ਤੱਕ ਕਿ ਪਿੰਡਾਂ ਵਿੱਚ ਗ਼ਰੀਬ ਤੋਂ ਗ਼ਰੀਬ ਲੋਕ ਵੀ ਵਿਆਹਾਂ ਵਿੱਚ ਆਪਣੀਆਂ ਲੜਕੀਆਂ ਨੂੰ ਵੱਧ ਤੋਂ ਵੱਧ ਸੋਨਾ ਦਿੰਦੇ ਸਨ। ਲੋਕ ਗ਼ਰੀਬ ਤਾਂ ਉਦੋਂ ਵੀ ਸਨ, ਪਰ ਇਹ ਵੀ ਖੁਸ਼ੀ ਦੀ ਗੱਲ ਹੀ ਸੀ ਕਿ ਸੋਨੇ ਦਾ ਭਾਅ ਸੈਂਕੜਿਆਂ ਵਿੱਚ ਹੋਇਆ ਕਰਦਾ ਸੀ ਅਤੇ ਗ਼ਰੀਬ ਲੋਕ ਛੋਟੀ-ਮੋਟੀ ਪੂੰਜੀ ਜਮ੍ਹਾਂ ਕਰਕੇ ਆਪਣੀਆਂ ਧੀਆਂ ਭੈਣਾਂ ਨੂੰ ਖੁਸ਼ ਕਰਨ ਲਈ ਸੋਨੇ ਦੀਆਂ ਟੂੰਬਾਂ ਬਣਾ ਕੇ ਜ਼ਰੂਰ ਦਿਆ ਕਰਦੇ ਸਨ। ਸੋਨੇ ਦੀਆਂ ਟੂੰਬਾਂ ਦਾ ਵਿਆਹ ਵਿੱਚ ਦਿਖਾਵਾ ਵੀ ਕੀਤਾ ਜਾਂਦਾ ਸੀ। ਸ਼ਰੀਕੇ ਵਿੱਚ ਹਰ ਇੱਕ ਨੂੰ ਪਤਾ ਹੁੰਦਾ ਸੀ ਕਿ ਵਿਆਹ ਵਿੱਚ ਕੁੜੀ ਨੂੰ ਕਿਹੜੀਆਂ-ਕਿਹੜੀਆਂ ਟੂੰਬਾਂ ਮਾਪਿਆਂ ਵੱਲੋਂ

(ਬਾਕੀ ਅਗਲੇ ਸਫੇ 'ਤੇ)

TANVIR Tour & Travels FRESNO
(559) 803-0055
Where journey don't cost the world
Cheap Fares For Airline Tickets all around the world
Best Deals to India England, Pakistan, Canada and Europe
Our Services
* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal
B.R. Joshi, Prop.
5627 N. Figarden Dr. STE 114 Fresno, CA 93722
email: tanvirtravels@gmail.com, www.tanvirtravels.com

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39111 Paseo Padre Pkwy , suite 201 C, Fremont, CA 94538
Email:singhrpal@sbeglobal.net Singhtax.com

# ਸੋਨੇ ਦਾ ਤੈਨੂੰ ਹ.ਲ ਬਣਾ ਦਿਆਂ

(ਸਫਾ 8 ਦੀ ਬਾਕੀ)

ਪਾਈਆਂ ਗਈਆਂ ਹਨ ਅਤੇ ਇਹ ਟੂੰਬਾਂ ਬਰਾਤ ਆਏ ਲੋਕਾਂ ਨੂੰ ਵੀ ਖੱਟ ਦੇ ਰੂਪ ਵਿਚ ਦਿਖਾਈਆਂ ਜਾਂਦੀਆਂ ਸਨ। ਹਾਂ, ਇਹ ਗੱਲ ਜ਼ਰੂਰ ਸੀ ਕਿ ਅਮੀਰ ਲੋਕ ਆਪਣੇ ਵਿਆਹਾਂ ਵਿੱਚ ਸੋਨਾ ਵੱਧ ਵਰਤਦੇ ਸਨ ਅਤੇ ਗ਼ਰੀਬ ਹਲਕੇ ਗਹਿਣਿਆਂ ਨਾਲ ਆਪਣੀ ਇੱਛਾ ਜਾਂ ਸਮਾਜਿਕ ਪੂਰਤੀ ਕਰ ਲੈਂਦੇ ਸਨ। ਹਰ ਗ਼ਰੀਬ ਪੇਂਡੂ ਵਿਅਕਤੀ ਵੀ ਚਾਹੁੰਦਾ ਸੀ ਕਿ ਉਸ ਦੀ ਧੀ ਗਹਿਣਿਆਂ ਤੋਂ ਵਾਂਝੀ ਨਾ ਜਾਵੇ ਅਤੇ ਉਹ ਛੋਟੇ-ਛੋਟੇ ਗਹਿਣੇ ਜ਼ਰੂਰ ਧੀ ਦੀ ਖੁਸ਼ੀ ਲਈ ਬਣਾਉਂਦਾ। ਉਨ੍ਹਾਂ ਦਿਨਾਂ ਵਿੱਚ ਸੱਗੀ-ਫੁੱਲ, ਕੈਂਠੇ, ਗਲੇ ਦੇ ਹਾਰ, ਝਾਂਜਰਾਂ, ਮੱਥੇ ਟਿਕਾ, ਸੋਨੇ ਦੀਆਂ ਚੂੜੀਆਂ ਵਰਗੇ ਗਹਿਣੇ ਬਹੁਤ ਮਕਬੂਲ ਸਨ, ਪਰ ਕਈ ਲੋਕ ਆਪਣੀ ਆਰਥਿਕ ਸਥਿਤੀ ਨੂੰ ਦੇਖਦੇ ਹੋਏ ਲੌਂਗ, ਛਾਪ, ਕੰਨਾਂ ਨੂੰ ਵਾਲੀਆਂ ਜਾਂ ਪਿੱਪਲ ਪੱਤੀਆਂ ਵਰਗੇ ਛੋਟੇ ਗਹਿਣਿਆਂ ਨੂੰ ਤਰਜੀਹ ਦੇ ਦਿੰਦੇ ਸਨ। ਸਮਾਜ ਦੇ ਕਈ ਵਰਗਾਂ ਵਿੱਚ ਤਾਂ ਆਪਣੀ ਅਮੀਰੀ ਨੂੰ ਦਰਸਾਉਣ ਲਈ ਭਾਰੇ-ਭਾਰੇ ਸੋਨੇ ਦੇ ਗਹਿਣੇ ਵਿਆਹਾਂ ਵਿੱਚ ਪਾਏ ਜਾਂਦੇ ਸਨ। ਕਈ ਵਾਰ ਤਾਂ ਪਿੰਡਾਂ ਵਿੱਚ ਬਰਾਤਾਂ ਆਉਣ ’ਤੇ ਸੋਨੇ ਦੀਆਂ ਮੁੰਦਰੀਆਂ ਨਾਲ ਖ਼ਾਸ ਮਹਿਮਾਨਾਂ ਦਾ ਸਵਾਗਤ ਕਰਨ ਦਾ ਰਿਵਾਜ ਸੀ, ਪਰ ਇਹ ਉਦੋਂ ਚੰਗਾ ਲੱਗਦਾ ਸੀ ਜਦੋਂ ਸੋਨਾ ਸਸਤਾ, ਲੋਕਾਂ ਦੀ ਆਰਥਿਕ ਹਾਲਤ ਵਧੀਆ ਅਤੇ ਸਮਾਜਿਕ ਭਾਈਚਾਰਾਂ ਦੇਖਣ ਵਿੱਚ ਮਿਲਦਾ ਸੀ। ਹਰ ਧੀ-ਭੈਣ ਵੀ ਆਪਣੇ ਮਾਪਿਆਂ ਵੱਲੋਂ ਪਾਏ ਗਹਿਣਿਆਂ ਦੇ ਗੁਣਗਾਨ ਕਰਦੀ ਨਹੀਂ ਸੀ ਥੱਕਦੀ। ਇਹ ਗਹਿਣੇ ਇੱਕ ਸਮਾਜਿਕ ਲੋੜ ਬਣ ਚੁੱਕੇ ਸਨ। ਇਨ੍ਹਾਂ ਗਹਿਣਿਆਂ ਨੇ ਪੰਜਾਬ ਦੇ ਪੇਂਡੂ ਖੇਤਰ ਦੇ ਲੋਕਾਂ ਨੂੰ ਘਰੇਲੂ, ਸਮਾਜਿਕ ਅਤੇ ਆਰਥਿਕ ਪਹਿਲੂ ਦੇ ਰੂਪ ਵਿੱਚ ਹੀ ਨਹੀਂ ਅਪਣਾਇਆ ਸਗੋਂ ਇਨ੍ਹਾਂ ਨੇ ਤਾਂ ਪੰਜਾਬ ਦੇ ਸੱਭਿਆਚਾਰ ਨੂੰ ਵੀ ਚਾਰ ਚੰਨ ਲਗਾ ਦਿੱਤੇ ਸਨ। ਜਿਵੇਂ ਕਿਹਾ ਜਾਂਦਾ ਸੀ;

ਆ ਕੁੜੀ ਮੇਰਾ ਦਾਜ ਦੇਖਲੋ, ਦੇਖੋ ਲੇਫ਼ ਤਲਾਈ
ਥਾਲੀ ਵਿਚਲੇ ਗਹਿਣੇ ਦੇਖ ਲੋ, ਮੁੰਦਰੀ ਨੇ ਛਹਿਬਰ ਲਾਈ
ਨੀਂ ਲੈ ਗਏ ਬੂ ਸੁਹਰੇ, ਕੁੜੀਆਂ ਦੀ ਰਾਮ ਦੁਹਾਈ।

ਇਸੇ ਤਰ੍ਹਾਂ ਕੇਵਲ ਦਾਜ ਜਾਂ ਵਿਆਹਾਂ ਵਿੱਚ ਹੀ ਸੋਨੇ ਦੀ ਕਦਰ ਨਹੀਂ ਸੀ ਹੁੰਦੀ ਸਗੋਂ ਕੁੜੀਆਂ ਤਾਂ ਆਪਣੇ ਸਹੁਰੇ ਘਰ ਪੇਕਿਆਂ ਤੋਂ ਆਈ ਹਰ ਛੋਟੀ ਤੇ ਛੋਟੀ ਟੂੰਬ ਦਾ ਜ਼ਿਕਰ ਕਰਨਾ ਨਹੀਂ ਸੀ ਭੁੱਲਦੀ, ਜਿਵੇਂ ਕਿਹਾ ਜਾਂਦਾ ਸੀ;

ਵੀਰ ਮੇਰਾ ਅੱਜ ਲੈ ਕੇ ਆਇਆ, ਤੀਆਂ ਦਾ ਸੰਧਾਰਾ
ਮਹਿੰਦੀ, ਚੂੜੀਆਂ, ਸੂਟ ਗੁਲਾਬੀ।
ਵਿੱਚੋਂ ਲੌਂਗ ਦਾ ਪਿਆ ਲਿਸ਼ਕਾਰਾ
ਸਿੰਘ ਤਵੀਤੀ ਨੇ, ਮੁੰਡਾ ਮੋਹ ਲਿਆ ਕੈਂਠੇ ਵਾਲਾ।

ਇੱਥੇ ਹੀ ਬਸ ਨਹੀਂ ਪੰਜਾਬਣ ਦੇ ਹੁਸਨ ਦੀ ਤਾਂ ਸੋਨੇ ਚਾਂਦੀ ਦੀ ਚਮਕ ਨਾਲ ਤੁਲਨਾ ਕੀਤੀ ਜਾਂਦੀ ਸੀ ਅਤੇ ਘਰ ਦੇ ਕਿੱਤਿਆਂ ਨੂੰ ਵੀ ਇਸ ਸੋਨੇ ਨਾਲ ਜੋੜ ਦਿੱਤਾ ਜਾਂਦਾ ਸੀ ਜਿਵੇਂ ਕਿਹਾ ਜਾਂਦਾ ਸੀ;

ਆ ਵੇ ਜੱਟਾ ਆਪਾਂ ਖੇਤੀ ਕਰੀਏ
ਕਰੀਏ ਜੱਗ ਤੋਂ ਨਿਆਰੀ
ਸੋਨੇ ਦਾ ਤੈਨੂੰ ਹ.ਲ ਬਣਾ ਦਿਆਂ
ਚਾਂਦੀ ਦੀ ਪੰਜਾਲੀ
ਰੂਪ ਪੰਜਾਬਣ ਦਾ
ਦਿਨ ਚੜ੍ਹਦੇ ਦੀ ਲਾਲੀ।

ਇੱਥੋਂ ਤੱਕ ਕਿ ਕਿਸੇ ਦੀ ਆਰਥਿਕਤਾ ਦਾ ਅਨੁਮਾਨ ਵੀ ਸੋਨੇ-ਚਾਂਦੀ ਵਰਗੀਆਂ ਧਾਤਾਂ ਦੀ ਹੋਂਦ ਨਾਲ ਲਗਾਇਆ ਜਾਂਦਾ ਹੈ ਕਿਉਂਕਿ ਸੋਨੇ ਨੂੰ ਅੰਤਰਰਾਸ਼ਟਰੀ ਮੁਦਰਾ ਮੰਨਣ ਕਾਰਨ ਸੰਸਾਰ ਮੰਡੀ ਵਿੱਚ ਸੋਨੇ ਦੀ ਵੁੱਕਤ ਪੈਂਦੀ ਹੈ। ਜਦੋਂ ਕਿਸੇ ’ਤੇ ਕੋਈ ਭੀੜ ਬਣਦੀ ਹੈ ਤਾਂ ਸੋਨਾ ਹੀ ਕੰਮ ਆਉਂਦਾ ਹੈ। ਇਸੇ ਤਰ੍ਹਾਂ ਹੀ ਹੋਇਆ ਸੀ ਜਦੋਂ 1962 ਵਿੱਚ ਭਾਰਤ-ਚੀਨ ਜੰਗ ਲੱਗੀ ਤਾਂ ਦੇਸ਼ ਦੀ ਆਰਥਿਕਤਾ ਨੂੰ ਬਚਾਉਣ ਲਈ ਦੇਸ਼ ਕੋਲ ਵਿਆਪਕ ਸੋਨੇ ਦੇ ਭੰਡਾਰਾਂ ਦੀ ਲੋੜ ਪਈ। ਇਸ ਲਈ ਦੇਸ਼ ਵਾਸੀਆਂ ਨੂੰ ਅਪੀਲ ਕਰਨੀ ਪਈ ਅਤੇ ਇਹ ਗੀਤ ਬਹੁਤ ਮਕਬੂਲ ਹੋਇਆ;

ਭਾਬੀ ਲਾਹ ਕੇ ਦੇ ਦੇ ਸੋਨੇ ਦੀਆਂ ਚੂੜੀਆਂ
ਜੇ ਚੀਨੀਆਂ ਤੋਂ ਜੰਗ ਜਿੱਤਣੀ।

ਅੱਜ ਅਸੀਂ ਦੇਖਦੇ ਹਾਂ ਕਿ ਦੇਸ਼ ਵਿੱਚ ਸੋਨੇ ਦੀ ਕੀਮਤ ਹਜ਼ਾਰਾਂ ਨਹੀਂ ਲੱਖਾਂ ਨੂੰ ਪਾਰ ਕਰ ਚੁੱਕੀ ਹੈ। ਗ਼ਰੀਬ ਲੋਕ ਸੋਨਾ ਖਰੀਦਣ ਲਈ ਤਰਸ ਗਏ ਹਨ। ਵਿਆਹਾਂ-ਸ਼ਾਦੀਆਂ ਵਾਲੇ ਪਰਿਵਾਰਾਂ ਦੀ ਚਿੰਤਾ ਬਹੁਤ ਵਧ ਗਈ ਹੈ। ਵਿਆਹ ਵਿੱਚ ਸੋਨੇ ਦੀ ਲੋੜ ਤਾਂ ਹੈ ਹੀ, ਪਰ ਖਰੀਦਣ ਦੀ ਸਮਰੱਥਾ ਨਹੀਂ ਹੈ। ਜਿਨ੍ਹਾਂ ਗ਼ਰੀਬ ਮਾਪਿਆਂ ਨੇ ਆਪਣੀਆਂ ਲੜਕੀਆਂ ਦੇ ਵਿਆਹ ਕਾਰਜ ਕਰਨੇ ਹਨ, ਉਨ੍ਹਾਂ ਨੂੰ ਚੈਨ ਨਹੀਂ ਮਿਲਦੀ, ਕਿੱਥੋਂ ਲਿਆਉਣ ਇੱਕ ਤੋਲੇ ਸੋਨੇ ਲਈ ਸਵਾ ਲੱਖ ਰੁਪਿਆ ? ਛੋਟੇ ਤੋਂ ਛੋਟੇ ਗਹਿਣੇ ਵੀ ਕਈ-ਕਈ ਲੱਖਾਂ ਵਿੱਚ ਬਣਦੇ ਸਨ। ਸਾਲਾਂ ਦੀ ਕਮਾਈ ਇੱਕ ਤੋਲੇ ਸੋਨੇ ਵਿੱਚ ਹੀ ਚਲੀ ਜਾਂਦੀ ਹੈ ਤਾਂ ਉਹ ਆਪਣੀ ਧੀ ਨੂੰ ਕਿੱਥੋਂ ਲੈ ਕੇ ਦੇਣ ਮਹਿੰਗੇ ਸੋਨੇ ਦੀਆਂ ਟੂੰਬਾਂ ? ਇਹ ਗੱਲ ਧੀਆਂ ਵੀ ਸਮਝਦੀਆਂ ਹਨ, ਪਰ ਮਾਪੇ ਵੀ ਬੇ-ਵਸ ਹਨ।










# ਦੁਨੀਆ ਦੇ ਸਭ ਤੋਂ ਖ਼ਤਰਨਾਕ ਹੈਕਰ, ਜੋ ਸਿਸਟਮ ਹੀ ਵਿਗਾੜ ਦਿੰਦੇ ਨੇ




ਕਈ ਸਾਲ "ਟੈਂਕ" ਬਾਰੇ ਪੜ੍ਹਨ ਅਤੇ ਆਖ਼ਰ ਕੋਲਰੈਡੋ ਦੀ ਜੇਲ੍ਹ ਵਿੱਚ ਉਸ ਨਾਲ ਮੁਲਾਕਾਤ ਦੀ ਯੋਜਨਾ ਬਣਾਉਣ ਤੋਂ ਬਾਅਦ, ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਕਮਰੇ ਵਿੱਚ ਆਉਂਦੇ ਦੇਖਦਾ, ਦਰਵਾਜ਼ਾ ਕਲਿੱਕ ਦੀ ਅਵਾਜ਼ ਨਾਲ ਖੁੱਲ੍ਹਿਆ। ਮੈਂ ਇਸ ਸਾਬਕਾ ਸਾਈਬਰ ਹੈਕਰ ਨਾਲ ਹੱਥ ਮਿਲਾਉਣ ਲਈ ਖੜ੍ਹਾ ਹੋਇਆ। ਪਰ, ਕਿਸੇ ਸ਼ਰਾਰਤੀ ਕਾਰਟੂਨ ਕਿਰਦਾਰ ਵਾਂਗ ਉਹ ਦੰਦੀਆਂ ਕੱਢ ਕੇ ਹੱਸਿਆ ਅਤੇ ਇੱਕ ਥੰਮ੍ਹ ਦੇ ਦੁਆਲੇ ਤੋਂ ਆਪਣਾ ਸਿਰ ਬਾਹਰ ਕੱਢਕੇ ਮੈਨੂੰ ਅੱਖ ਮਾਰੀ। ਟੈਂਕ, ਜਿਸਦਾ ਅਸਲ ਨਾਮ ਵਿਆਚੇਸਲਾਵ ਪੇਨਚੁਕੋਵ ਹੈ, ਸਿਰਫ਼ ਤਕਨੀਕੀ ਜਾਦੂਗਰੀ ਦੀ ਬਦੌਲਤ ਨਹੀਂ ਸਗੋਂ ਆਪਣੀ ਅਪਰਾਧਿਕ ਖਿੱਚ ਦੇ ਕਾਰਨ ਸਾਈਬਰ-ਅੰਡਰਵਰਲਡ ਦੇ ਸਿਖ਼ਰ 'ਤੇ ਪਹੁੰਚਿਆ। ਇਸ 39 ਸਾਲਾ ਯੂਕਰੇਨੀ ਨੇ ਇੱਕ ਚੌੜੀ ਮੁਸਕਰਾਹਟ ਨਾਲ ਕਿਹਾ, "ਮੈਂ ਇੱਕ ਦੋਸਤਾਨਾ ਬੰਦਾ ਹਾਂ, ਮੈਂ ਸੌਖਿਆਂ ਹੀ ਦੋਸਤ ਬਣਾ ਲੈਂਦਾ ਹਾਂ।" ਕਿਹਾ ਜਾਂਦਾ ਹੈ ਕਿ ਵਧੀਆ ਦੋਸਤ ਹੋਣ ਕਾਰਨ ਪੇਨਚੂਕੋਵ ਇੰਨੇ ਲੰਬੇ ਸਮੇਂ ਤੱਕ ਪੁਲਿਸ ਤੋਂ ਬਚੇ ਰਹਿਣ ਵਿੱਚ ਕਾਮਯਾਬ ਰਿਹਾ। ਉਹ ਲਗਭਗ 10 ਸਾਲ ਐੱਫਬੀਆਈ ਦੀ 'ਸਭ ਤੋਂ ਵੱਧ ਲੋੜੀਂਦੇ' ਲੋਕਾਂ ਸੂਚੀ ਵਿੱਚ ਰਿਹਾ। ਉਹ ਸਾਈਬਰ-ਅਪਰਾਧ ਇਤਿਹਾਸ ਦੇ ਦੋ ਵੱਖ-ਵੱਖ ਦੌਰਾਂ ਵਿੱਚ ਦੋ ਵੱਖੋ-ਵੱਖਰੇ ਗਿਰੋਹਾਂ ਦਾ ਸਰਗਨਾ ਵੀ ਰਿਹਾ। ਕਿਸੇ ਅਜਿਹੇ ਉੱਚ-ਪੱਧਰੀ ਸਾਈਬਰ-ਅਪਰਾਧੀ ਨਾਲ ਮੁਲਾਕਾਤ ਕਰਨਾ ਬਹੁਤ ਹੀ ਦੁਰਲੱਭ ਹੈ ਜਿਸ ਨੇ ਆਪਣੇ ਪਿੱਛੇ ਇੰਨੇ ਸਾਰੇ ਪੀੜਤ ਛੱਡੇ ਹੋਣ। ਪੇਨਚੁਕੋਵ ਨੇ ਚੱਲ ਰਹੀ ਪੌਡਕਾਸਟ ਲੜੀ 'ਸਾਈਬਰ ਹੈਕ: ਈਵਿਲ ਕਾਰਪ' ਦੇ ਹਿੱਸੇ ਵਜੋਂ, ਦੋ ਦਿਨਾਂ ਵਿੱਚ ਸਾਡੇ ਨਾਲ ਛੇ ਘੰਟੇ ਗੱਲ ਕੀਤੀ। ਆਪਣੀ ਪਲੇਠੀ ਅਤੇ ਵਿਸ਼ੇਸ਼ ਇੰਟਰਵਿਊ ਵਿੱਚ ਪੇਨਚੁਕੋਵ ਨੇ ਇਨ੍ਹਾਂ ਅਤਿ ਦੇ ਸ਼ਿਕਾਰੀ ਸਾਈਬਰ-ਗਿਰੋਹਾਂ ਦੀਆਂ ਅੰਦਰੂਨੀ ਸਰਗਰਮੀਆਂ, ਇਨ੍ਹਾਂ ਦੇ ਪਿੱਛੇ ਕੰਮ ਕਰਨ ਵਾਲਿਆਂ ਦੀ ਮਾਨਸਿਕਤਾ, ਅਤੇ ਅਜੇ ਵੀ ਫਰਾਰ ਚੱਲ ਰਹੇ ਹੈਕਰਾਂ ਬਾਰੇ ਕਈ ਖੁਲਾਸੇ ਕੀਤੇ ਹਨ। ਇਨ੍ਹਾਂ ਵਿੱਚੋਂ ਇੱਕ ਪਾਬੰਦੀਸ਼ੁਦਾ ਰੂਸੀ ਸਮੂਹ 'ਈਵਿਲ ਕਾਰਪ' ਦਾ ਕਥਿਤ ਸਰਗਨਾ ਵੀ ਹੈ।

ਅਥਾਰਟੀਆਂ ਨੇ 2022 ਵਿੱਚ, ਪੇਨਚੂਕੋਵ ਨੂੰ ਸਵਿਟਜ਼ਰਲੈਂਡ ਵਿੱਚ ਇੱਕ ਨਾਟਕੀ ਆਪਰੇਸ਼ਨ ਦੌਰਾਨ ਗ੍ਰਿਫ਼ਤਾਰ ਕੀਤਾ। ਉਨ੍ਹਾਂ ਨੂੰ ਅਜਿਹਾ ਕਰਨ ਵਿੱਚ 15 ਸਾਲਾਂ ਤੋਂ ਵਧੇਰੇ ਸਮਾਂ ਲੱਗ ਗਿਆ। ਉਸ ਨੇ ਚਿੜ੍ਹ ਕੇ ਯਾਦ ਕੀਤਾ, "ਛੱਤ 'ਤੇ ਨਿਸ਼ਾਨਚੀ ਸਨ ਅਤੇ ਪੁਲਿਸ ਨੇ ਮੈਨੂੰ ਜ਼ਮੀਨ 'ਤੇ ਲੰਮਾ ਪਾ ਕੇ ਹੱਥਕੜੀ ਲਗਾ ਦਿੱਤੀ ਅਤੇ ਮੇਰੇ ਬੱਚਿਆਂ ਦੇ ਸਾਹਮਣੇ ਗਲੀ ਵਿੱਚ ਮੇਰੇ ਸਿਰ ਉੱਤੇ ਇੱਕ ਬੋਰੀ ਪਾ ਦਿੱਤੀ। ਉਹ ਡਰ ਗਏ ਸਨ।" ਗ੍ਰਿਫ਼ਤਾਰੀ ਦੇ ਤਰੀਕੇ ਬਾਰੇ ਉਸ ਦੇ ਦਿਲ ਵਿੱਚ ਅਜੇ ਵੀ ਕੁੜੱਤਣ ਹੈ। ਉਸਦਾ ਤਰਕ ਹੈ ਕਿ ਇਹ ਬਹੁਤ ਜ਼ਿਆਦਾ ਸੀ। ਹਾਲਾਂਕਿ, ਦੁਨੀਆ ਭਰ ਵਿੱਚ ਫੈਲੇ ਉਸਦੇ ਹਜ਼ਾਰਾਂ ਪੀੜਤ ਉਸ ਨਾਲ ਸਖ਼ਤ ਅਸਹਿਮਤੀ ਪ੍ਰਗਟ ਕਰਨਗੇ। ਪੇਨਚੁਕੋਵ ਅਤੇ ਜਿਨ੍ਹਾਂ ਗਿਰੋਹਾਂ ਦਾ ਜਾਂ ਤਾਂ ਉਹ ਹਿੱਸਾ ਸੀ ਜਾਂ ਫਿਰ ਆਗੂ ਰਿਹਾ ਸੀ, ਉਨ੍ਹਾਂ ਨੇ ਲੋਕਾਂ ਦੇ ਲੱਖਾਂ ਪੌਂਡ ਚੋਰੀ ਕੀਤੇ ਸਨ। ਸੰਨ 2000 ਦੇ ਦਹਾਕੇ ਦੇ ਅਖੀਰਲੇ ਸਾਲਾਂ ਵਿੱਚ ਉਸਨੇ ਅਤੇ ਬਦਨਾਮ ਜੈਬਰ ਜ਼ਿਊਸ ਗਿਰੋਹ ਨੇ ਛੋਟੇ ਕਾਰੋਬਾਰਾਂ, ਸਥਾਨਕ ਅਥਾਰਟੀਆਂ ਅਤੇ ਇੱਥੋਂ ਤੱਕ ਕਿ ਚੈਰਿਟੀਆਂ ਦੇ ਬੈਂਕ ਖਾਤਿਆਂ ਵਿੱਚੋਂ ਸਿੱਧੇ ਤੌਰ 'ਤੇ ਚੋਰੀ ਕਰਨ ਲਈ ਕ੍ਰਾਂਤੀਕਾਰੀ ਸਾਈਬਰ-ਕ੍ਰਾਈਮ ਤਕਨੀਕ ਦੀ ਵਰਤੋਂ ਕੀਤੀ।

ਪੀੜਤਾਂ ਨੇ ਦੇਖਿਆ ਕਿ ਉਨ੍ਹਾਂ ਦੀ ਬੱਚਤ ਖ਼ਤਮ ਹੋ ਗਈ ਅਤੇ ਬੈਲੇਂਸ ਸ਼ੀਟਾਂ ਉਲਟ ਗਈਆਂ। ਸਿਰਫ਼ ਯੂਕੇ ਵਿੱਚ ਹੀ, 600 ਤੋਂ ਵੱਧ ਪੀੜਤ ਸਨ, ਜਿਨ੍ਹਾਂ ਨੇ ਸਿਰਫ਼ ਤਿੰਨ ਮਹੀਨਿਆਂ ਵਿੱਚ 40 ਲੱਖ ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਝੱਲਿਆ। 2018 ਅਤੇ 2022 ਦੇ ਵਿਚਕਾਰ, ਪੇਨਚੁਕੋਵ ਨੇ ਆਪਣਾ ਨਿਸ਼ਾਨਾ ਹੋਰ ਉੱਚਾ ਕਰ ਲਿਆ। ਉਹ ਵੱਧ ਰਹੇ ਰੈਨਸਮਵੇਅਰ ਈਕੋਸਿਸਟਮ ਵਿੱਚ ਅਜਿਹੇ ਗਿਰੋਹਾਂ ਨਾਲ ਸ਼ਾਮਲ ਹੋ ਗਿਆ ਜਿਨ੍ਹਾਂ ਨੇ ਅੰਤਰਰਾਸ਼ਟਰੀ ਕਾਰਪੋਰੇਸ਼ਨਾਂ ਅਤੇ ਇੱਥੋਂ ਤੱਕ ਕਿ ਇੱਕ ਹਸਪਤਾਲ ਨੂੰ ਵੀ ਨਿਸ਼ਾਨਾ ਬਣਾਇਆ। ਐਂਗਲਵੁੱਡ ਸੁਧਾਰ ਘਰ, ਜਿੱਥੇ ਪੇਨਚੁਕੋਵ ਨੂੰ ਰੱਖਿਆ ਗਿਆ ਹੈ, ਨੇ ਸਾਨੂੰ ਜੇਲ੍ਹ ਦੇ ਅੰਦਰ ਕੋਈ ਵੀ ਰਿਕਾਰਡਿੰਗ ਉਪਕਰਨ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ, ਇਸ ਲਈ ਇੱਕ ਪ੍ਰੋਡਿਊਸਰ ਅਤੇ ਮੈਂ ਇੰਟਰਵਿਊ ਦੌਰਾਨ ਨੋਟਿਸ ਬਣਾਏ। ਇਸ ਸਾਰੇ ਸਮੇਂ ਦੌਰਾਨ ਨੇੜੇ ਹੀ ਇੱਕ ਗਾਰਡ ਸਾਡੇ 'ਤੇ ਨਜ਼ਰ ਰੱਖਦਾ ਸੀ। ਪੇਨਚੁਕੋਵ ਬਾਰੇ ਪਹਿਲੀ ਵਿਲੱਖਣ ਗੱਲ, ਇਹ ਹੈ ਕਿ ਭਾਵੇਂ ਉਹ ਰਿਹਾਅ ਹੋਣ ਲਈ ਉਤਾਵਲਾ ਹੈ, ਪਰ ਉਹ ਬਹੁਤ ਖ਼ੁਸ਼ ਲੱਗਦਾ ਹੈ। ਸਾਫ਼ ਹੈ ਕਿ ਜੇਲ੍ਹ ਵਿੱਚ ਆਪਣੇ ਸਮੇਂ ਦਾ ਪੂਰਾ ਲਾਹਾ ਲੈ ਰਿਹਾ ਹੈ। ਉਸ ਨੇ ਮੈਨੂੰ ਦੱਸਿਆ ਕਿ ਉਹ ਬਹੁਤ ਸਾਰੀਆਂ ਖੇਡਾਂ ਖੇਡਦਾ ਹੈ। ਉਹ ਫ੍ਰੈਂਚ ਅਤੇ ਅੰਗਰੇਜ਼ੀ ਸਿੱਖ ਰਿਹਾ ਹੈ। ਇੱਕ ਚੰਗੀ ਤਰ੍ਹਾਂ ਵਰਤੀ ਹੋਈ ਰੂਸੀ-ਅੰਗਰੇਜ਼ੀ ਡਿਕਸ਼ਨਰੀ ਸਾਡੀ ਇੰਟਰਵਿਊ ਦੌਰਾਨ ਉਸਦੇ ਕੋਲ ਸੀ। ਉਹ ਹਾਈ-ਸਕੂਲ ਡਿਪਲੋਮੇ ਹਾਸਲ ਕਰ ਰਿਹਾ ਹੈ। ਮੈਂ ਉਸ ਨੂੰ ਕਿਹਾ ਕਿ ਉਹ ਜ਼ਰੂਰ ਹੀ ਬਹੁਤ ਬੁੱਧੀਮਾਨ ਹੈ ਲੇਕਿਨ ਉਸ ਨੇ ਮਜ਼ਾਕ ਵਿੱਚ ਕਿਹਾ,"ਇੰਨਾ ਵੀ ਬੁੱਧੀਮਾਨ ਨਹੀਂ - ਮੈਂ ਜੇਲ੍ਹ ਵਿੱਚ ਹਾਂ।" ਐਂਗਲਵੁੱਡ ਇੱਕ ਘੱਟ-ਸੁਰੱਖਿਆ ਵਾਲੀ ਪਰ ਚੰਗੀਆਂ ਸਹੂਲਤਾਂ ਵਾਲੀ ਜੇਲ੍ਹ ਹੈ। ਕੋਲਰੈਡੋ ਦੇ ਰੌਕੀ ਪਹਾੜਾਂ ਦੇ ਪੈਰਾਂ ਵਿੱਚ ਇਸਦੀ ਮਧਰੀ ਪਰ ਫੈਲਵੀਂ ਇਮਾਰਤ ਬਣੀ ਹੈ। ਜੇਲ੍ਹ ਦੇ ਆਲੇ-ਦੁਆਲੇ ਘਾਹ ਹੈ, ਜਿਸ ਵਿੱਚ ਸ਼ੋਰ ਮਚਾਉਣ ਵਾਲੇ ਪ੍ਰੇਅਰੀ ਨਸਲ ਦੇ ਕੁੱਤੇ ਹਨ ਜੋ ਜੇਲ੍ਹ ਦੇ ਬਾਹਰ-ਅੰਦਰ ਆਉਣ-ਜਾਣ ਵਾਲੇ ਵਾਹਨਾਂ ਤੋਂ ਪਰੇਸ਼ਾਨ ਹੁੰਦੇ ਹਨ ਅਤੇ ਭੱਜ ਕੇ ਆਪਣੀਆਂ ਖੁੱਡਾਂ ਵਿੱਚ ਚਲੇ ਜਾਂਦੇ ਹਨ।

ਇਹ ਜੇਲ੍ਹ ਯੂਕਰੇਨ ਦੇ ਦੋਨੇਤਸਕ ਖੇਤਰ ਤੋਂ ਬਹੁਤ ਦੂਰ ਹੈ, ਜਿੱਥੇ ਉਸ ਨੇ ਆਪਣਾ ਪਹਿਲਾ ਸਾਈਬਰ-ਅਪਰਾਧ ਗਿਰੋਹ ਚਲਾਇਆ ਸੀ। ਹੈਕਿੰਗ ਦੇ ਖੇਤਰ ਵਿੱਚ ਉਹ ਗੇਮ ਚੀਟ ਫੋਰਮਾਂ ਰਾਹੀਂ ਆਇਆ, ਜਿੱਥੇ ਉਹ ਆਪਣੀਆਂ ਮਨਪਸੰਦ ਵੀਡੀ ਗੇਮਾਂ ਜਿਵੇਂ ਕਿ ਫੀਫਾ 99 ਅਤੇ ਕਾਊਂਟਰਸਟਰਾਈਕ ਲਈ ਚੀਟਸ ਲੱਭਦਾ ਹੁੰਦਾ ਸੀ। 'ਗੇਮ ਚੀਟਸ' ਅਸਲ ਵਿੱਚ ਕੰਪਿਊਟਰ ਗੇਮਾਂ ਵਿੱਚ ਵਰਤੇ ਜਾਣ ਵਾਲੇ ਖਾਸ ਕੋਡ, ਕਮਾਂਡਾਂ, ਜਾਂ ਤਰੀਕੇ ਹੁੰਦੇ ਹਨ ਜੋ ਖਿਡਾਰੀ ਨੂੰ ਆਮ ਨਿਯਮਾਂ ਦੇ ਉਲਟ ਵਿਸ਼ੇਸ਼ ਫਾਇਦੇ ਜਾਂ ਸ਼ਕਤੀਆਂ ਦਿੰਦੇ ਹਨ।

ਉਹ ਬਹੁਤ ਮਸ਼ਹੂਰ ਜੈਬਰ ਜ਼ਿਊਸ ਗਿਰੋਹ ਦਾ ਆਗੂ ਬਣ ਗਿਆ। ਇਸ ਗਿਰੋਹ ਦਾ ਨਾਮ ਉਨ੍ਹਾਂ ਦੁਆਰਾ ਵਰਤੇ ਗਏ ਕ੍ਰਾਂਤੀਕਾਰ ਜ਼ਿਊਸ ਮਾਲਵੇਅਰ ਦੇ ਨਾਮ ਉੱਤੇ ਕੀਤਾ ਗਿਆ ਜਦਕਿ ਉਨ੍ਹਾਂ ਦਾ ਮਨਪਸੰਦ ਸੰਚਾਰ ਪਲੇਟਫਾਰਮ ਜੈਬਰ ਸੀ। ਪੇਨਚੁਕੋਵ ਹੈਕਰਾਂ ਦੇ ਇੱਕ ਛੋਟੇ ਸਮੂਹ ਨਾਲ ਕੰਮ ਕਰਦਾ ਸੀ ਜਿਸ ਵਿੱਚ ਉਸ ਨਾਲ ਮਾਕਸਿਮ ਯਾਕੁਬੇਟਸ ਵੀ ਸ਼ਾਮਲ ਸੀ। ਮਾਕਸਿਮ ਇੱਕ ਰੂਸੀ ਸੀ ਜਿਸ ਉੱਤੇ ਅੱਗੇ ਜਾ ਕੇ ਅਮਰੀਕੀ ਸਰਕਾਰ ਨੇ ਪਾਬੰਦੀ ਲਾ ਦਿੱਤੀ ਗਈ ਸੀ। ਉਸ ਉੱਤੇ ਬਦਨਾਮ ਸਾਈਬਰ-ਗਰੁੱਪ ਈਵਿਲ ਕਾਰਪ ਦੀ ਅਗਵਾਈ ਕਰਨ ਦਾ ਇਲਜ਼ਾਮ ਸੀ। ਪੇਨਚੁਕੋਵ ਨੇ ਦੱਸਿਆ ਕਿ 2000ਵਿਆਂ ਦੇ ਅਖੀਰਲੇ ਸਾਲਾਂ ਦੌਰਾਨ, ਜੈਬਰ ਜ਼ਿਊਸ ਗਿਰੋਹ ਦੋਨੇਤਸਕ ਦੇ ਕੇਂਦਰ ਵਿੱਚ ਇੱਕ ਦਫ਼ਤਰ ਤੋਂ ਕੰਮ ਕਰਦਾ ਸੀ, ਜਿੱਥੇ ਉਹ ਵਿਦੇਸ਼ਾਂ ਵਿੱਚ ਪੀੜਤਾਂ ਕੋਲੋਂ ਪੈਸੇ ਚੋਰੀ ਕਰਨ ਲਈ ਛੇ ਤੋਂ ਸੱਤ ਘੰਟੇ ਕੰਮ ਕਰਦੇ ਸਨ। ਪੇਨਚੁਕੋਵ ਅਕਸਰ ਸ਼ਹਿਰ ਵਿੱਚ ਡੀਜੇ ਸਲਾਵਾ ਰਿਚ ਦੇ ਨਾਮ ਹੇਠ ਡੀਜੇ ਸੈੱਟ ਵਜਾ ਕੇ ਆਪਣਾ ਦਿਨ ਖ਼ਤਮ ਕਰਦਾ ਸੀ। ਉਹ ਕਹਿੰਦਾ ਹੈ ਕਿ ਉਨ੍ਹੀਂ ਦਿਨੀਂ ਸਾਈਬਰ-ਅਪਰਾਧ ਵਿੱਚ ਪੈਸਾ ਸੌਖਿਆਂ ਹੀ ਬਣ ਜਾਂਦਾ ਸੀ। ਬੈਂਕਾਂ ਨੂੰ ਇਹ ਰੋਕਣਾ ਨਹੀਂ ਆਉਂਦਾ ਸੀ ਅਤੇ ਅਮਰੀਕਾ, ਯੂਕਰੇਨ ਅਤੇ ਯੂਕੇ ਦੀ ਪੁਲਿਸ ਇਸਦਾ ਮੁਕਾਬਲਾ ਨਹੀਂ ਕਰ ਸਕਦੀ ਸੀ।

ਆਪਣੀ ਉਮਰ ਦੇ ਦੂਜੇ ਦਹਾਕੇ ਦੇ ਸ਼ੁਰੂਆਤੀ ਦੌਰ ਵਿੱਚ, ਉਹ ਇੰਨਾ ਜ਼ਿਆਦਾ ਪੈਸਾ ਕਮਾ ਰਿਹਾ ਸੀ ਕਿ ਉਸਨੇ ਆਪਣੇ ਲਈ "ਨਵੀਆਂ ਕਾਰਾਂ ਇੰਝ ਖਰੀਦੀਆਂ ਜਿਵੇਂ ਉਹ ਨਵੇਂ ਕੱਪੜੇ ਹੋਣ"। ਉਸ ਕੋਲ ਕੁੱਲ ਛੇ ਕਾਰਾਂ ਸਨ ਜੋ ਕਿ "ਸਾਰੀਆਂ ਮਹਿੰਗੀਆਂ ਜਰਮਨ ਕਾਰਾਂ" ਸਨ। ਉਸ ਬਾਰੇ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਉਦੋਂ ਮਿਲੀ ਜਦੋਂ ਉਹ ਅਪਰਾਧੀਆਂ ਦੀਆਂ ਜੈਬਰ ਵਿੱਚ ਕੀਤੀਆਂ ਗਈਆਂ ਟੈਕਸਟ ਚੈਟਾਂ 'ਤੇ ਲੁਕਵੀਂ ਨਜ਼ਰ ਰੱਖਣ ਵਿੱਚ ਕਾਮਯਾਬ ਹੋ ਗਏ ਅਤੇ ਟੈਂਕ ਦੀ ਅਸਲ ਪਛਾਣ ਉਸ ਵੱਲੋਂ ਆਪਣੀ ਧੀ ਦੇ ਜਨਮ ਬਾਰੇ ਦਿੱਤੇ ਗਏ ਵੇਰਵਿਆਂ ਦੀ ਵਰਤੋਂ ਕਰਕੇ ਲੱਭ ਲਈ ਗਈ। ਜੈਬਰ ਜ਼ਿਊਸ ਗਿਰੋਹ ਉੱਤੇ ਘੇਰਾ ਕੱਸਿਆ ਗਿਆ ਅਤੇ ਐੱਫਬੀਆਈ ਦੀ ਅਗਵਾਈ ਵਾਲੇ ਟਰਾਈਡੈਂਟ ਬ੍ਰੀਚ ਨਾਮਕ ਇੱਕ ਆਪ੍ਰੇਸ਼ਨ ਤਹਿਤ ਯੂਕਰੇਨ ਅਤੇ ਯੂਕੇ ਵਿੱਚ ਫੜੋ-ਫੜੀ ਕੀਤੀ ਗਈ। ਲੇਕਿਨ, ਪੇਨਚੁਕੋਵ ਇੱਕ ਸੂਹ ਮਿਲ ਜਾਣ ਕਾਰਨ ਬਚ ਕੇ ਨਿਕਲ ਗਿਆ। ਮੁਖਬਰ ਦਾ ਨਾਮ ਉਸ ਨੇ ਨਹੀਂ ਦੱਸਿਆ। ਇਹ ਸਭ ਉਸਦੀ ਇੱਕ ਤੇਜ਼ ਰਫ਼ਤਾਰ ਕਾਰ ਸਦਕਾ ਸੰਭਵ ਹੋ ਸਕਿਆ। ਉਸ ਨੇ ਦੱਸਿਆ, "ਮੇਰੇ ਕੋਲ 500 ਹਾਰਸਪਾਵਰ ਵਾਲੇ ਲੈਂਬਰਗਿਨੀ ਇੰਜਣ ਵਾਲੀ ਇੱਕ ਔਡੀ ਐੱਸ8 ਸੀ, ਇਸ ਲਈ ਜਦੋਂ ਮੈਂ ਆਪਣੇ ਪਿਛਲੇ ਸ਼ੀਸ਼ੇ ਵਿੱਚ ਪੁਲਿਸ ਨੂੰ ਲਾਈਟਾਂ ਚਮਕਾਉਂਦੇ ਦੇਖਿਆ, ਤਾਂ ਮੈਂ ਲਾਲ ਬੱਤੀ ਟੱਪ ਕੇ ਉਹਨਾਂ ਤੋਂ ਸੌਖਿਆਂ ਹੀ ਵੱਖ ਹੋ ਗਿਆ। ਇਸ ਨੇ ਮੈਨੂੰ ਆਪਣੀ ਕਾਰ ਦੀ ਪੂਰੀ ਤਾਕਤ ਦੀ ਪਰਖਣ ਦਾ ਮੌਕਾ ਦਿੱਤਾ।"

ਉਸ ਨੇ ਕੁਝ ਸਮੇਂ ਲਈ ਇੱਕ ਦੋਸਤ ਕੋਲ ਅੰਡਰ ਗਰਾਊਂਡ ਰਹਿ ਕੇ ਝੱਟ ਲੰਘਾਇਆ। ਪਰ ਐੱਫ ਬੀ ਆਈ ਦੇ ਯੂਕਰੇਨ ਛੱਡਦੇ ਹੀ ਸਥਾਨਕ ਅਧਿਕਾਰੀਆਂ ਨੇ ਉਸ ਵਿੱਚ ਦਿਲਚਸਪੀ ਲੈਣੀ ਬੰਦ ਕਰ ਦਿੱਤੀ। ਇਸ ਲਈ ਪੇਨਚੁਕੋਵ ਨੇ ਨਜ਼ਰਾਂ ਤੋਂ ਬਚ ਕੇ ਰਹਿਣਾ ਜਾਰੀ ਰੱਖਿਆ ਅਤੇ ਉਸਦਾ ਕਹਿਣਾ ਹੈ, ਕਿ ਉਹ ਸਿੱਧੇ ਰਾਹ ਪੈ ਗਿਆ। ਉਸਨੇ ਕੋਲੇ ਦੇ ਕਾਰੋਬਾਰ ਦੀ ਇੱਕ ਕੰਪਨੀ ਸ਼ੁਰੂ ਕੀਤੀ। ਲੇਕਿਨ ਐੱਫਬੀਆਈ ਅਜੇ ਵੀ ਉਸਦਾ ਪਿੱਛਾ ਕਰ ਰਹੀ ਸੀ। ਉਸ ਨੇ ਦੱਸਿਆ, "ਮੈਂ ਕ੍ਰੀਮੀਆ ਵਿੱਚ ਛੁੱਟੀਆਂ ਮਨਾਉਣ ਗਿਆ ਸੀ ਜਦੋਂ ਮੈਨੂੰ ਇੱਕ ਦੋਸਤ ਦਾ ਸੁਨੇਹਾ ਮਿਲਿਆ। ਜਦੋਂ ਮੈਨੂੰ ਪਤਾ ਲੱਗਾ ਕਿ ਮੈਨੂੰ ਐੱਫਬੀਆਈ ਦੀ 'ਸਭ ਤੋਂ ਵੱਧ ਲੋੜੀਂਦੇ ਲੋਕਾਂ' ਦੀ ਸੂਚੀ ਵਿੱਚ ਪਾ ਦਿੱਤਾ ਗਿਆ ਹੈ।" "ਮੈਂ ਸੋਚਿਆ ਸੀ ਕਿ ਮੈਂ ਸਭ ਕੁਝ ਤੋਂ ਬਚ ਨਿਕਲਿਆ ਹਾਂ, ਫਿਰ ਮੈਨੂੰ ਅਹਿਸਾਸ ਹੋਇਆ ਕਿ ਮੇਰੇ ਲਈ ਇੱਕ ਨਵੀਂ ਸਮੱਸਿਆ ਖੜ੍ਹੀ ਹੋ ਗਈ ਹੈ," ਜੋ ਉਸ ਮੁਤਾਬਕ ਬਹੁਤ ਥੋੜ੍ਹਾ ਔਖਾ ਸੀ। ਜਦਕਿ ਸਮੱਸਿਆ ਇਸ ਤੋਂ ਕਿਤੇ ਵੱਡੀ ਸੀ।

ਹਾਲਾਂਕਿ, ਉਸ ਉਸਦੇ ਵਕੀਲ ਨੇ ਬੜੇ ਠਰੰਮੇ ਨਾਲ ਉਸ ਨੂੰ ਚਿੰਤਾ ਨਾ ਕਰਨ ਦੀ ਸਲਾਹ ਦਿੱਤੀ। ਵਕੀਲ ਦੀ ਰਾਇ ਸੀ ਕਿ ਜਦੋਂ ਤੱਕ ਉਹ ਯੂਕਰੇਨ ਜਾਂ ਰੂਸ ਤੋਂ ਬਾਹਰ ਸਫ਼ਰ ਨਹੀਂ ਕਰਦਾ, ਅਮਰੀਕੀ ਪੁਲਿਸ ਜ਼ਿਆਦਾ ਕੁਝ ਨਹੀਂ ਕਰ ਸਕਦੀ। ਯੂਕਰੇਨੀ ਅਧਿਕਾਰੀਆਂ ਨੇ ਆਖ਼ਰਕਾਰ ਉਸਦੇ ਦਰਵਾਜ਼ੇ 'ਤੇ ਦਸਤਕ ਦਿੱਤੀ ਪਰ ਉਸਨੂੰ ਗ੍ਰਿਫ਼ਤਾਰ ਕਰਨ ਲਈ ਨਹੀਂ। ਸਾਲ 2014 ਵਿੱਚ ਰੂਸ ਵੱਲੋਂ ਕ੍ਰੀਮੀਆ ਉੱਤੇ ਹਮਲਾ ਕੀਤੇ ਜਾਣ ਤੱਕ ਉਸਦਾ ਕੋਲੇ ਦਾ ਕਾਰੋਬਾਰ ਬਹੁਤ ਵਧੀਆ ਚੱਲ ਰਿਹਾ ਸੀ।

ਰਾਸ਼ਟਰਪਤੀ ਪੁਤਿਨ ਦੇ ਕਥਿਤ "ਛੋਟੇ ਹਰੇ ਆਦਮੀਆਂ" (ਬਿਨਾਂ ਨਿਸ਼ਾਨ ਵਾਲੀ ਵਰਦੀ ਵਾਲੇ ਰੂਸੀ ਸੈਨਿਕ) ਨੇ ਉਸਦਾ ਕਾਰੋਬਾਰ ਤਬਾਹ ਕਰ ਦਿੱਤਾ। ਇਸ ਤੋਂ ਇਲਾਵਾ, ਦੋਨਤੇਸਕ ਵਿੱਚ ਉਸਦੇ ਅਪਾਰਟਮੈਂਟ 'ਤੇ ਮਿਜ਼ਾਈਲ ਡਿੱਗਣ ਕਰਾਨ ਉਸਦੀ ਧੀ ਦੇ ਸੌਣ ਕਮਰੇ ਨੂੰ ਨੁਕਸਾਨ ਪਹੁੰਚਿਆ। ਪੇਨਚੁਕੋਵ ਮੁਤਾਬਕ ਕਾਰੋਬਾਰੀ ਮੁਸ਼ਕਲਾਂ ਅਤੇ ਯੂਕਰੇਨੀ ਅਧਿਕਾਰੀਆਂ ਨੂੰ ਲਗਾਤਾਰ ਦਿੱਤੇ ਜਾਣ ਵਾਲੇ ਪੈਸੇ ਕਾਰਨ ਉਸ ਨੇ ਇੱਕ ਵਾਰ ਫਿਰ ਆਪਣਾ ਲੈਪਟਾਪ ਚੁੱਕਿਆ ਅਤੇ ਸਾਈਬਰ-ਅਪਰਾਧ ਦੀ ਜ਼ਿੰਦਗੀ ਵਿੱਚ ਵਾਪਸ ਆ ਗਿਆ।

ਉਹ ਕਹਿੰਦਾ ਹੈ, "ਮੈਂ ਬੱਸ ਇਹ ਫੈਸਲਾ ਕੀਤਾ ਕਿ ਇਹ ਉਨ੍ਹਾਂ ਦੇਣ ਲਈ ਪੈਸੇ ਕਮਾਉਣ ਦਾ ਸਭ ਤੋਂ ਤੇਜ਼ ਤਰੀਕਾ ਸੀ।" ਉਸਦਾ ਸਫ਼ਰ ਆਧੁਨਿਕ ਸਾਈਬਰ-ਅਪਰਾਧ ਦੇ ਵਿਕਾਸ ਨੂੰ ਵੀ ਦਰਸਾਉਂਦਾ ਹੈ। ਬੈਂਕ ਖਾਤੇ ਦੀ ਸੌਖੀ ਅਤੇ ਝਟਪਟ ਚੋਰੀ ਤੋਂ ਲੈ ਕੇ ਰੈਨਸਮਵੇਅਰ ਤੱਕ, ਜੋ ਕਿ ਅੱਜ ਦੇ ਸਮੇਂ ਦਾ ਸਭ ਤੋਂ ਖ਼ਤਰਨਾਕ ਅਤੇ ਨੁਕਸਾਨਦੇਹ ਸਾਈਬਰ-ਹਮਲੇ ਦਾ ਰੂਪ ਹੈ। ਇਸ ਸਾਲ ਇਸਦੀ ਵਰਤੋਂ ਕਈ ਵੱਡੇ-ਵੱਡੇ ਸਾਈਬਰ ਹਮਲਿਆਂ ਵਿੱਚ ਕੀਤੀ ਗਈ ਹੈ। ਇਸੇ ਸਾਲ ਯੂਕੇ ਦੀ ਮਸ਼ਹੂਰ ਹਾਈ ਸਟ੍ਰੀਟ ਕੰਪਨੀ ਮਾਰਕਸ ਐਂਡ ਸਪੈਂਸਰ 'ਤੇ ਹੋਏ ਹਮਲੇ ਵਿੱਚ ਵੀ ਰੈਨਸਮਵੇਅਰ ਦੀ ਵਰਤੋਂ ਕੀਤੀ ਗਈ ਸੀ। ਉਸ ਨੇ ਦੱਸਿਆ ਕਿ ਰੈਨਸਮਵੇਅਰ ਵਿੱਚ ਹਾਲਾਂਕਿ ਕੰਮ ਜ਼ਿਆਦਾ ਔਖਾ ਸੀ ਪਰ ਪੈਸਾ ਵੀ ਚੰਗਾ ਸੀ।

"ਸਾਈਬਰ-ਸੁਰੱਖਿਆ ਵਿੱਚ ਬਹੁਤ ਸੁਧਾਰ ਹੋਇਆ ਸੀ, ਪਰ ਅਸੀਂ ਫਿਰ ਵੀ ਲਗਭਗ ਦੋ ਲੱਖ ਡਾਲਰ ਪ੍ਰਤੀ ਮਹੀਨਾ ਕਮਾ ਲੈਂਦੇ ਸੀ। ਮੁਨਾਫ਼ਾ ਬਹੁਤ ਜ਼ਿਆਦਾ ਹੁੰਦਾ ਸੀ।" ਇੱਕ ਖੁਲਾਸੇ ਪੂਰਨ ਕਿੱਸੇ ਵਿੱਚ, ਉਸ ਨੇ ਕੁਝ ਅਫਵਾਹਾਂ ਯਾਦ ਕੀਤੀਆਂ ਜੋ ਇੱਕ ਅਜਿਹੇ ਗਰੁੱਪ ਬਾਰੇ ਸ਼ੁਰੂ ਹੋਈਆਂ ਸਨ, ਜਿਸਨੂੰ ਰੈਨਸਮਵੇਅਰ ਨਾਲ ਲਕਵਾ ਮਾਰੇ ਇੱਕ ਹਸਪਤਾਲ ਤੋਂ ਦੋ ਕਰੋੜ ਡਾਲਰ ਦਾ ਭੁਗਤਾਨ ਕੀਤਾ ਗਿਆ ਸੀ। ਪੇਨਚੁਕੋਵ ਨੇ ਦੱਸਿਆ ਕਿ ਇਸ ਖ਼ਬਰ ਨੇ ਅਪਰਾਧਿਕ ਹਲਕਿਆਂ ਵਿੱਚ ਮੌਜੂਦ ਸੈਂਕੜੇ ਹੈਕਰਾਂ ਨੂੰ ਉਤਸ਼ਾਹਿਤ ਕੀਤਾ, ਜੋ ਸਾਰੇ ਫਿਰ ਉਸੇ ਤਰ੍ਹਾਂ ਦੀ ਵੱਡੀ ਕਮਾਈ ਨੂੰ ਦੁਹਰਾਉਣ ਲਈ ਅਮਰੀਕੀ ਮੈਡੀਕਲ ਸੰਸਥਾਵਾਂ ਦੇ ਪਿੱਛੇ ਪੈ ਗਏ। ਉਹ ਕਹਿੰਦਾ ਹੈ ਕਿ ਹੈਕਰ ਕਮਿਊਨਿਟੀਆਂ ਵਿੱਚ "ਝੁੰਡ ਦੀ ਮਾਨਸਿਕਤਾ" ਹੁੰਦੀ ਹੈ "ਮੈਡੀਕਲ ਪੱਖ ਦੀ ਕੋਈ ਪਰਵਾਹ ਨਹੀਂ ਕਰਦੇ, ਉਨ੍ਹਾਂ ਨੂੰ ਬੱਸ ਇਹ ਨਜ਼ਰ ਆਉਂਦਾ ਹੈ ਕਿ ਦੋ ਕਰੋੜ ਡਾਲਰ ਦਿੱਤੇ ਗਏ ਹਨ।"

ਪੇਨਚੁਕੋਵ ਨੇ ਰੈਨਸਮਵੇਅਰ ਸੇਵਾਵਾਂ ਜਿਵੇਂ ਕਿ ਮੇਜ਼, ਐਗਰੇਗੋਰ ਅਤੇ ਬਹੁਤ ਐਕਟਿਵ ਗਰੁੱਪ ਕੌਂਟੀ ਸਮੇਤ, ਉਨ੍ਹਾਂ ਦੇ ਚੋਟੀ ਦੇ ਸਹਾਇਕਾਂ ਵਿੱਚੋਂ ਇੱਕ ਬਣਨ ਲਈ ਆਪਣੇ ਹੁਨਰ ਨੂੰ ਵਧਾਇਆ ਅਤੇ ਸੰਪਰਕ ਬਣਾਏ। ਜਦੋਂ ਉਸਨੂੰ ਪੁੱਛਿਆ ਗਿਆ ਕਿ ਕੀ ਇਹ ਅਪਰਾਧਿਕ ਸਮੂਹ ਰੂਸੀ ਸੁਰੱਖਿਆ ਸੇਵਾਵਾਂ ਨਾਲ ਕੰਮ ਕਰਦੇ ਹਨ, ਜੋ ਕਿ ਪੱਛਮੀ ਦੇਸ਼ਾਂ ਵੱਲੋਂ ਇੱਕ ਨਿਯਮਤ ਇਲਜ਼ਾਮ ਹੈ ਤਾਂ ਪੇਨਚੁਕੋਵ ਨੇ ਮੋਢੇ ਮਾਰ ਕੇ ਕਿਹਾ, "ਬੇਸ਼ੱਕ।" ਉਹ ਕਹਿੰਦਾ ਹੈ ਕਿ ਰੈਨਸਮਵੇਅਰ ਗੈਂਗ ਦੇ ਕੁਝ ਮੈਂਬਰ ਕਦੇ-ਕਦਾਈਂ ਐੱਫਐੱਸਬੀ ਵਰਗੀਆਂ ਰੂਸੀ ਸੁਰੱਖਿਆ ਸੇਵਾਵਾਂ ਵਿੱਚ ਆਪਣੇ "ਹੈਂਡਲਰਾਂ" ਨਾਲ ਗੱਲ ਕਰਨ ਬਾਰੇ ਦੱਸਿਆ ਕਰਦੇ ਸਨ। ਪੇਨਚੁਕੋਵ ਦੀ ਜਲਦੀ ਹੀ ਫਿਰ ਚੜ੍ਹਾਈ ਹੋ ਗਈ ਅਤੇ ਉਹ ਆਈਸਡ-ਆਈਡੀ ਦਾ ਆਗੂ ਬਣ ਗਿਆ। ਇੱਕ ਅਜਿਹਾ ਗੈਂਗ ਜਿਸ ਨੇ 150,000 ਤੋਂ ਵੱਧ ਕੰਪਿਊਟਰਾਂ ਨੂੰ ਖ਼ਤਰਨਾਕ ਸੌਫਟਵੇਅਰ ਨਾਲ ਸੰਕਰਮਿਤ ਕੀਤਾ ਅਤੇ ਇਸ ਕਾਰਨ ਰੈਨਸਮਵੇਅਰ ਸਮੇਤ ਕਈ ਤਰ੍ਹਾਂ ਦੇ ਸਾਈਬਰ-ਹਮਲੇ ਹੋਏ। ਪੇਨਚੁਕੋਵ ਹੈਕਰਾਂ ਦੀ ਇੱਕ ਟੀਮ ਦਾ ਇੰਚਾਰਜ ਸੀ ਜੋ ਸੰਕਰਮਿਤ ਕੰਪਿਊਟਰਾਂ ਦੀ ਛਾਂਟੀ ਕਰਦੀ ਸੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਉਨ੍ਹਾਂ ਤੋਂ ਪੈਸਾ ਕਮਾਉਣ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ। 2020 ਵਿੱਚ ਉਨ੍ਹਾਂ ਨੇ ਅਮਰੀਕਾ ਦੀ ਯੂਨੀਵਰਸਿਟੀ ਆਫ਼ ਵਰਮੋਂਟ ਮੈਡੀਕਲ ਸੈਂਟਰ ਨੂੰ ਰੈਨਸਮਵੇਅਰ ਨਾਲ ਸੰਕਰਮਿਤ ਕੀਤਾ ਸੀ। ਅਮਰੀਕਾ ਦੇ ਸਰਕਾਰੀ ਵਕੀਲਾਂ ਅਨੁਸਾਰ, ਇਸ ਕਾਰਨ ਤਿੰਨ ਕਰੋੜ ਅਮਰੀਕੀ ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਅਤੇ ਮੈਡੀਕਲ ਸੈਂਟਰ ਦੋ ਹਫ਼ਤਿਆਂ ਤੋਂ ਵੱਧ ਸਮੇਂ ਲਈ ਕਈ ਮਰੀਜ਼ ਨੂੰ ਸੇਵਾਵਾਂ ਨਾ ਦੇ ਸਕਿਆ। ਹਾਲਾਂਕਿ ਕੋਈ ਮੌਤ ਤਾਂ ਨਹੀਂ ਹੋਈ ਪਰ ਸਰਕਾਰੀ ਵਕੀਲਾਂ ਮੁਤਾਬਕ ਇਸ ਹਮਲੇ ਨੇ, ਜਿਸ ਵਿੱਚ ਹਸਪਤਾਲ ਦੇ 5,000 ਕੰਪਿਊਟਰ ਨਕਾਰਾ ਹੋ ਗਏ ਸਨ, ਮਰੀਜ਼ਾਂ ਲਈ ਮੌਤ ਜਾਂ ਗੰਭੀਰ ਸੱਟ ਦਾ ਖ਼ਤਰਾ ਪੈਦਾ ਕਰ ਦਿੱਤਾ ਸੀ। ਪੇਨਚੁਕੋਵ ਇਸ ਗੱਲ ਤੋਂ ਇਨਕਾਰੀ ਹੈ ਕਿ ਇਹ ਕੰਮ ਅਸਲ ਵਿੱਚ ਉਸੇ ਨੇ ਕੀਤਾ ਸੀ। ਸਗੋਂ ਦਾਅਵਾ ਕਰਦਾ ਹੈ ਕਿ ਉਸਨੇ ਆਪਣੀ ਸਜ਼ਾ ਘਟਾਉਣ ਲਈ ਹੀ ਇਹ ਗੱਲ ਮੰਨੀ ਸੀ।

ਕੁੱਲ ਮਿਲਾ ਕੇ, ਪੇਨਚੁਕੋਵ ਨੇ ਉਦੋਂ ਤੋਂ ਆਪਣਾ ਉਪਨਾਮ ਬਦਲ ਕੇ ਆਂਦਰੇਯੇਵ ਰੱਖ ਲਿਆ ਹੈ। ਉਸ ਨੂੰ ਲਗਦਾ ਹੈ ਕਿ ਉਸਦੇ ਕੀਤੇ ਕੰਮਾਂ ਬਦਲੇ ਉਸਨੂੰ ਜੋ ਨੌਂ-ਨੌ ਸਾਲ ਦੀਆਂ ਦੋ ਸਜ਼ਾਵਾਂ (ਜੋ ਉਹ ਨਾਲੋ-ਨਾਲ ਭੁਗਤ ਰਿਹਾ ਹੈ) ਮਿਲੀਆਂ ਹਨ, ਉਹ ਬਹੁਤ ਜ਼ਿਆਦਾ ਹਨ। ਉਸ ਨੂੰ ਉਮੀਦ ਹੈ ਕਿ ਉਹ ਬਹੁਤ ਜਲਦੀ ਬਾਹਰ ਨਿਕਲ ਸਕੇਗਾ। ਉਸਨੂੰ ਪੀੜਤਾਂ ਨੂੰ ਮੁਆਵਜ਼ੇ ਵਜੋਂ ਉਸ ਨੂੰ 5.4 ਕਰੋੜ ਅਮਰੀਕੀ ਡਾਲਰ ਭਰਨ ਦਾ ਵੀ ਹੁਕਮ ਦਿੱਤਾ ਗਿਆ ਹੈ। ਉਸ ਨੇ ਇੱਕ ਮੁੱਛ-ਫੁੱਟ ਹੈਕਰ ਵਜੋਂ ਸਾਈਬਰ-ਅਪਰਾਧ ਸ਼ੁਰੂ ਕੀਤਾ ਸੀ। ਉਦੋਂ ਉਸਦਾ ਮੰਨਣਾ ਸੀ ਕਿ ਪੱਛਮੀ ਕੰਪਨੀਆਂ ਅਤੇ ਲੋਕ ਪੈਸਾ ਗੁਆਉਣ ਦੀ ਸਮਰੱਥਾ ਰੱਖਦੇ ਹਨ ਅਤੇ ਇਹ ਕਿ ਹਰ ਚੀਜ਼ ਦਾ ਬੀਮਾ ਤਾਂ ਵੀ ਹੋਇਆ ਹੁੰਦਾ ਹੈ। ਲੇਕਿਨ ਜਦੋਂ ਮੈਂ ਜੈਬਰ ਜਿਊਸ ਦੇ ਦਿਨਾਂ ਦੇ ਉਸਦੇ ਇੱਕ ਸ਼ੁਰੂਆਤੀ ਪੀੜਤ ਨਾਲ ਗੱਲ ਕੀਤੀ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸਦੇ ਹਮਲਿਆਂ ਦਾ ਮਾਸੂਮ ਲੋਕਾਂ 'ਤੇ ਬਹੁਤ ਹਾਨੀਕਾਰਕ ਅਸਰ ਪਿਆ ਸੀ। ਐਲਬੂਕਰਕੀ, ਨਿਊ ਮੈਕਸੀਕੋ ਦੇ ਇੱਕ ਪਰਿਵਾਰਿਕ ਕਾਰੋਬਾਰ, ਲੀਬਰਜ਼ ਲਗੇਜ ਤੋਂ, ਗੈਂਗ ਨੇ ਇੱਕੋ ਵਾਰ ਵਿੱਚ 12 ਹਜ਼ਾਰ ਅਮਰੀਕੀ ਡਾਲਰ ਦੀ ਚੋਰੀ ਕਰ ਲਈ ਸੀ। ਮਾਲਕਣ ਲੈਸਲੀ ਨੂੰ ਕਈ ਸਾਲਾਂ ਬਾਅਦ ਵੀ ਉਹ ਸਦਮਾ ਯਾਦ ਹੈ। ਉਹ ਕਹਿੰਦੀ ਹੈ, "ਜਦੋਂ ਬੈਂਕ ਨੇ ਫੋਨ ਕੀਤਾ, ਤਾਂ ਇਹ ਮੁਕੰਮਲ ਬੇਭਰੋਸਗੀ ਅਤੇ ਡਰ ਸੀ, ਕਿਉਂਕਿ ਸਾਨੂੰ ਕੋਈ ਪਤਾ ਨਹੀਂ ਸੀ ਕਿ ਕੀ ਹੋਇਆ ਹੈ, ਅਤੇ ਬੈਂਕ ਨੂੰ ਵੀ ਸਾਫ਼-ਸਾਫ਼ ਕੁਝ ਪਤਾ ਨਹੀਂ ਸੀ।" ਹਾਲਾਂਕਿ ਇਹ ਇੱਕ ਮਾਮੂਲੀ ਰਕਮ ਸੀ, ਪਰ ਕਾਰੋਬਾਰ ਲਈ ਇਹ ਵਿਨਾਸ਼ਕਾਰੀ ਸੀ, ਕਿਉਂਕਿ ਇਹ ਪੈਸਾ ਕਿਰਾਇਆ ਦੇਣ, ਸਮਾਨ ਖਰੀਦਣ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਲਈ ਵਰਤਿਆ ਜਾਂਦਾ ਸੀ।

ਉਨ੍ਹਾਂ ਕੋਲ ਨਿਰਭਰ ਕਰਨ ਲਈ ਕੋਈ ਬਚਤ ਨਹੀਂ ਸੀ। ਅਤੇ ਮਾਮਲੇ ਨੂੰ ਹੋਰ ਬਦਤਰ ਬਣਾਉਣ ਲਈ, ਲੈਸਲੀ ਦੀ ਬਜ਼ੁਰਗ ਮਾਤਾ, ਜੋ ਕੰਪਨੀ ਦੇ ਖਾਤਿਆਂ ਦੀ ਇੰਚਾਰਜ ਸੀ, ਇਸ ਚੋਰੀ ਦਾ ਖੁਲਾਸਾ ਹੋ ਜਾਣ ਤੱਕ ਆਪਣੇ ਆਪ ਨੂੰ ਕਸੂਰਵਾਰ ਦੱਸਦੀ ਰਹੀ। ਲੈਸਲੀ ਨੇ ਦੱਸਿਆ, "ਸਾਡੇ ਅੰਦਰ ਗੁੱਸਾ, ਨਿਰਾਸ਼ਾ ਅਤੇ ਡਰ ਸਮੇਤ ਸਾਰੀਆਂ ਭਾਵਨਾਵਾਂ ਸਨ।" ਜਦੋਂ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਜ਼ਿੰਮੇਵਾਰ ਹੈਕਰਾਂ ਨੂੰ ਕੀ ਕਹਿਣਾ ਚਾਹੁਣਗੇ, ਤਾਂ ਉਨ੍ਹਾਂ ਨੇ ਸੋਚਿਆ ਕਿ ਇਨ੍ਹਾਂ ਨਿਰਦਈ ਅਪਰਾਧੀਆਂ ਦਾ ਮਨ ਬਦਲਣ ਦੀ ਕੋਸ਼ਿਸ਼ ਕਰਨਾ ਵਿਅਰਥ ਹੈ। ਲੈਸਲੀ ਮੁਤਾਬਕ, "ਅਸੀਂ ਅਜਿਹਾ ਕੁਝ ਨਹੀਂ ਕਹਿ ਸਕਦੇ ਜੋ ਉਸ 'ਤੇ ਅਸਰ ਕਰੇ।"

ਉਸਦੇ ਪਤੀ, ਫ੍ਰੈਂਕ, ਨੇ ਅੱਗੇ ਕਿਹਾ, "ਮੈਂ ਉਸਨੂੰ ਇੱਕ ਪਲ ਦਾ ਸਮਾਂ ਵੀ ਨਹੀਂ ਦਿਆਂਗਾ।" ਪੇਨਚੁਕੋਵ ਕਹਿੰਦਾ ਹੈ ਕਿ ਉਸਨੇ ਪੀੜਤਾਂ ਬਾਰੇ ਨਹੀਂ ਸੋਚਿਆ, ਲੱਗਦਾ ਹੈ ਕਿ ਉਹ ਹੁਣ ਵੀ ਜ਼ਿਆਦਾ ਨਹੀਂ ਸੋਚਦਾ। ਸਾਡੀ ਗੱਲਬਾਤ ਵਿੱਚ ਪਛਤਾਵੇ ਦਾ ਇਕਲੌਤਾ ਸੰਕੇਤ ਉਦੋਂ ਸੀ ਜਦੋਂ ਉਸਨੇ ਅਪਾਹਜ ਬੱਚਿਆਂ ਦੀ ਚੈਰਿਟੀ 'ਤੇ ਹੋਏ ਰੈਨਸਮਵੇਅਰ ਹਮਲੇ ਦਾ ਜ਼ਿਕਰ ਕੀਤਾ। ਉਸਦਾ ਇੱਕੋ ਇੱਕ ਅਸਲ ਪਛਤਾਵਾ ਇਹ ਜਾਪਦਾ ਹੈ ਕਿ ਉਹ ਆਪਣੇ ਸਾਥੀ ਹੈਕਰਾਂ 'ਤੇ ਬਹੁਤ ਜ਼ਿਆਦਾ ਭਰੋਸਾ ਕਰਨ ਲੱਗ ਪਿਆ ਸੀ, ਜਿਸ ਕਾਰਨ ਆਖਰਕਾਰ ਉਹ ਅਤੇ ਕਈ ਹੋਰ ਅਪਰਾਧੀ ਫੜੇ ਗਏ।

ਉਹ ਕਹਿੰਦਾ ਹੈ, "ਤੁਸੀਂ ਸਾਈਬਰ-ਅਪਰਾਧ ਵਿੱਚ ਦੋਸਤ ਨਹੀਂ ਬਣਾ ਸਕਦੇ, ਕਿਉਂਕਿ ਅਗਲੇ ਦਿਨ, ਤੁਹਾਡੇ ਦੋਸਤ ਗ੍ਰਿਫ਼ਤਾਰ ਹੋ ਜਾਣਗੇ ਅਤੇ ਉਹ ਇੱਕ ਮੁਖ਼ਬਰ ਬਣ ਜਾਣਗੇ।" ਉਹ ਕਹਿੰਦਾ ਹੈ, "ਡਰ ਹੈਕਰਾਂ ਦਾ ਇੱਕ ਨਿਰੰਤਰ ਦੋਸਤ ਹੈ।"

ਲੇਕਿਨ ਸਫ਼ਲਤਾ ਗਲਤੀਆਂ ਵੱਲ ਲੈ ਜਾਂਦੀ ਹੈ। ਉਸ ਨੇ ਦੁਖੀ ਮਨ ਨਾਲ ਕਿਹਾ, "ਜੇ ਤੁਸੀਂ ਕਾਫ਼ੀ ਲੰਬੇ ਸਮੇਂ ਤੱਕ ਸਾਈਬਰ-ਅਪਰਾਧ ਕਰਦੇ ਹੋ, ਤਾਂ ਤੁਸੀਂ ਆਪਣੀ ਧਾਰ ਗੁਆ ਬੈਠਦੇ ਹੋ।" ਸਾਈਬਰ ਅੰਡਰਵਰਲਡ ਦੇ ਬੇਵਫ਼ਾ ਸੁਭਾਅ ਨੂੰ ਉਜਾਗਰ ਕਰਨ ਲਈ, ਪੇਨਚੁਕੋਵ ਨੇ ਕਿਹਾ ਕਿ ਉਸ ਨੇ ਮਕਸਿਮ ਯਾਕੁਬੇਟਸ ਨਾਲ ਅੱਗੇ ਕੋਈ ਵੀ ਰਾਬਤਾ ਰੱਖਣ ਤੋਂ ਜਾਣ-ਬੁੱਝ ਕੇ ਪਰਹੇਜ਼ ਕੀਤਾ। ਮਕਸਿਮ ਕਿਸੇ ਸਮੇਂ ਉਸਦਾ ਜੈਬਰ ਜ਼ੀਉਸ ਵਿੱਚ ਸਹਿਯੋਗੀ ਅਤੇ ਦੋਸਤ ਸੀ।

**- ਜੋਅ ਟਾਇਡੀ**

# ਕੈਨੇਡਾ ਨੇ ਬਦਲ ਦਿੱਤੇ ਪ੍ਰਵਾਸ ਦੇ ਨਿਯਮ, ਪੀ. ਆਰ. ਦੇ ਚਾਹਵਾਨਾਂ ਦੀਆਂ ਵਧਣਗੀਆਂ ਮੁਸ਼ਕਿਲਾਂ

ਅਸੀਂ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਮੁੜ ਕੰਟ੍ਰੋਲ ਹਾਸਲ ਰਹੇ ਹਾਂ ਅਤੇ ਇਮੀਗ੍ਰੇਸ਼ਨ ਨੂੰ ਟਿਕਾਊ ਪੱਧਰ 'ਤੇ ਵਾਪਸ ਲਿਆ ਰਹੇ ਹਾਂ।" ਇਹ ਸ਼ਬਦ ਹਨ ਕੈਨੇਡਾ ਸਰਕਾਰ ਦੇ, ਜੋ ਉਨ੍ਹਾਂ ਨੇ ਪਾਰਲੀਮੈਂਟ ਵਿੱਚ ਪੇਸ਼ ਕੀਤੀ ਪਰਵਾਸ ਉੱਤੇ ਆਪਣੀ 2025 ਸਲਾਨਾ ਰਿਪੋਰਟ ਵਿੱਚ ਕਹੇ ਹਨ। ਅਸੀਂ ਇਸ ਰਿਪੋਰਟ ਨੂੰ ਬਾਰੀਕੀ ਨਾਲ ਪੜ੍ਹਣ ਦੀ ਕੋਸ਼ਿਸ਼ ਕੀਤੀ ਅਤੇ ਸਮਝਿਆ ਕਿ ਕੈਨੇਡਾ ਆਪਣੇ ਪਰਵਾਸ ਦੀ ਤਸਵੀਰ ਨੂੰ ਕਿਵੇਂ ਬਦਲ ਰਿਹਾ ਹੈ। ਰਿਪੋਰਟ ਤੋਂ ਪਤਾ ਲੱਗਦਾ ਹੈ ਕਿ ਪਰਵਾਸ ਕੈਨੇਡਾ ਦੀਆਂ ਸਰਕਾਰੀ ਨੀਤੀਆਂ ਦਾ ਇੱਕ ਅਹਿਮ ਹਿੱਸਾ ਰਹੇਗਾ ਪਰ ਹਾਂ, ਇਸ ਦੀ ਤਸਵੀਰ ਜ਼ਰੂਰ ਬਦਲ ਰਹੀ ਹੈ। ਇਹ ਰਿਪੋਰਟ ਇਮੀਗ੍ਰੇਸ਼ਨ, ਰਿਫਿਊਜੀ ਐਂਡ ਸਿਟੀਜ਼ਨਸ਼ਿਪ ਮੰਤਰਾਲੇ ਵੱਲੋਂ ਸਲਾਨਾ ਜਾਰੀ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਨਾਲ ਹਾਲ ਹੀ ਦੇ ਸਮੇਂ ਵਿੱਚ ਪਰਵਾਸ ਨੀਤੀਆਂ ਵਿੱਚ ਵੱਡੇ ਬਦਲਾਅ ਕੈਨੇਡਾ ਦੀ ਸਰਕਾਰ ਵੱਲੋਂ ਕੀਤੇ ਗਏ ਹਨ, ਅਜਿਹੇ ਵਿੱਚ ਇਹ ਰਿਪੋਰਟ ਇਸ ਸਮੇਂ ਹੋਰ ਵੀ ਜ਼ਿਆਦਾ ਅਹਿਮ ਹੋ ਜਾਂਦੀ ਹੈ। ਆ ਜਾਣੀਏ ਕੈਨੇਡਾ ਸਰਕਾਰ ਦਾ ਪਰਵਾਸ ਨੂੰ ਲੈ ਕੇ ਆਖ਼ਰ ਪਲਾਨ ਹੈ ਕੀ, ਕੀ ਕੈਨੇਡਾ ਵਸਣ ਦੇ ਚਾਹਵਾਨਾਂ ਨੂੰ ਆਉਣ ਵਾਲੇ ਸਮੇਂ ਵਿੱਚ ਕੋਈ ਰਾਹਤ ਮਿਲੇਗੀ ਅਤੇ ਪੀਆਰ ਹਾਸਲ ਕਰਨ ਲਈ ਸਾਨੂੰ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਪਿਛਲੇ ਇੱਕ ਸਾਲ ਵਿੱਚ ਕੈਨੇਡਾ ਦੀ ਪਰਵਾਸ ਨੀਤੀ ਵਿੱਚ ਵੱਡਾ ਬਦਲਾਅ ਆਇਆ ਹੈ। ਰਿਪੋਰਟ ਵਿੱਚ ਇਸ ਬਦਲਾਅ ਨੂੰ ਕਾਫੀ ਵਿਸਥਾਰ ਨਾਲ ਸਮਝਾਇਆ ਗਿਆ ਹੈ। ਹੇਠਾਂ ਦਿੱਤੇ ਨੁਕਤਿਆਂ ਨਾਲ ਸਮਝਦੇ ਹਾਂ ਕਿ ਕੈਨੇਡਾ ਦੇ ਪਰਵਾਸ ਦੀ ਤਸਵੀਰ ਕਿਵੇਂ ਬਦਲ ਰਹੀ ਹੈ। ਸਰਕਾਰ ਦੀ ਨੀਤੀ ਵਿੱਚ ਹੁਣ ਆਰਥਿਕ ਪਰਵਾਸ ਨੂੰ ਹੁੰਗਾਰਾ ਦੇਣਾ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਰਕਾਰ, ਕੈਨੇਡਾ ਵਿੱਚ ਪਹਿਲਾਂ ਤੋਂ ਰਹਿ ਰਹੇ ਅਤੇ ਸੈਟਲ ਹੋ ਚੁੱਕੇ ਅਸਥਾਈ ਨਿਵਾਸੀਆਂ (ਟੈਂਪਰੇਰੀ ਰੈਜ਼ੀਡੈਂਟਸ) ਦੇ ਸਥਾਈ ਨਿਵਾਸ (ਪਰਮਾਨੈਂਟ ਰੈਜ਼ੀਡੈਂਸੀ) ਲਈ ਤਰਜੀਹ ਦੇਵੇਗੀ, ਜਿਸ ਨਾਲ ਨਵੇਂ ਆਉਣ ਵਾਲਿਆਂ ਦੀ ਗਿਣਤੀ ਹੋਰ ਘਟੇਗੀ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਦੇਸ਼ ਦੇ ਬੁਨਿਆਦੀ ਢਾਂਚੇ ਅਤੇ ਸਮਾਜਿਕ ਸੇਵਾਵਾਂ 'ਤੇ ਕੁਝ ਦਬਾਅ ਘੱਟ ਹੋਵੇਗਾ। ਇਸ ਤੋਂ ਇਲਾਵਾ ਫਰੈਂਚ ਬੋਲਣ ਵਾਲੇ ਪਰਵਾਸੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਕਿਊਬੈਕ ਦੇ ਬਾਹਰ ਫਰੈਂਚ ਬੋਲਣ ਵਾਲਿਆਂ ਦੀ ਗਿਣਤੀ ਨੂੰ ਵਧਾਉਣਾ ਰਣਨੀਤੀ ਦਾ ਹਿੱਸਾ ਹੈ। ਕੈਨੇਡਾ ਵਿੱਚ ਨਵੇਂ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ ਦਾ ਸੰਤੁਲਨ ਕਾਇਮ ਰੱਖਣ ਲਈ ਕੌਮਾਂਤਰੀ ਵਿਦਿਆਰਥੀਆਂ ਅਤੇ ਅਸਥਾਈ ਵਰਕਰਾਂ ਦੀ ਵੀਜ਼ਾ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ, ਉਨ੍ਹਾਂ ਦਾ ਆਪਣੇ ਦੇਸ਼ਾਂ ਵਿੱਚ ਵਾਪਸ ਜਾਣਾ ਯਕੀਨੀ ਬਣਾਇਆ ਜਾਵੇਗਾ। 2027 ਤੱਕ ਸਰਕਾਰ ਦੀ ਕੋਸ਼ਿਸ਼ ਹੈ ਕਿ ਲੋਕਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਵਾਪਸ ਭੇਜ ਕੇ, ਪ੍ਰੋਗਰਾਮਾਂ ਦੀ ਗਿਣਤੀ ਨੂੰ ਸੀਮਿਤ ਕਰ ਕੇ ਅਤੇ ਇਮੀਗ੍ਰੇਸ਼ਨ ਦੇ ਪੱਧਰ ਨੂੰ ਘਟਾ ਕੇ ਅਸਥਾਈ ਨਿਵਾਸੀਆਂ (ਟੈਂਪਰੇਰੀ ਰੈਜ਼ੀਡੇਂਟਸ) ਦੀ ਗਿਣਤੀ ਨੂੰ ਘੱਟ ਕੀਤਾ ਜਾਵੇਗਾ। ਸਟੈਟੇਟਿਕਸ ਕੈਨੇਡਾ ਦੇ ਮੁਤਾਬਕ, 1 ਜਨਵਰੀ 2025 ਨੂੰ, ਕੈਨੇਡਾ ਦੀ ਆਬਾਦੀ 4,15,28,680 ਸੀ ਜੋ ਕਿ 2024 ਦੇ ਅੰਕੜਿਆਂ ਤੋਂ ਮਹਿਜ਼ 7,44,324 (1.8 ਫੀਸਦ) ਜ਼ਿਆਦਾ ਹੈ ਅਤੇ ਆਬਾਦੀ ਦੇ ਇਸ ਵਾਧੇ ਦਾ 97.3 ਫ਼ੀਸਦ ਹਿੱਸਾ ਕੌਮਾਂਤਰੀ ਪਰਵਾਸੀਆਂ ਦਾ ਹੈ। ਇਸ ਦਾ ਮਤਲਬ ਹੈ ਕਿ ਕੈਨੇਡਾ ਦੀ ਆਪਣੀ ਆਬਾਦੀ ਵਿੱਚ ਸਿਰਫ਼ 19,738 (ਮੌਤਾਂ ਅਤੇ ਜਨਮ ਲੈਣ ਵਾਲਿਆਂ ਦੀ ਗਿਣਤੀ ਦਾ ਅੰਤਰ) ਦਾ ਵਾਧਾ ਹੈ ਜੋ ਕਿ ਕਾਫੀ ਘੱਟ ਹੈ ਭਾਵ, ਕੈਨੇਡਾ ਦੀ ਆਬਾਦੀ ਦਾ ਮੁੱਖ ਵਾਧਾ ਸਿਰਫ਼ ਪਰਵਾਸੀਆਂ ਨਾਲ ਹੀ ਹੈ। ਇਸ ਰਿਪੋਰਟ ਵਿੱਚ ਇਹ ਸਾਫ਼ ਹੈ ਕਿ ਕਾਫੀ ਕੁਝ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਬਦਲ ਗਿਆ ਹੈ ਅਤੇ ਕਾਫੀ ਕੁਝ ਨਵਾਂ ਹੋਣ ਜਾ ਰਿਹਾ ਹੈ। ਰਿਪੋਰਟ ਦੇ ਮੁਤਾਬਕ, ਪਰਵਾਸੀਆਂ ਦਾ ਆਰਥਿਕ ਤੌਰ 'ਤੇ ਯੋਗਦਾਨ ਅਤੇ ਲੇਬਰ ਮਾਰਕਿਟ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਿਆ ਜਾ ਰਿਹਾ ਹੈ।




ਕੁਸ਼ਲਤਾ ਅਤੇ ਲੇਬਰ ਮਾਰਕਿਟ ਦੀ ਮੰਗ ਦੇ ਮੁਤਾਬਕ ਪਰਵਾਸ ਨੀਤੀ ਬਣਾਈ ਜਾ ਰਹੀ ਹੈ। 2024 ਵਿੱਚ ਐਕਸਪ੍ਰੈੱਸ ਐਂਟਰੀ ਦੇ ਤਹਿਤ ਵੱਡੀ ਗਿਣਤੀ ਵਿੱਚ ਪਰਵਾਸੀਆਂ ਨੂੰ ਬੁਲਾਇਆ ਗਿਆ ਹੈ ਜਿਸ ਵਿੱਚ ਖ਼ਾਸ ਕਿੱਤਿਆਂ ਜਿਵੇਂ ਕਿ ਹੈਲਥ ਕੇਅਰ, ਸਟੈਮ (ਸਾਈਂਸ, ਟੈਕਨੋਲੋਜੀ, ਇੰਜਨਿਅਰਿੰਗ, ਮੈਥਸ), ਟਰੇਡਸ, ਫਰੈਂਚ ਭਾਸ਼ਾ ਦੀ ਕੁਸ਼ਲਤਾ, ਟ੍ਰਾਂਸਪੋਰਟ ਅਤੇ ਐਗਰੀਕਲਚਰ ਦੀਆਂ ਕੈਟੇਗਰੀਆਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਰੀਜਨਲ ਪ੍ਰੋਗਰਾਮਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ ਜਿਵੇਂ ਕਿ ਰੂਰਲ (ਪੇਂਡੂ) ਜਾਂ ਨੌਰਦਰਨ ਪਾਇਲਟ, ਫ੍ਰੈਂਕੋਫੋਨ ਪਾਇਲਟ, ਪ੍ਰੋਵੀਂਸਲ ਨੋਮੀਨੀ ਆਦਿ। ਇਸ ਤੋਂ ਇਲਾਵਾ ਨੀਤੀਆਂ ਵਿੱਚ ਇਸ ਤਰ੍ਹਾਂ ਬਦਲਾਅ ਕੀਤਾ ਗਿਆ ਹੈ ਕਿ ਅਸਥਾਈ ਕਾਮਿਆਂ ਨੂੰ ਸਥਾਈ ਬਣਨ ਦਾ ਮੌਕਾ ਦਿੱਤਾ ਜਾਵੇ ਅਤੇ ਨਵੇਂ ਅਸਥਾਈ ਕਾਮਿਆਂ ਦੀ ਗਿਣਤੀ ਨੂੰ ਘਟਾਇਆ ਜਾਵੇ। ਅਸਥਾਈ ਵਸਨੀਕਾਂ ਦੀ ਗਿਣਤੀ (ਸਟੂਡੈਂਟ, ਵਰਕ, ਵਜ਼ਿਟਰ) ਉੱਤੇ ਕੈਪ ਲਗਾਇਆ ਗਿਆ ਹੈ ਅਤੇ ਮੌਜੂਦਾ ਗਿਣਤੀ ਨੂੰ ਵੀ ਘਟਾਇਆ ਜਾ ਰਿਹਾ ਹੈ।

ਜੇਕਰ ਤੁਸੀਂ ਕੈਨੇਡਾ ਵਿੱਚ ਸਥਾਈ ਨਿਵਾਸ (ਪਰਮਾਨੈਂਟ ਰੈਜ਼ੀਡੈਂਸ) ਦਾ ਟੀਚਾ ਰੱਖ ਰਹੇ ਹੋ, ਤਾਂ ਇਕਨੌਮਿਕ ਸਟ੍ਰੀਮ ਸਭ ਤੋਂ ਮਜ਼ਬੂਤ ਐਂਟਰੀ ਪੁਆਇੰਟ ਬਣੀ ਰਹਿੰਦੀ ਹੈ, ਖ਼ਾਸ ਕਰਕੇ ਜੇਕਰ ਤੁਹਾਡੇ ਕੋਲ ਖ਼ਾਸ ਕਿੱਤਿਆਂ (ਸਿਹਤ ਸੰਭਾਲ, ਸਟੈਮ, ਵਪਾਰ) ਵਿੱਚ ਹੁਨਰ ਹੈ, ਜਾਂ ਫਰੈਂਚ ਵਿੱਚ ਮੁਹਾਰਤ ਹੈ (ਜੇ ਤੁਸੀਂ ਕਿਊਬੈਕ ਤੋਂ ਬਾਹਰ ਕੰਮ ਕਰਨ ਲਈ ਤਿਆਰ ਹੋ)। ਜੇਕਰ ਤੁਸੀਂ ਕੈਨੇਡਾ ਵਿੱਚ ਪਹਿਲਾਂ ਹੀ ਟੈਂਪਰੇਰੀ ਰੈਜ਼ੀਡੈਂਸ ਦੇ ਤੌਰ ਉੱਤੇ ਰਹਿ ਰਹੇ ਹੋ ਤਾਂ ਤੁਹਾਡੇ ਲਈ ਪੀਆਰ ਦਾ ਰਾਹ ਸੌਖਾ ਹੋ ਸਕਦਾ ਹੈ ਕਿਉਂਕਿ ਕੈਨੇਡਾ ਇਸ ਵੇਲੇ ਦੇਸ਼ ਵਿੱਚ ਮੌਜੂਦ ਅਸਥਾਈ ਕਾਮਿਆਂ ਨੂੰ ਸਥਾਈ ਬਣਾਉਣ ਲਈ ਇੱਛੁਕ ਜਾਪ ਰਿਹਾ ਹੈ। ਜੇ ਤੁਸੀਂ ਕੈਨੇਡਾ ਨੂੰ ਇੱਕ ਕੌਮਾਂਤਰੀ ਵਿਦਿਆਰਥੀ ਵਜੋਂ ਦੇਖ ਰਹੇ ਹੋ, ਤਾਂ ਧਿਆਨ ਰੱਖੋ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਘਟਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਇਸ ਲਈ ਕੋਸ਼ਿਸ਼ ਕਰੋ ਕਿ ਅਜਿਹੇ ਕੋਰਸ ਚੁਣੋ ਜੋ ਅੱਗੇ ਤੁਹਾਨੂੰ ਰੁਜ਼ਗਾਰ ਦੇਣ ਅਤੇ ਪੀਆਰ ਦਾ ਰਾਹ ਸੌਖਾ ਕਰਨ ਵਿੱਚ ਮਦਦ ਕਰ ਸਕਣ।

ਤੁਸੀਂ ਵੱਡੇ ਅਰਬਨ ਸੈਂਟਰਾਂ ਤੋਂ ਬਾਹਰ ਜਾਂ ਜਿੱਥੇ ਫਰੈਂਚ ਬੋਲਣ ਵਾਲਿਆਂ ਦੀ ਗਿਣਤੀ ਘੱਟ ਹੈ, ਵਿੱਚ ਤੁਸੀਂ ਖ਼ਾਸ ਪ੍ਰੋਗਰਾਮਾਂ ਅਤੇ ਪਾਇਲਟ ਪ੍ਰੋਜੈਕਟਾਂ ਤਹਿਤ ਦਾਖ਼ਲਾ ਲੈ ਸਕਦੇ ਹੋ। ਜਿਸ ਹਿਸਾਬ ਨਾਲ ਇਮੀਗ੍ਰੇਸ਼ਨ ਨੂੰ ਜ਼ਿਆਦਾ ਸਥਿਰ ਅਤੇ ਟਿਕਾਊ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ, ਇਸ ਤੋਂ ਸਾਫ ਹੈ ਕਿ ਅਰਜ਼ੀਕਰਤਾਵਾਂ ਦੀ ਉੱਚ ਜਾਂਚ, ਦਸਤਾਵੇਜ਼ਾਂ ਦੀ ਜਾਂਚ, ਲੇਬਰ ਮਾਰਕਿਟ ਦੀ ਮੰਗ, ਤੁਹਾਡੇ ਹੁਨਰ ਅਤੇ ਫਰੈਂਚ ਭਾਸ਼ਾ ਦੇ ਗਿਆਨ ਨੂੰ ਕਾਫੀ ਤਰਜੀਹ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਜਾਰੀ ਕੀਤੇ ਜਾਂਦੇ ਨਿਰਦੇਸ਼ਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇ, ਨੀਤੀਆਂ ਵਿੱਚ ਬਦਲਾਅ ਆ ਸਕਦੇ ਹਨ।

ਯੂਕੇ ਵਿੱਚ ਆਕਸਫੋਰਡ ਯੂਨੀਵਰਸਿਟੀ ਵਿੱਚ ਪ੍ਰੋਫੈਸਰ ਪ੍ਰੀਤਮ ਸਿੰਘ ਦਾ ਮੰਨਣਾ ਹੈ ਕਿ ਇਨ੍ਹਾਂ ਬਦਲਾਵਾਂ ਦੇ ਦੋ ਪੱਖ ਹੋ ਸਕਦੇ ਹਨ। ਇੱਕ ਤਾਂ ਇਸ ਦਾ ਸਿਆਸੀ ਪੱਖ ਹੈ ਅਤੇ ਦੂਸਰਾ ਆਪਣੇ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਪੂਰਾ ਕਰਨਾ ਹੈ।

ਪਰਵਾਸੀਆਂ ਦੇ ਵਿਰੁੱਧ ਅਵਾਜ਼ਾਂ ਨਾ ਸਿਰਫ਼ ਕੈਨੇਡਾ ਬਲਕਿ ਹੁਣ ਤਾਂ ਯੂਕੇ, ਆਸਟ੍ਰੇਲੀਆਂ, ਅਮਰੀਕਾ ਆਦਿ ਵਿੱਚ ਵੀ ਉੱਠ ਰਹੀਆਂ ਹਨ। ਦੇਸ਼ਾਂ ਦੇ ਮੁੱਢਲੇ ਢਾਂਚੇ ਉੱਤੇ ਇਸ ਦਾ ਕਾਫੀ ਪ੍ਰਭਾਵ ਪਿਆ ਹੈ।

ਇਸ ਲਈ ਸਰਕਾਰਾਂ ਕੀ ਕੋਸ਼ਿਸ਼ ਆਪਣੇ ਨਾਗਰਿਕਾਂ ਨੂੰ ਪਹਿਲਾਂ ਖੁਸ਼ ਅਤੇ ਸੰਤੁਸ਼ਟ ਕਰਨ ਦੀ ਹੈ। ਇਸ ਦੇ ਨਾਲ ਹੀ, ਬੁਨਿਆਦੀ ਢਾਂਚੇ ਨੂੰ ਮੁੜ ਲੀਹ ਉੱਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਪ੍ਰੋਫੈਸਰ ਪ੍ਰੀਤਮ ਸਿੰਘ ਦਾ ਕਹਿਣਾ ਹੈ, "ਹਾਲਾਂਕਿ ਇਸ ਗੱਲ ਵਿੱਚ ਵੀ ਦੋਰਾਹੇ ਨਹੀਂ ਹੈ ਕਿ ਪਰਵਾਸ ਨੂੰ ਲੈ ਕੇ ਨਿਰਾਸ਼ਾ ਵੀ ਲੋਕਾਂ ਵਿੱਚ ਆਈ ਹੈ ਅਤੇ ਰਿਵਰਸ ਮਾਈਗ੍ਰੇਸ਼ਨ (ਪਰਵਾਸੀਆਂ ਦਾ ਮੁੜ ਆਪਣੇ ਦੇਸ਼ਾਂ ਵਿੱਚ ਆਉਣਾ) ਦੇ ਕੇਸ ਵੀ ਦੇਖੇ ਜਾ ਰਹੇ ਹਨ।"

ਉਨ੍ਹਾਂ ਮੁਤਾਬਕ, ਕੈਨੇਡਾ ਦਾ ਪਰਵਾਸ ਨੀਤੀਆਂ ਵਿੱਚ ਬਦਲਾਅ ਕਰਨਾ ਸਿਆਸੀ ਮਜਬੂਰੀ ਵੀ ਸੀ ਅਤੇ ਸਮੇਂ ਦੀ ਮੰਗ ਵੀ। ਪਰ ਇੱਕ ਗੱਲ ਸਾਫ ਹੈ ਕਿ ਪਰਵਾਸ ਤੋਂ ਬਿਨਾਂ ਇਨ੍ਹਾਂ ਦੇਸ਼ਾਂ ਦਾ ਗੁਜ਼ਾਰਾ ਵੀ ਔਖਾ ਹੈ। ਪਰਵਾਸ ਪੂਰਾ ਰੁਕ ਨਹੀਂ ਸਕਦਾ ਪਰ ਕੁਝ ਪਾਬੰਦੀਆਂ ਜ਼ਰੂਰ ਸਮੇਂ-ਸਮੇਂ ਉੱਤੇ ਲੱਗਣਗੀਆਂ ਅਤੇ ਉਸ ਵਿੱਚ ਬਦਲਾਅ ਵੀ ਆਉਂਦੇ ਰਹਿਣਗੇ।

Ranjit Kandola
Broker (MAC Real Estate Services)
CHECK DAILY MORTGAGE RATES @
WWW.DesiMortgageBroker.com
HIRING & TRAINING: MORTGAGE LOAN ORIGINATORS
MAC REAL ESTATE SERVICES
Mortgage Brokerage Since 2003
(916) 917-2393 Mobile
(916) 516-1116 Office
Broker@DesiMortgageBroker.com
5701 Lonetree Blvd, Suite 126 H
Rocklin CA 95765
EQUAL HOUSING LENDER
BBB ACCREDITED BUSINESS A+ rating
Company NMLS 1133016 DRE 01800662 NMLS 347022

## Padam Builders Inc.

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।

Harpreet Singh Padam 510-695-6435
Gurpreet Singh Padam 510-962-2593
email: padambuilders@gmail.com
Licensed # 1019803


Gurpreet Singh Padam

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ


Harpreet Singh Padam

3143 ARDEN ROAD, HAYWARD, CA- 94545

## Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

## Gurpiar Sidhu

Home Buying & Selling System

209-598-7776



Lic. 01815083

ਵਾਜਬ ਕੀਮਤ ਤੇ ਘਰ/ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ ਜੀ

ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ

ਕਿਸੇ ਵੀ ਕਿਸਮ ਦੀ ਮਾਰਟਗੇਜ਼, ਬੀਮਾ, ਸੋਲਰ ਅਤੇ ਮੋਬਾਇਲ, ਨੋਟਰੀ ਸੇਵਾ ਲਈ ਸੰਪਰਕ ਕਰੋ

PRIMESTAR REAL ESTATE
A Realtor you can trust... Blindly

Office- 2030 E. Louise Ave. Lathrop, CA 95330

## 21 Century

Inderjit Singh
BROKER-REAL ESTATE



(1) ਘਰ/ਬਿਜਨਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।
(2) ਕਿਸੇ ਵੀ ਕਿਸਮ ਦੀ ਮਾਰਟਗੇਜ ਲਈ ਸੰਪਰਕ ਕਰੋ।
(3) ਬਹੁਤ ਹੀ ਚੰਗੇ ਰੇਟ 'ਤੇ ਘਰਾਂ ਲਈ ਲੋਨ ਕਰਵਾ ਕੇ ਦੇਣ ਦਾ ਵਾਅਦਾ ਕਰਦੇ ਹਾਂ।

Office : 425-775-8525
Cell : 425-425-4055
Fax : 425-670-3500
MLS
email: inderjit.singh@centuary21.com

19020 33rd Ave West, Suite 300, Lynnwood, WA 98036

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810





# Quick Lube & Smog

OFFICIAL LAMP ADJUSTING STATION · OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544



# CALIFORNIA IMMIGRATION SERVICES INC.

CISI

Your Registered & Bonded 'Immigration-Consultants'



## ROSY (Kanwal) KAUR

Immigration Consultant

408-422-8585
510-573-3666

website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

Fremont Office: 4127 Bay Street, Unit 5, Fremont CA, 94538
Tracy Office: 1660 W Linnee Rd. Unit J 25, Tracy CA, 95377



# Moon Indian Cuisine

MOON indian cuisine

510-780-9233



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ, ਹਰ ਐਤਵਾਰ ਨੂੰ Buffet ਲੱਗਦਾ ਹੈ।

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ

ਮੱਛੀ ਦੇ ਪਕੌੜੇ ਬਣਾਉਣ ਦੇ ਮਾਹਿਰ, ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ
ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਾਂ।

100-1000 ਬੰਦਿਆਂ ਤੱਕ ਪਾਰਟੀ ਲਈ ਪ੍ਰਬੰਧ

ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

Over 30 Years Experience in Restaurant & Catering Business

## ਮੂਨ ਇੰਡੀਅਨ ਕੁਜ਼ੀਨ (ਹੇਵਰਡ)

600 West Harder Rd. Hayward, CA 94544
Contact: (Paul) 510-978-7170
www.moonindiancuisine.net

## ਮੇਰੇ ਪਤੀ ਬਾਰੇ ਗਲਤ ਅਫਵਾਹਾਂ ਕਿਉਂ ਉਡਾਈਆਂ ਜਾ ਰਹੀਆਂ ਨੇ-ਹੇਮਾ ਮਾਲਿਨੀ

ਹਿੰਦੀ ਸਿਨੇਮਾ ਦੇ ਮਸ਼ਹੂਰ ਅਦਾਕਾਰ ਅਤੇ 'ਹੀ-ਮੈਨ' ਧਰਮਿੰਦਰ ਦਾ ਇਲਾਜ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਚੱਲ ਰਿਹਾ ਹੈ, ਹਾਲਾਂਕਿ ਹੁਣ ਉਹ ਘਰ ਚਲੇ ਗਏ ਹਨ। ਡਾਕਟਰਾਂ ਦੀ ਇੱਕ ਟੀਮ ਉਨ੍ਹਾਂ ਦੀ ਸਿਹਤ ਦੀ ਲਗਾਤਾਰ ਨਿਗਰਾਨੀ ਕਰ ਰਹੀ ਹੈ। ਧਰਮਿੰਦਰ ਦਾ ਇਲਾਜ ਕਰ ਰਹੇ ਇੱਕ ਡਾਕਟਰ ਨਾਲ ਫ਼ੋਨ 'ਤੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੇ ਮਰੀਜ਼ ਅਤੇ ਪਰਿਵਾਰ ਦੀ ਨਿੱਜਤਾ ਦਾ ਹਵਾਲਾ ਦਿੰਦੇ ਹੋਏ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਮਿਲੀ ਜਾਣਕਾਰੀ ਮੁਤਾਬਕ, ਧਰਮਿੰਦਰ ਨੂੰ ਸਾਹ ਲੈਣ ਵਿੱਚ ਤਕਲੀਫ਼ ਅਤੇ ਨਮੂਨੀਆ ਕਾਰਨ ਤਕਰੀਬਨ ਤਿੰਨ ਹਫ਼ਤੇ ਪਹਿਲਾਂ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਧਰਮਿੰਦਰ ਦੀ ਉਮਰ ਅਤੇ ਸਿਹਤ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਸ਼ੁਰੂ ਤੋਂ ਹੀ ਆਈਸੀਯੂ ਵਿੱਚ ਰੱਖਿਆ ਗਿਆ ਸੀ। ਇਸ ਦੌਰਾਨ ਮੰਗਲਵਾਰ ਨੂੰ



ਧਰਮਿੰਦਰ ਦੀ ਧੀ ਈਸ਼ਾ ਦਿ ਲ ਅਤੇ ਪਤਨੀ ਹੇਮਾ ਮਾਲਿਨੀ ਨੇ ਮੀਡੀਆ ਵਿੱਚ ਉਨ੍ਹਾਂ ਦੀ 'ਮੌਤ' ਬਾਰੇ ਝੂਠੀ ਖ਼ਬਰ ਫੈਲਾਏ ਜਾਣ ਤੋਂ ਬਾਅਦ ਸਖ਼ਤ ਨਾਰਾਜ਼ਗੀ ਪ੍ਰਗਟ ਕੀਤੀ ਹੈ।

ਈਸ਼ਾ ਦਿ ਲ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ' ਤੇ ਲਿਖਿਆ, "ਮੀਡੀਆ ਜਲਦੀ ਵਿੱਚ ਹੈ ਅਤੇ ਝੂਠੀਆਂ ਖ਼ਬਰਾਂ ਫੈਲਾਅ ਰਿਹਾ ਹੈ। ਮੇਰੇ ਪਿਤਾ ਦੀ ਹਾਲਤ ਸਥਿਰ ਹੈ ਅਤੇ ਠੀਕ ਹੋ ਰਹੇ ਹਨ। ਪਾਪਾ ਦੀ ਚੰਗੀ ਸਿਹਤ ਲਈ ਤੁਹਾਡੀਆਂ ਅਰਦਾਸਾਂ ਲਈ ਧੰਨ-ਵਾਦ।" ਧਰਮਿੰਦਰ ਦੀ ਪਤਨੀ, ਅਦਾਕਾਰਾ ਅਤੇ ਸੰਸਦ ਮੈਂਬਰ ਹੇਮਾ ਮਾਲਿਨੀ ਨੇ ਇੰਸਟਾਗ੍ਰਾਮ 'ਤੇ ਲਿਖਿਆ, "ਜੋ ਹੋ ਰਿਹਾ ਹੈ ਉਹ ਮਾਫ਼ ਕਰਨ ਯੋਗ ਨਹੀਂ ਹੈ! ਜ਼ਿੰਮੇਵਾਰ ਚੈਨਲ ਇੱਕ ਅਜਿਹੇ ਵਿਅਕਤੀ ਬਾਰੇ ਝੂਠੀਆਂ ਖ਼ਬਰਾਂ ਕਿਵੇਂ ਫੈਲਾ ਸਕਦੇ ਹਨ ਜੋ ਇਲਾਜ ਪ੍ਰਤੀ ਹੁੰਗਾਰਾ ਭਰ ਰਿਹਾ ਹੈ ਅਤੇ ਠੀਕ ਹੋ ਰਿਹਾ ਹੈ?"

ਉਨ੍ਹਾਂ ਨੇ ਲਿਖਿਆ, "ਇਹ ਬਹੁਤ ਹੀ ਨਿਰਾਦਰਜਨਕ ਅਤੇ ਗ਼ੈਰ-ਜ਼ਿੰਮੇਵਾਰਾਨਾ ਹੈ। ਕ੍ਰਿਪਾ ਕਰਕੇ ਪਰਿਵਾਰ ਅਤੇ ਉਨ੍ਹਾਂ ਦੀ ਨਿੱਜਤਾ ਦਾ ਸਤਿਕਾਰ ਕਰੋ।"ਧਰਮਿੰਦਰ ਨੂੰ ਆਪਣਾ ਆਦਰਸ਼ ਮੰਨਣ ਵਾਲੇ ਸਲਮਾਨ ਖ਼ਾਨ, ਨੂੰ ਵੀ ਸੋਮਵਾਰ ਦੇਰ ਸ਼ਾਮ ਬ੍ਰੀਚ ਕੈਂਡੀ ਹਸਪਤਾਲ ਜਾਂਦੇ ਦੇਖਿਆ ਗਿਆ।

ਧਰਮਿੰਦਰ ਨਾਲ ਕਈ ਫ਼ਿਲਮਾਂ ਵਿੱਚ ਕੰਮ ਕਰ ਚੁੱਕੇ ਅਦਾਕਾਰ ਗੋਵਿੰਦਾ ਵੀ ਦੇਰ ਰਾਤ ਧਰਮਿੰਦਰ ਨੂੰ ਮਿਲਣ ਆਏ ਸਨ। ਇਸ ਦੌਰਾਨ, ਧਰਮਿੰਦਰ ਦੀ ਟੀਮ ਦੇ ਇੱਕ ਮੈਂਬਰ ਨੇ ਸੋਮਵਾਰ ਨੂੰ ਇੱਕ ਮੈਸੇਜ ਵਿੱਚ ਕਿਹਾ ਸੀ, "ਧਰਮਿੰਦਰ ਦੀ ਹਾਲਤ ਹੁਣ ਸਥਿਰ ਹੈ ਅਤੇ ਉਨ੍ਹਾਂ ਨੂੰ ਨਿਗਰਾਨੀ ਅਧੀਨ ਰੱਖਿਆ ਗਿਆ ਹੈ।" "ਅਸੀਂ ਸਾਰਿਆਂ ਨੂੰ ਧਰਮਿੰਦਰ ਦੀ ਜਲਦੀ ਸਿਹਤਯਾਬੀ ਲਈ ਪ੍ਰਾਰਥਨਾ ਕਰਨ ਅਤੇ ਪਰਿਵਾਰ ਦੀ ਨਿੱਜਤਾ ਦਾ ਸਨਮਾਨ ਕਰਨ ਦੀ ਅਪੀਲ ਕਰਦੇ ਹਾਂ।" ਜਦੋਂ ਤੋਂ ਧਰਮਿੰਦਰ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਨਾ ਤਾਂ ਹਸਪਤਾਲ ਅਤੇ ਨਾ ਹੀ ਉਨ੍ਹਾਂ ਦਾ ਇਲਾਜ ਕਰ ਰਹੇ ਡਾਕਟਰਾਂ ਨੇ ਉਨ੍ਹਾਂ ਦੀ ਸਿਹਤ ਸੰਬੰਧੀ ਕੋਈ ਹੈਲਥ ਬੁਲੇਟਿਨ ਜਾਰੀ ਕੀਤਾ ਹੈ।

ਇਸ ਤੋਂ ਪਹਿਲਾਂ ਸੋਮਵਾਰ ਨੂੰ ਬ੍ਰੀਚ ਕੈਂਡੀ ਹਸਪਤਾਲ ਵਿੱਚ ਹਫੜਾ-ਦਫੜੀ ਵਾਲਾ ਮਾਹੌਲ ਦੇਖਣ ਨੂੰ ਮਿਲਿਆ ਸੀ। ਧਰਮਿੰਦਰ ਦੇ ਵੱਡੇ ਪੁੱਤ ਅਦਾਕਾਰ ਸੰਨੀ ਦਿ ਲ, ਸਵੇਰੇ ਹਸਪਤਾਲ ਵਿੱਚ ਮੌਜੂਦ ਸ ਅਤੇ ਦੁਪਹਿਰ ਨੂੰ ਚਲੇ ਗਏ। ਬਾਅਦ ਵਿੱਚ ਸ਼ਾਮ ਨੂੰ ਸੰਨੀ ਦਿ ਲ ਨੂੰ ਹਸਪਤਾਲ ਵਾਪਸ ਆਉਂਦੇ ਦੇਖਿਆ ਗਿਆ। ਧਰਮਿੰਦਰ ਦੀ ਦੂਜੀ ਪਤਨੀ, ਅਦਾਕਾਰਾ ਹੇਮਾ ਮਾਲਿਨੀ ਨੂੰ ਵੀ ਬ੍ਰੀਚ ਕੈਂਡੀ ਹਸਪਤਾਲ ਵਿੱਚ ਦੇਖਿਆ ਗਿਆ। ਉੱਥੇ ਕੁਝ ਸਮਾਂ ਬਿਤਾਉਣ ਤੋਂ ਬਾਅਦ ਉਹ ਆਪਣੀ ਕਾਰ ਵਿੱਚ ਹਸਪਤਾਲ ਤੋਂ ਬਾਹਰ ਨਿਕਲਦੇ ਦਿਖਾਈ ਦਿੱਤੇ ਸਨ।

# ਸਰਦੀਆਂ ਵਿੱਚ ਗਰਮ ਜਾਂ ਠੰਢਾ ਪਾਣੀ ਨਹਾਉਣ ਲਈ ਬਿਹਤਰ ਹੈ

ਜਿਵੇਂ ਹੀ ਠੰਢਾ ਮੌਸਮ ਆਉਂਦਾ ਹੈ, ਬਹੁਤ ਸਾਰੇ ਲੋਕ ਇਸ ਸਵਾਲ ਨਾਲ ਜੂਝਦੇ ਹਨ ਕਿ 'ਨਹਾਇਆ ਜਾਵੇ ਜਾਂ ਨਹੀਂ?' ਅਤੇ ਜੇ ਹਿੰਮਤ ਕਰਕੇ ਨਹਾਉਣ ਦਾ ਮਨ ਬਣਾ ਵੀ ਲਿਆ ਤਾਂ ਅਗਲਾ ਸਵਾਲ ਇਹ ਹੁੰਦਾ ਹੈ ਕਿ 'ਗਰਮ ਪਾਣੀ ਨਾਲ ਨਹਾਉਣਾ ਚਾਹੀਦਾ ਹੈ ਜਾਂ ਠੰਢੇ ਪਾਣੀ ਨਾਲ?' ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਸਰਦੀਆਂ ਵਿੱਚ ਗਰਮ ਪਾਣੀ ਨਾਲ ਨਹਾਉਣਾ ਬਿਹਤਰ ਹੈ। ਉਹ ਕਹਿੰਦੇ ਹਨ ਕਿ ਇਹ ਸਰੀਰ ਨੂੰ ਰਾਹਤ ਦਿੰਦਾ ਹੈ, ਥਕਾਵਟ ਉਤਰ ਜਾਂਦੀ ਹੈ ਅਤੇ ਠੰਢ ਤੋਂ ਬਚਾਉਂਦਾ ਹੈ।

ਪਰ ਦੂਜੇ ਪਾਸੇ ਕੁਝ ਲੋਕ ਇਹ ਵੀ ਮੰਨਦੇ ਹਨ ਕਿ ਗਰਮ ਪਾਣੀ ਨਾਲ ਨਹਾਉਣ ਨਾਲ ਚਮੜੀ ਖੁਸ਼ਕ ਹੋ ਜਾਂਦੀ ਹੈ, ਵਾਲਾਂ ਨੂੰ ਨੁਕਸਾਨ ਹੁੰਦਾ ਹੈ ਅਤੇ ਸਰੀਰ ਦੀ ਕੁਦਰਤੀ ਤੇਲ ਵਾਲੀ ਪਰਤ ਹਟ ਜਾਂਦੀ ਹੈ। ਤਾਂ ਆਖ਼ਰ ਸੱਚਾਈ ਕੀ ਹੈ? ਕੀ ਸਾਨੂੰ ਹਰ ਮੌਸਮ ਵਿੱਚ ਠੰਢੇ ਪਾਣੀ ਨਾਲ ਨਹਾਉਣਾ ਚਾਹੀਦਾ ਹੈ, ਜਾਂ ਫਿਰ ਸਰਦੀਆਂ ਵਿੱਚ ਗਰਮ ਪਾਣੀ ਨਾਲ ਨਹਾਉਣਾ ਬਿਹਤਰ ਹੈ? ਆ ਜਾਣਦੇ ਹਾਂ ਕਿ ਮਾਹਰ ਕੀ ਕਹਿੰਦੇ ਹਨ...

ਸਾਲ 2022 ਵਿੱਚ ਇੰਟਰਨੈਸ਼ਨਲ ਜਰਨਲ ਆਫ਼ ਸਾਇੰਟਿਫਿਕ ਰਿਸਰਚ ਐਂਡ ਇੰਜੀਨੀਅਰਿੰਗ ਡਿਵੈਲਪਮੈਂਟ ਵਿੱਚ ਪ੍ਰਕਾਸ਼ਿਤ ਇੱਕ ਖੋਜ ਰਿਪੋਰਟ ਦੇ ਡਰਮੇਟਾਇਟਸ ਚਮੜੀ ਦੀ ਇੱਕ ਆਮ ਸਮੱਸਿਆ ਹੈ ਜੋ ਸੋਜ ਅਤੇ ਖੁਜਲੀ ਦਾ ਕਾਰਨ ਬਣਦੀ ਹੈ। ਇਹ ਲਾਲੀ ਦਾ ਕਾਰਨ ਵੀ ਬਣ ਸਕਦੀ ਹੈ। ਡਾ. ਡੀ.ਐਮ. ਮਹਾਜਨ ਇਹ ਵੀ ਮੰਨਦੇ ਹਨ ਕਿ ਜੇਕਰ ਕਿਸੇ ਨੂੰ ਪਹਿਲਾਂ ਹੀ ਐਗਜ਼ੀਮਾ (ਐਟੋਪਿਕ ਡਰਮੇਟਾਇਟਸ) ਹੈ, ਤਾਂ ਗਰਮ ਪਾਣੀ ਨਾਲ ਨਹਾਉਣਾ ਬਹੁਤ ਖ਼ਤਰਨਾਕ ਹੋ ਸਕਦਾ ਹੈ। ਐਗਜ਼ੀਮਾ ਇੱਕ ਚਮੜੀ ਰੋਗ ਹੈ ਜੋ ਚਮੜੀ ਦੀ ਖੁਸ਼ਕੀ ਅਤੇ ਲਾਲੀ ਦਾ ਕਾਰਨ ਬਣਦਾ ਹੈ। ਇਸ ਨਾਲ ਬਹੁਤ ਜ਼ਿਆਦਾ ਖੁਜਲੀ ਵੀ ਹੁੰਦੀ ਹੈ।

ਡਾ. ਡੀ. ਐਮ. ਮਹਾਜਨ ਕਹਿੰਦੇ ਹਨ ਕਿ ਜੇਕਰ ਤੁਸੀਂ ਪੋਲੀਸਾਈਥੀਮੀਆ ਵੇਰਾ (ਬਿਮਾਰੀ, ਜਿਸ ਵਿੱਚ ਸਰੀਰ ਬਹੁਤ ਜ਼ਿਆਦਾ ਲਾਲ ਖੂਨ ਦੇ ਸੈੱਲ ਪੈਦਾ ਕਰਦਾ ਹੈ) ਤੋਂ ਪੀੜਤ ਹੋ, ਤਾਂ ਤੁਹਾਨੂੰ ਗਰਮ ਪਾਣੀ ਨਾਲ ਨਹਾਉਣ ਵੇਲੇ ਹੋਰ ਵੀ ਸਾਵਧਾਨ ਰਹਿਣ ਦੀ ਲੋੜ ਹੈ। ਉਹ ਕਹਿੰਦੇ ਹਨ, "ਜੋ ਇਸ ਸਥਿਤੀ ਤੋਂ ਪੀੜਤ ਲੋਕ ਬਹੁਤ ਗਰਮ ਪਾਣੀ ਨਾਲ ਨਹਾਉਂਦੇ ਹਨ, ਤਾਂ ਉਨ੍ਹਾਂ ਦੀ ਚਮੜੀ ਹੋਰ ਲਾਲ ਹੋ ਹੋ ਜਾਂਦੀ ਹੈ।"


ਸਰਦੀਆਂ 'ਚ ਅਚਾਨਕ ਠੰਢੇ ਪਾਣੀ ਨਾਲ ਨਹਾਉਣ 'ਤੇ ਕੀ ਹੁੰਦਾ ਹੈ?

ਠੰਢੇ ਪਾਣੀ ਨਾਲ ਨਹਾਉਣ ਨਾਲ ਤੁਹਾਡੀਆਂ ਪਾਣੀ ਵਿੱਚ ਨਹਾਉਣ ਤੋਂ ਬਚਣ ਅਤੇ ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ ਦੀ ਸਲਾਹ ਦਿੰਦੇ ਹਨ। ਡਾ. ਅੰਜੂ ਦੱਸਦੇ ਹਨ, "ਛੋਟੇ ਬੱਚਿਆਂ ਅਤੇ ਬਜ਼ੁਰਗਾਂ ਦੀ ਚਮੜੀ ਪਹਿਲਾਂ ਹੀ ਸੰਵੇਦਨਸ਼ੀਲ ਹੁੰਦੀ ਹੈ, ਇਸ ਲਈ ਬਹੁਤ ਗਰਮ ਪਾਣੀ ਵਿੱਚ ਨਹਾਉਣ ਨਾਲ ਚਮੜੀ ਦੀ ਖੁਸ਼ਕੀ, ਜਲਣ ਅਤੇ ਫਟਣ ਦੀ ਸਮੱਸਿਆ ਵਧ ਸਕਦੀ ਹੈ।" "ਸਰਦੀਆਂ ਵਿੱਚ ਕੋਸੇ ਪਾਣੀ ਨਾਲ ਨਹਾਉਣਾ ਸਭ ਤੋਂ ਵਧੀਆ ਹੁੰਦਾ ਹੈ। ਖੁਸ਼ਕ ਚਮੜੀ ਅਤੇ ਖੁਜਲੀ ਨੂੰ ਰੋਕਣ ਲਈ ਨਹਾਉਣ ਤੋਂ ਬਾਅਦ ਚਮੜੀ 'ਤੇ ਮਾਇਸਚਰਾਈਜ਼ਰ ਲਗਾਉਣਾ ਵੀ ਮਹੱਤਵਪੂਰਨ ਹੁੰਦਾ ਹੈ।"

### ਨਲਕੇ ਜਾਂ ਬੋਰਵੈੱਲ ਦਾ ਪਾਣੀ

ਪੇਂਡੂ ਖੇਤਰਾਂ ਵਿੱਚ ਲੋਕ ਅਕਸਰ ਨਲਕੇ ਜਾਂ ਬੋਰਵੈੱਲ ਦੀ ਵਰਤੋਂ ਕਰਦੇ ਹਨ। ਜਦੋਂ ਸਰਦੀਆਂ ਆਉਂਦੀਆਂ ਹਨ ਤਾਂ ਇਹ ਇਨ੍ਹਾਂ ਨਲਕਿਆਂ ਜਾਂ ਬੋਰਵੈੱਲ ਵਿੱਚੋਂ ਕੋਸਾ ਪਾਣੀ ਨਿਕਲਦਾ ਹੈ। ਇਹੀ ਕਾਰਨ ਹੈ ਕਿ ਅੱਜ ਵੀ ਪੇਂਡੂ ਖੇਤਰਾਂ ਵਿੱਚ ਲੋਕ ਬਿਨਾਂ ਗਰਮ ਕੀਤੇ ਪਾਣੀ ਵਿੱਚ ਨਹਾਉਂਦੇ ਹਨ। ਹਾਲਾਂਕਿ, ਡਾਕਟਰ ਕਈ ਮਾਮਲਿਆਂ ਵਿੱਚ ਇਸ ਦੇ ਵਿਰੁੱਧ ਵੀ ਚੇਤਾਵਨੀ ਦਿੰਦੇ ਹਨ। ਬਹੁਤ ਸਾਰੇ ਪੇਂਡੂ ਖੇਤਰਾਂ ਵਿੱਚ ਭੂਮੀਗਤ ਪਾਣੀ ਵਿੱਚ ਹਲਕੇ-ਫੁਲਕੇ ਖਣਿਜ ਵੀ ਹੁੰਦੇ ਹਨ। ਤਾਪਮਾਨ 'ਤੇ ਨਿਰਭਰ ਕਰਦੇ ਹੋਏ,

> **ਜਦੋਂ ਸਾਡਾ ਸਰੀਰ ਅਚਾਨਕ ਬਹੁਤ ਠੰਢੇ ਜਾਂ ਬਹੁਤ ਗਰਮ ਪਾਣੀ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਖੂਨ ਦੀਆਂ ਨਾੜੀਆਂ ਤੁਰੰਤ ਪ੍ਰਤੀਕਿਰਿਆ ਕਰਦੀਆਂ ਹਨ। ਡਾ. ਪ੍ਰਤੀਕ ਕਹਿੰਦੇ ਹਨ, "ਬਹੁਤ ਠੰਢੇ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਦਿਲ ਦੀ ਧੜਕਣ ਵਿੱਚ ਅਚਾਨਕ ਵਾਧਾ ਹੋ ਸਕਦਾ ਹੈ। ਬਹੁਤ ਗਰਮ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ, ਨਾੜੀਆਂ ਫੈਲ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ ਅਤੇ ਚੱਕਰ ਆਉਣੇ ਜਾਂ ਬੇਹੋਸ਼ੀ ਹੋ ਸਕਦੀ ਹੈ। ਇਸ ਲਈ, ਬਹੁਤ ਜ਼ਿਆਦਾ ਗਰਮ ਪਾਣੀ ਤੋਂ ਬਚਣਾ ਮਹੱਤਵਪੂਰਨ ਹੈ।"**



ਅਨੁਸਾਰ, ਸਰੀਰ ਦੀ ਬਾਹਰੀ ਸਤਹ ਵਿੱਚ ਕੇਰਾਟਿਨ ਸੈੱਲ ਹੁੰਦੇ ਹਨ। ਗਰਮ ਪਾਣੀ ਨਾਲ ਨਹਾਉਣ ਨਾਲ ਇਨ੍ਹਾਂ ਸੈੱਲਾਂ ਨੂੰ ਨੁਕਸਾਨ ਹੁੰਦਾ ਹੈ, ਜਿਸ ਨਾਲ ਐਗਜ਼ੀਮਾ ਵਰਗੀਆਂ ਚਮੜੀ ਦੀਆਂ ਸਮੱਸਿਆਵਾਂ ਹੋਰ ਗੰਭੀਰ ਹੋ ਸਕਦੀਆਂ ਹਨ।

### ਗਰਮ ਪਾਣੀ ਨਾਲ ਨਹਾਉਣ ਨਾਲ ਕੀ ਹੁੰਦਾ ਹੈ?

ਲੋਕ ਅਕਸਰ ਸਰਦੀਆਂ ਦੇ ਮੌਸਮ ਵਿੱਚ ਗਰਮ ਪਾਣੀ ਨਾਲ ਨਹਾਉਣਾ ਪਸੰਦ ਕਰਦੇ ਹਨ, ਪਰ ਚਮੜੀ ਦੇ ਮਾਹਰ ਇਸ ਨੂੰ ਇੱਕ ਵੱਡਾ ਖ਼ਤਰਾ ਮੰਨਦੇ ਹਨ। ਉਹ ਕਹਿੰਦੇ ਹਨ ਕਿ ਬਹੁਤ ਜ਼ਿਆਦਾ ਗਰਮ ਪਾਣੀ ਸਾਡੀ ਚਮੜੀ ਦੀ ਕੁਦਰਤੀ ਸੁਰੱਖਿਆ ਪਰਤ ਨੂੰ ਨੁਕਸਾਨ ਪਹੁੰਚਾਉਂਦਾ ਹੈ।ਉੱਤਰ ਪ੍ਰਦੇਸ਼ ਦੇ ਨੋਇਡਾ ਦੇ ਕੈਲਾਸ਼ ਹਸਪਤਾਲ ਦੇ ਸੀਨੀਅਰ ਸਲਾਹਕਾਰ ਚਮੜੀ ਦੇ ਮਾਹਰ ਡਾ. ਅੰਜੂ ਝਾਅ ਦੱਸਦੇ ਹਨ ਕਿ ਸਰਦੀਆਂ ਵਿੱਚ ਤੁਸੀਂ ਗਰਮ ਪਾਣੀ ਨਾਲ ਨਹਾ ਸਕਦੇ ਹੋ, ਪਰ ਪਾਣੀ ਕੋਸਾ ਹੋਣਾ ਚਾਹੀਦਾ ਹੈ, ਨਾ ਕਿ ਬਹੁਤ ਜ਼ਿਆਦਾ ਗਰਮ।

ਡਾ. ਅੰਜੂ ਝਾਅ ਨੇ ਕਿਹਾ, "ਬਹੁਤ ਗਰਮ ਪਾਣੀ ਨਾਲ ਨਹਾਉਣ ਨਾਲ ਚਮੜੀ 'ਤੇ ਖੁਸ਼ਕੀ ਆ ਸਕਦੀ ਹੈ, ਜਿਸ ਨੂੰ ਅਸੀਂ 'ਜ਼ੇਰੋਸਿਸ' ਕਹਿੰਦੇ ਹਾਂ।" ਅਪੋਲੋ ਹਸਪਤਾਲ ਦੇ ਚਮੜੀ ਦੇ ਮਾਹਰ ਡਾ. ਡੀਐੱਮ ਮਹਾਜਨ ਕਹਿੰਦੇ ਹਨ ਕਿ ਸਰਦੀਆਂ ਵਿੱਚ ਨਹਾਉਂਦੇ ਸਮੇਂ ਇਹ ਜ਼ਰੂਰੀ ਹੈ ਕਿ ਪਾਣੀ ਗਰਮ ਹੋਵੇ, ਪਰ ਬਸ ਇੰਨਾ ਹੀ ਗਰਮ ਹੋਵੇ ਕਿ ਤੁਹਾਨੂੰ ਠੰਢਾ ਮਹਿਸੂਸ ਨਾ ਹੋਵੇ। ਸਾਡੀ ਚਮੜੀ ਦੀ ਉਪਰਲੀ ਪਰਤ ਵਿੱਚ ਸੀਬਮ ਅਤੇ ਲਿਪਿਡਸ ਦੀ ਇੱਕ ਪਤਲੀ, ਤੇਲਯੁਕਤ ਪਰਤ ਹੁੰਦੀ ਹੈ, ਜੋ ਸਰੀਰ ਨੂੰ ਬੈਕ-ਟੀਰੀਆ, ਧੂੜ ਅਤੇ ਬਾਹਰੀ ਲਾਗਾਂ ਤੋਂ ਬਚਾਉਂਦੀ ਹੈ। ਇਹ ਪਰਤ ਚਮੜੀ ਦੀ ਨਮੀ ਬਣਾਈ ਰੱਖਣ ਵਿੱਚ ਵੀ ਮਦਦ ਕਰਦੀ ਹੈ।

ਡਾ. ਡੀਐੱਮ ਮਹਾਜਨ ਕਹਿੰਦੇ ਹਨ, "ਜੇ ਤੁਸੀਂ ਸਰੀਰ 'ਤੇ ਬਹੁਤ ਜ਼ਿਆਦਾ ਗਰਮ ਪਾਣੀ ਪਾਉਂਦੇ ਹੋ ਤਾਂ ਇਹ ਪਹਿਲਾਂ ਤੋਂ ਮੌਜੂਦ ਜ਼ਰੂਰੀ ਤੇਲ ਨੂੰ ਹਟਾ ਦਿੰਦਾ ਹੈ। ਜਦੋਂ ਕੋਈ ਬਹੁਤ ਜ਼ਿਆਦਾ ਗਰਮ ਪਾਣੀ ਵਰਤਦਾ ਹੈ, ਤਾਂ ਇਹ ਪਰਤ ਤੇਜ਼ੀ ਨਾਲ ਟੁੱਟ ਜਾਂਦੀ ਹੈ।" ਉਹ ਕਹਿੰਦੇ ਹਨ ਕਿ ਤੇਲ ਦੀ ਪਰਤ ਦੇ ਹਟਣ ਨਾਲ ਕੁਝ ਬੇਅਰਾਮੀ ਹੋ ਸਕਦੀ ਹੈ। ਗਰਮ ਪਾਣੀ ਚਮੜੀ ਨੂੰ ਖੁਸ਼ਕ ਕਰ ਸਕਦਾ ਹੈ ਅਤੇ ਖੁਜਲੀ ਦਾ ਕਾਰਨ ਬਣ ਸਕਦਾ ਹੈ।

### ਕਿਨ੍ਹਾਂ ਲੋਕਾਂ ਨੂੰ ਵੱਧ ਖ਼ਤਰਾ?

ਜੇਕਰ ਪਾਣੀ ਬਹੁਤ ਹੀ ਜ਼ਿਆਦਾ ਗਰਮ ਹੈ ਤਾਂ ਇਹ ਕਿਸੇ ਵੀ ਵਿਅਕਤੀ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਹਾਲਾਂਕਿ, ਕੁਝ ਮਾਮਲਿਆਂ ਵਿੱਚ, ਆਮ ਨਾਲੋਂ ਜ਼ਿਆਦਾ ਗਰਮ ਪਾਣੀ ਕੁਝ ਲੋਕਾਂ ਲਈ ਵਧੇਰੇ ਸਮੱਸਿਆਵਾਂ ਪੈਦਾ ਕਰ ਸਕਦਾ ਹੈ। ਡਾ. ਅੰਜੂ ਦੱਸਦੇ ਹਨ, "ਜੇ ਤੁਹਾਡੀ ਚਮੜੀ ਪਹਿਲਾਂ ਹੀ ਖੁਸ਼ਕ ਹੈ ਅਤੇ ਤੁਸੀਂ ਜ਼ਿਆਦਾ ਗਰਮ ਪਾਣੀ ਨਾਲ ਨਹਾ ਲੈਂਦੇ ਹੋ ਤਾਂ ਇਹ ਡਰਮੇਟਾਇਟਸ ਅਤੇ ਐਗਜ਼ੀਮਾ ਦੇ ਜੋਖਮ ਨੂੰ ਵਧਾ ਦਿੰਦਾ ਹੈ।"

ਕਈ ਆਦਤਾਂ ਵਿੱਚ ਬਹੁਤ ਸੁਧਾਰ ਹੋ ਸਕਦਾ ਹੈ।

### ਕੁੱਝ ਮੁੱਖ ਫਾਇਦੇ ਇਹ ਹਨ :

ਖੂਨ ਸੰਚਾਰ ਵਿੱਚ ਸੁਧਾਰ, ਤਣਾਅ ਘਟਾਉਣਾ ਅਤੇ ਊਰਜਾ ਵਿੱਚ ਵਾਧਾ। ਇਹ ਸੁਚੇਤਤਾ ਨੂੰ ਵੀ ਵਧਾਉਂਦਾ ਹੈ। ਭਾਵੇਂ ਇਹ ਕਸਰਤ ਤੋਂ ਬਾਅਦ ਮਾਸਪੇਸ਼ੀਆਂ ਦੀ ਮੁਰੰਮਤ ਕਰਨਾ ਹੋਵੇ, ਚਰਬੀ ਘਟਾਉਣਾ ਹੋਵੇ, ਜਾਂ ਇਮਿਊਨ ਸਿਸਟਮ ਵਿੱਚ ਸੁਧਾਰ ਕਰਨਾ ਹੋਵੇ, ਇਹ ਇਨ੍ਹਾਂ ਸਾਰਿਆਂ ਵਿੱਚ ਲਾਭਦਾਇਕ ਹੈ। ਪਰ ਜੇਕਰ ਕੜਾਕੇ ਦੀ ਠੰਢ ਹੋਵੇ ਅਤੇ ਤੁਸੀਂ ਆਪਣੇ ਸਰੀਰ 'ਤੇ ਠੰਢਾ ਪਾਣੀ ਪਾ ਲਵੋ ਤਾਂ ਇਹ ਘਾਤਕ ਹੋ ਸਕਦਾ ਹੈ। ਅਸੀਂ ਇਸ ਮਾਮਲੇ ਬਾਰੇ ਵਧੇਰੇ ਜਾਣਕਾਰੀ ਲਈ ਦਿੱਲੀ ਦੇ ਬੀਐੱਲਕੇ-ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਸੀਨੀਅਰ ਸਲਾਹਕਾਰ ਨਿਊਰੋਲੋਜਿਸਟ ਅਤੇ ਨਿਊਰੋਵੈਸਕੁਲਰ ਇੰਟਰਵੈਂਸ਼ਨ ਡਾ. ਪ੍ਰਤੀਕ ਕਿਸ਼ੋਰ ਨਾਲ ਗੱਲ ਕੀਤੀ।

ਉਹ ਕਹਿੰਦੇ ਹਨ ਕਿ ਜਦੋਂ ਸਾਡਾ ਸਰੀਰ ਅਚਾਨਕ ਬਹੁਤ ਠੰਢੇ ਜਾਂ ਬਹੁਤ ਗਰਮ ਪਾਣੀ ਦੇ ਸੰਪਰਕ ਵਿੱਚ ਆਉਂਦਾ ਹੈ, ਤਾਂ ਖੂਨ ਦੀਆਂ ਨਾੜੀਆਂ ਤੁਰੰਤ ਪ੍ਰਤੀਕਿਰਿਆ ਕਰਦੀਆਂ ਹਨ। ਡਾ. ਪ੍ਰਤੀਕ ਕਹਿੰਦੇ ਹਨ, "ਬਹੁਤ ਠੰਢੇ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ ਨਾੜੀਆਂ ਸੁੰਗੜ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਵਧ ਸਕਦਾ ਹੈ ਅਤੇ ਦਿਲ ਦੀ ਧੜਕਣ ਵਿੱਚ ਅਚਾਨਕ ਵਾਧਾ ਹੋ ਸਕਦਾ ਹੈ। ਬਹੁਤ ਗਰਮ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ, ਨਾੜੀਆਂ ਫੈਲ ਜਾਂਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਘੱਟ ਹੋ ਸਕਦਾ ਹੈ ਅਤੇ ਚੱਕਰ ਆਉਣੇ ਜਾਂ ਬੇਹੋਸ਼ੀ ਹੋ ਸਕਦੀ ਹੈ। ਇਸ ਲਈ, ਬਹੁਤ ਜ਼ਿਆਦਾ ਗਰਮ ਪਾਣੀ ਤੋਂ ਬਚਣਾ ਮਹੱਤਵਪੂਰਨ ਹੈ।"

ਉਨ੍ਹਾਂ ਦੇ ਅਨੁਸਾਰ, ਅਚਾਨਕ ਤਾਪਮਾਨ ਵਿੱਚ ਤਬਦੀਲੀਆਂ ਉਨ੍ਹਾਂ ਲੋਕਾਂ ਲਈ ਹੋਰ ਵੀ ਖ਼ਤਰਨਾਕ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਪਹਿਲਾਂ ਹੀ ਦਿਲ ਦੀ ਬਿਮਾਰੀ, ਨਾੜੀਆਂ ਦੀ ਬਲੌਕੇਜ, ਹਾਈ ਬਲੱਡ ਪ੍ਰੈਸ਼ਰ, ਜਾਂ ਦਿਲ ਨਾਲ ਸਬੰਧਤ ਕੋਈ ਹੋਰ ਸਥਿਤੀ ਹੈ। ਉਹ ਕਹਿੰਦੇ ਹਨ, "ਬਹੁਤ ਠੰਢੇ ਪਾਣੀ ਦੇ ਸੰਪਰਕ ਵਿੱਚ ਆਉਣ ਨਾਲ ਬਲੱਡ ਪ੍ਰੈਸ਼ਰ ਵਿੱਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ, ਜਿਸ ਨਾਲ ਦਿਲ ਦਾ ਦੌਰਾ ਜਾਂ ਸਟ੍ਰੋਕ ਦਾ ਖ਼ਤਰਾ ਵਧ ਸਕਦਾ ਹੈ।"

ਠੰਢੇ ਪਾਣੀ ਨਾਲ ਨਹਾਉਣ ਬਾਰੇ ਡਾ. ਅੰਜੂ ਦੱਸਦੇ ਹਨ, "ਬਹੁਤ ਠੰਢੇ ਮੌਸਮ ਵਿੱਚ ਬਹੁਤ ਠੰਢੇ ਪਾਣੀ ਨਾਲ ਨਹਾਉਣਾ ਸਰੀਰ ਲਈ ਨੁਕਸਾਨਦੇਹ ਹੋ ਸਕਦਾ ਹੈ।" ਉਨ੍ਹਾਂ ਕਿਹਾ, "ਅਜਿਹੀ ਸਥਿਤੀ ਵਿੱਚ ਚਿਲਬਲੇਨ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਚਿਲਬਲੇਨ ਹੱਥਾਂ ਦੀਆਂ ਉਂਗਲਾਂ, ਉਂਗਲਾਂ ਦੇ ਸਿਰਿਆਂ ਅਤੇ ਪੈਰਾਂ ਦੀਆਂ ਉਂਗਲਾਂ ਵਿੱਚ ਨੀਲਾਪਨ, ਸੋਜ ਅਤੇ ਜਲਣ ਦਾ ਕਾਰਨ ਬਣ ਸਕਦੀ ਹੈ। ਇਹ ਸਮੱਸਿਆ ਠੰਢ ਕਾਰਨ ਖੂਨ ਦੇ ਸੰਚਾਰ ਵਿੱਚ ਆਏ ਵਿਘਨ ਕਾਰਨ ਹੁੰਦੀ ਹੈ।"

ਉਹ ਸਰਦੀਆਂ ਦੌਰਾਨ ਬਹੁਤ ਜ਼ਿਆਦਾ ਠੰਢ ਇਹ ਪਾਣੀ ਸਰਦੀਆਂ ਵਿੱਚ ਥੋੜ੍ਹਾ ਜਿਹਾ ਗਰਮ ਅਤੇ ਗਰਮੀਆਂ ਵਿੱਚ ਥੋੜ੍ਹਾ ਜਿਹਾ ਠੰਢਾ ਮਹਿਸੂਸ ਹੁੰਦਾ ਹੈ, ਜਿਸ ਨਾਲ ਲੋਕਾਂ ਲਈ ਨਹਾਉਣਾ ਆਰਾਮਦਾਇਕ ਹੋ ਜਾਂਦਾ ਹੈ। ਹਾਲਾਂਕਿ, ਡਾ. ਡੀ.ਐਮ. ਮਹਾਜਨ ਦੱਸਦੇ ਹਨ ਕਿ ਇਹ ਪਾਣੀ ਕਈ ਵਾਰ ਚਮੜੀ ਵਿੱਚ ਜਲਣ ਅਤੇ ਖੁਜਲੀ ਦਾ ਕਾਰਨ ਬਣ ਸਕਦਾ ਹੈ। ਉਨ੍ਹਾਂ ਦੇ ਅਨੁਸਾਰ, ਅਜਿਹਾ ਖਣਿਜ ਪਦਾਰਥਾਂ ਕਾਰਨ ਹੁੰਦਾ ਹੈ। ਜੇਕਰ ਪਾਣੀ ਵਿੱਚ ਕਲੋਰਾਈਡ, ਸਲਫੇਟ, ਜਾਂ ਹੋਰ ਘੁਲਣਸ਼ੀਲ ਲੂਣ ਦਾ ਪੱਧਰ ਜ਼ਿਆਦਾ ਹੁੰਦਾ ਹੈ ਤਾਂ ਪਾਣੀ "ਭਾਰੇ ਪਾਣੀ" (ਹਾਰਡ ਵਾਟਰ) ਦੀ ਸ਼੍ਰੇਣੀ ਵਿੱਚ ਆਉਂਦਾ ਹੈ।

ਉਹ ਕਹਿੰਦੇ ਹਨ, "ਜਿਵੇਂ-ਜਿਵੇਂ ਭਾਰਾਪਣ ਵਧਦਾ ਹੈ, ਇਹ ਪਾਣੀ ਚਮੜੀ ਦੀ ਕੁਦਰਤੀ ਤੇਲ ਪਰਤ ਨੂੰ ਹਟਾ ਦਿੰਦਾ ਹੈ। ਇਸ ਨਾਲ ਖੁਸ਼ਕੀ, ਖੁਜਲੀ ਅਤੇ ਜਲਣ ਵਰਗੀਆਂ ਚਮੜੀ ਦੀਆਂ ਸਮੱਸਿਆਵਾਂ ਵਧਦੀਆਂ ਹਨ।" "ਇਸ ਤੋਂ ਇਲਾਵਾ, ਅਜਿਹੇ ਪਾਣੀ ਦੀ ਉੱਚ ਖਣਿਜ ਸਮੱਗਰੀ ਵਾਲਾਂ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਇਹ ਖੁਸ਼ਕ ਅਤੇ ਬੇਜਾਨ ਦਿਖਾਈ ਦੇ ਸਕਦੇ ਹਨ।" ਇਸ ਲਈ ਚਾਹੇ ਇਹ ਭੂਮੀਗਤ ਪਾਣੀ ਤਾਪਮਾਨ ਦੇ ਲਿਹਾਜ਼ ਨਾਲ ਚੰਗਾ ਮਹਿਸੂਸ ਹੁੰਦਾ ਹੈ, ਪਰ ਇਸ ਦੀ ਗੁਣਵੱਤਾ ਅਤੇ ਇਸ ਵਿੱਚ ਮੌਜੂਦ ਖਣਿਜਾਂ ਦੀ ਮਾਤਰਾ ਚਮੜੀ ਅਤੇ ਵਾਲਾਂ ਦੀ ਸਿਹਤ 'ਤੇ ਮਹੱਤਵਪੂਰਨ ਪ੍ਰਭਾਵ ਪਾਉਂਦੀ ਹੈ। ਇਸ ਬਾਰੇ, ਡਾ. ਪ੍ਰਤੀਕ ਕਹਿੰਦੇ ਹਨ, "ਪਹਿਲਾਂ ਜੀਵਨ ਸ਼ੈਲੀ ਨਾਲ ਸਬੰਧਤ ਬਿਮਾਰੀਆਂ ਇੰਨੀਆਂ ਪ੍ਰਚਲਿਤ ਨਹੀਂ ਸਨ। ਬਜ਼ੁਰਗ ਪੇਂਡੂ ਲੋਕ ਜ਼ਿਆਦਾਤਰ ਸਰੀਰਕ ਤੌਰ 'ਤੇ ਸਰਗਰਮ ਸਨ, ਖੇਤਾਂ ਵਿੱਚ ਕੰਮ ਕਰਦੇ ਸਨ। ਉਨ੍ਹਾਂ ਦੇ ਸਰੀਰ ਅਜਿਹੇ 'ਤਾਪਮਾਨ ਦੇ ਝਟਕੇ' ਨੂੰ ਬਿਹਤਰ ਢੰਗ ਨਾਲ ਸਹਿ ਸਕਦੇ ਸਨ। ਹਾਲਾਂਕਿ, ਜਿਨ੍ਹਾਂ ਨੂੰ ਪਹਿਲਾਂ ਹੀ ਦਿਲ ਜਾਂ ਬਲੱਡ ਪ੍ਰੈਸ਼ਰ ਦੀਆਂ ਸਮੱਸਿਆਵਾਂ ਹਨ, ਉਨ੍ਹਾਂ ਲਈ ਇਹ ਜੋਖਮ ਅਜੇ ਵੀ ਮੌਜੂਦ ਹੈ।"

### ਇਸਦਾ ਵਾਲਾਂ 'ਤੇ ਕੀ ਪ੍ਰਭਾਵ ਪੈਂਦਾ ਹੈ?

ਬਹੁਤ ਜ਼ਿਆਦਾ ਗਰਮ ਪਾਣੀ ਨਾਲ ਨਹਾਉਣ ਨਾਲ ਨਾ ਸਿਰਫ਼ ਚਮੜੀ, ਸਗੋਂ ਵਾਲਾਂ 'ਤੇ ਵੀ ਅਸਰ ਪੈਂਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਬਹੁਤ ਜ਼ਿਆਦਾ ਗਰਮ ਪਾਣੀ ਨਾਲ ਨਹਾਉਣ ਨਾਲ ਵਾਲਾਂ ਦੀ ਕੁਦਰਤੀ ਨਮੀ ਘਟ ਜਾਂਦੀ ਹੈ, ਜਿਸ ਨਾਲ ਰੁੱਖੇ ਹੋ ਸਕਦੇ ਹਨ, ਉਲਝੇ ਹੋਏ ਰਹਿ ਸਕਦੇ ਹਨ ਅਤੇ ਟੁੱਟ ਸਕਦੇ ਹਨ। ਡਾ. ਡੀ.ਐਮ. ਮਹਾਜਨ ਕਹਿੰਦੇ ਹਨ ਕਿ, ਸਾਡੀ ਚਮੜੀ ਵਾਂਗ ਸਾਡੇ ਵਾਲਾਂ ਵਿੱਚ ਕੁਦਰਤੀ ਤੇਲ ਹੁੰਦੇ ਹਨ ਅਤੇ ਜਦੋਂ ਅਸੀਂ ਆਪਣੇ ਵਾਲਾਂ 'ਤੇ ਬਹੁਤ ਜ਼ਿਆਦਾ ਗਰਮ ਪਾਣੀ ਪਾਉਂਦੇ ਹਾਂ, ਤਾਂ ਇਹ ਤੇਲ ਵਾਲਾਂ ਵਿੱਚੋਂ ਨਿਕਲ ਜਾਂਦਾ ਹੈ, ਜਿਸ ਨਾਲ ਸਾਡੇ ਵਾਲ ਰੁੱਖੇ ਹੋ ਜਾਂਦੇ ਹਨ। ਇਸ ਕਰਕੇ ਡਾਕਟਰ ਸਲਾਹ ਦਿੰਦੇ ਹਨ ਕਿ ਭਾਵੇਂ ਸਰਦੀ ਹੋਵੇ ਜਾਂ ਗਰਮੀ, ਨਹਾਉਣ ਲਈ ਹਮੇਸ਼ਾ ਕੋਸੇ ਪਾਣੀ ਦੀ ਵਰਤੋਂ ਕਰੋ ਅਤੇ ਬਹੁਤ ਗਰਮ ਪਾਣੀ ਤੋਂ ਬਚੋ।

# ਅਮਰੀਕਾ ਵਿੱਚ ਦਹਾਕਿਆਂ ਪਹਿਲਾਂ ਗੋਦ ਲਏ ਲੋਕ

## ਹੁਣ ਦੇਸ਼ ਨਿਕਾਲੇ ਦਾ ਡਰ ਕਿਉਂ ਤੰਗ ਕਰ ਰਿਹਾ ਹੈ



ਸ਼ਰਲੀ ਚੁੰਗ ਸਿਰਫ਼ ਇੱਕ ਸਾਲ ਦੀ ਸੀ ਜਦੋਂ ਉਨ੍ਹਾਂ ਨੂੰ 1966 ਵਿੱਚ ਇੱਕ ਅਮਰੀਕੀ ਪਰਿਵਾਰ ਨੇ ਗੋਦ ਲਿਆ ਸੀ। ਦੱਖਣੀ ਕੋਰੀਆ ਵਿੱਚ ਜਨਮੀ ਸ਼ਰਲੀ ਦੇ ਜਨਮਦਾਤਾ ਪਿਤਾ ਅਮਰੀਕੀ ਫੌਜ ਦੇ ਮੈਂਬਰ ਸਨ ਅਤੇ ਉਹ ਸ਼ਰਲੀ ਦੇ ਜਨਮ ਤੋਂ ਤੁਰੰਤ ਬਾਅਦ ਘਰ ਵਾਪਸ ਆ ਗਏ। ਹਾਲਾਤ ਨਾਲ ਨਜਿੱਠਣ ਵਿੱਚ ਅਸਮਰੱਥ ਉਨ੍ਹਾਂ ਦੀ ਮਾਂ ਨੇ ਉਨ੍ਹਾਂ ਨੂੰ ਦੱਖਣੀ ਕੋਰੀਆ ਦੀ ਰਾਜਧਾਨੀ ਸਿ ਲ ਵਿੱਚ ਇੱਕ ਅਨਾਥ ਆਸ਼ਰਮ ਵਿੱਚ ਸੌਂਪ ਦਿੱਤਾ।

ਹੁਣ 61 ਸਾਲਾਂ ਦੇ ਸ਼ਰਲੀ ਦਾ ਕਹਿਣਾ ਹੈ, "ਉਸਨੇ (ਮਾਂ) ਸਾਨੂੰ ਛੱਡ ਦਿੱਤਾ, ਮੈਂ ਇਹੀ ਸਹੀ ਢੰਗ ਨਾਲ ਕਹਿ ਸਕਦੀ ਹਾਂ।" ਲਗਭਗ ਇੱਕ ਸਾਲ ਬਾਅਦ, ਸ਼ਰਲੀ ਨੂੰ ਇੱਕ ਅਮਰੀਕੀ ਜੋੜੇ ਨੇ ਗੋਦ ਲਿਆ ਅਤੇ ਉਨ੍ਹਾਂ ਨੂੰ ਟੈਕਸਾਸ ਵਾਪਸ ਲੈ ਗਏ। ਸ਼ਰਲੀ ਬਹੁਤ ਸਾਰੇ ਨੌਜਵਾਨ ਅਮਰੀਕੀਆਂ ਵਾਂਗ ਜ਼ਿੰਦਗੀ ਜੀਉਂਦੇ ਹੋਏ ਵੱਡੀ ਹੋਏ ਹਨ। ਉਹ ਸਕੂਲ ਗਈ, ਆਪਣਾ ਡਰਾਈਵਿੰਗ ਲਾਇਸੈਂਸ ਲਿਆ ਅਤੇ ਬਾਰਟੈਂਡਰ ਵਜੋਂ ਕੰਮ ਕੀਤਾ। ਸ਼ਰਲੀ ਦੱਸਦੇ ਹਨ, "ਮੈਂ 80 ਦੇ ਦਹਾਕੇ ਦੇ ਬਹੁਤ ਸਾਰੇ ਕਿਸ਼ੋਰ ਅਮਰੀਕੀਆਂ ਵਾਂਗ ਘੁੰਮਦੀ ਰਹੀ, ਸਾਹ ਲੈਂਦੀ ਰਹੀ ਅਤੇ ਮੁਸੀਬਤ ਵਿੱਚ ਫਸੀ। ਮੈਂ 80 ਦੇ ਦਹਾਕੇ ਦੀ ਬੱਚੀ ਹਾਂ।"

ਸ਼ਰਲੀ ਦੇ ਬੱਚੇ ਹੋਏ, ਉਨ੍ਹਾਂ ਦਾ ਵਿਆਹ ਹੋਇਆ ਅਤੇ ਉਹ ਪਿਆਨੋ ਅਧਿਆਪਕ ਬਣ ਗਈ। ਜ਼ਿੰਦਗੀ ਦਹਾਕਿਆਂ ਤੱਕ ਚਲਦੀ ਰਹੀ, ਉਨ੍ਹਾਂ ਦੀ ਅਮਰੀਕੀ ਪਛਾਣ 'ਤੇ ਸ਼ੱਕ ਕਰਨ ਦਾ ਕੋਈ ਕਾਰਨ ਹੀ ਨਹੀਂ ਸੀ। ਪਰ ਫਿਰ 2012 ਵਿੱਚ ਉਨ੍ਹਾਂ ਦੀ ਦੁਨੀਆ ਉਸ ਵੇਲੇ ਖੇਰੂੰ-ਖੇਰੂੰ ਹੋ ਗਈ ਜਦੋਂ ਉਨ੍ਹਾਂ ਨੇ ਆਪਣਾ ਸੋਸ਼ਲ ਕਾਰਡ ਕਾਰਡ ਗੁਆ ਦਿੱਤਾ ਅਤੇ ਉਸ ਨੂੰ ਬਦਲਣ ਦੀ ਲੋੜ ਸੀ।

ਪਰ ਜਦੋਂ ਉਹ ਆਪਣੇ ਸਥਾਨਕ ਸੋਸ਼ਲ ਸਿਕਿ ਰਿਟੀ ਦਫ਼ਤਰ ਗਈ, ਤਾਂ ਸ਼ਰਲੀ ਨੂੰ ਦੱਸਿਆ ਗਿਆ ਕਿ ਉਨ੍ਹਾਂ ਨੂੰ ਦੇਸ਼ ਵਿੱਚ ਆਪਣੀ ਸਥਿਤੀ (ਸਟੇਟਸ) ਸਾਬਤ ਕਰਨ ਦੀ ਲੋੜ ਹੈ। ਆਖ਼ਰਕਾਰ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਕੋਲ ਅਮਰੀਕੀ ਨਾਗਰਿਕਤਾ ਨਹੀਂ ਹੈ। ਉਹ ਦੱਸਦੇ ਹਨ, "ਇਹ ਪਤਾ ਲੱਗਣ ਤੋਂ ਬਾਅਦ ਮੈਂ ਥੋੜ੍ਹਾ ਮਾਨਸਿਕ ਤੌਰ 'ਤੇ ਟੁੱਟ ਗਈ ਕਿ ਮੈਂ ਨਾਗਰਿਕ ਨਹੀਂ ਹਾਂ।"

ਸ਼ਰਲੀ ਇਕੱਲੇ ਨਹੀਂ ਹਨ। ਕਿੰਨੇ ਹੀ ਅਮਰੀਕੀ ਗੋਦ ਲਏ ਲੋਕਾਂ ਕੋਲ ਨਾਗਰਿਕਤਾ ਨਹੀਂ ਹੈ, ਇਸ ਦਾ ਅੰਦਾਜ਼ਾ 18,000 ਤੋਂ 75,000 ਤੱਕ ਹੈ। ਕੁਝ ਅੰਤਰ-ਦੇਸ਼ੀ ਗੋਦ ਲਏ ਲੋਕਾਂ ਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਉਨ੍ਹਾਂ ਕੋਲ ਅਮਰੀਕੀ ਨਾਗਰਿਕਤਾ ਨਹੀਂ ਹੈ। ਅਡਾਪਟੀ ਰਾਈਟਸ ਲਾਅ ਸੈਂਟਰ ਦੇ ਅਨੁਸਾਰ, ਹਾਲ ਹੀ ਦੇ ਸਾਲਾਂ ਵਿੱਚ ਦਰਜਨਾਂ ਗੋਦ ਲਏ ਗਏ ਲੋਕਾਂ ਨੂੰ ਉਨ੍ਹਾਂ ਦੇ ਜਨਮ ਦੇ ਦੇਸ਼ਾਂ ਵਿੱਚ ਭੇਜ ਦਿੱਤਾ ਗਿਆ ਹੈ। ਦੱਖਣੀ ਕੋਰੀਆ ਵਿੱਚ ਪੈਦਾ ਹੋਏ ਅਤੇ ਇੱਕ ਅਮਰੀਕੀ ਪਰਿਵਾਰ ਦੁਆਰਾ ਬੱਚੇ ਵਜੋਂ ਗੋਦ ਲਏ ਗਏ ਇੱਕ ਆਦਮੀ ਨੂੰ ਸਿਰਫ ਇੱਕ ਅਪਰਾਧਿਕ ਰਿਕਾਰਡ ਕਾਰਨ ਉਨ੍ਹਾਂ ਦੇ ਜਨਮ ਦੇਸ਼ ਵਿੱਚ ਭੇਜ ਦਿੱਤਾ ਗਿਆ ਅਤੇ ਉਨ੍ਹਾਂ ਨੇ 2017 ਵਿੱਚ ਆਪਣੀ ਜਾਨ ਲੈ ਲਈ।

ਇੰਨੇ ਸਾਰੇ ਅਮਰੀਕੀ ਗੋਦ ਲਏ ਗਏ ਲੋਕਾਂ ਕੋਲ ਨਾਗਰਿਕਤਾ ਨਾ ਹੋਣ ਦੇ ਕਾਰਨ ਵੱਖ-ਵੱਖ ਹਨ। ਸ਼ਰਲੀ ਆਪਣੇ ਮਾਪਿਆਂ ਨੂੰ ਅਮਰੀਕਾ ਆਉਣ 'ਤੇ ਸਹੀ ਕਾਗਜ਼ਾਤ ਨੂੰ ਅੰਤਿਮ ਰੂਪ ਦੇਣ ਵਿੱਚ ਅਸਫ਼ਲ ਰਹਿਣ ਲਈ ਦੋਸ਼ੀ ਠਹਿਰਾਉਂਦੇ ਹਨ। ਉਹ ਸਕੂਲ ਪ੍ਰਣਾਲੀ ਅਤੇ ਸਰਕਾਰ ਨੂੰ ਇਹ ਵੀ ਦੋਸ਼ੀ ਠਹਿਰਾਉਂਦੀ ਹੈ ਕਿ ਉਸ ਕੋਲ ਨਾਗਰਿਕਤਾ ਨਹੀਂ ਸੀ। "ਮੈਂ ਆਪਣੀ ਜ਼ਿੰਦਗੀ ਦੇ ਸਾਰੇ ਬਾਲਗਾਂ ਨੂੰ ਦੋਸ਼ੀ ਠਹਿਰਾਉਂਦੀ ਹਾਂ ਜਿਨ੍ਹਾਂ ਨੇ ਸ਼ਾਬਦਿਕ ਤੌਰ 'ਤੇ ਹੀ ਸਭ ਛੱਡ ਦਿੱਤਾ ਅਤੇ ਕਿਹਾ 'ਉਹ ਹੁਣ ਅਮਰੀਕਾ ਵਿੱਚ ਹੀ ਹਨ, ਠੀਕ ਹੋਣ ਵਾਲੇ ਹਨ।' "ਠੀਕ ਹੈ, ਕੀ ਮੈਂ ਠੀਕ ਹੋਣ ਵਾਲੀ ਹਾਂ?"

ਇੱਕ ਹੋਰ ਔਰਤ ਨੇ ਅਧਿਕਾਰੀਆਂ ਦਾ ਧਿਆਨ ਖਿੱਚਣ ਦੇ ਡਰੋਂ ਆਪਣਾ ਨਾਮ ਗੁਪਤ ਰੱਖਣ ਦੀ ਬੇਨਤੀ ਕੀਤੀ ਸੀ। ਉਨ੍ਹਾਂ ਨੂੰ 1973 ਵਿੱਚ ਈਰਾਨ ਦੇ ਇੱਕ ਅਮਰੀਕੀ ਜੋੜੇ ਨੇ ਗੋਦ ਲਿਆ ਸੀ ਜਦੋਂ ਉਹ ਦੋ ਸਾਲ ਦੀ ਸੀ। ਅਮਰੀਕਾ ਦੇ ਮੱਧ-ਪੱਛਮੀ ਹਿੱਸੇ ਵਿੱਚ ਵੱਡੀ ਹੋਈ, ਉਨ੍ਹਾਂ ਨੂੰ ਕੁਝ ਨਸਲਵਾਦ ਦਾ ਸਾਹਮਣਾ ਵੀ ਕਰਨਾ ਪਿਆ ਪਰ ਆਮ ਤੌਰ 'ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਖੁਸ਼ਹਾਲ ਰਿਹਾ। ਉਹ ਆਖਦੇ ਹਨ, "ਮੈਂ ਆਪਣੀ ਜ਼ਿੰਦਗੀ ਵਿੱਚ ਸੈਟਲ ਹੋ ਗਈ, ਹਮੇਸ਼ਾ ਸਮਝਦੀ ਰਹੀ ਕਿ ਮੈਂ ਇੱਕ ਅਮਰੀਕੀ ਨਾਗਰਿਕ ਹਾਂ। ਮੈਨੂੰ ਇਹੀ ਦੱਸਿਆ ਗਿਆ ਸੀ। ਮੈਂ ਅੱਜ ਵੀ ਇਸ ਗੱਲ 'ਤੇ ਵਿਸ਼ਵਾਸ ਕਰਦੀ ਹਾਂ।" ਪਰ ਇਹ ਉਦੋਂ ਬਦਲ ਗਿਆ ਜਦੋਂ ਉਨ੍ਹਾਂ ਨੇ 38 ਸਾਲ ਦੀ ਉਮਰ ਵਿੱਚ ਪਾਸਪੋਰਟ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਤਾ ਲੱਗਾ ਕਿ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਨਾਗਰਿਕਤਾ ਦੇ ਉਨ੍ਹਾਂ ਦੇ ਦਾਅਵੇ ਦਾ ਸਮਰਥਨ ਕਰਨ ਵਾਲੇ ਮਹੱਤਵਪੂਰਨ ਦਸਤਾਵੇਜ਼ ਗੁਆ ਦਿੱਤੇ ਹਨ। ਇਸ ਨਾਲ ਪਛਾਣ ਦੇ ਆਲੇ-ਦੁਆਲੇ ਦੀਆਂ ਉਨ੍ਹਾਂ ਦੀ ਭਾਵਨਾਵਾਂ ਨੂੰ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਹੈ। ਉਹ ਦੱਸਦੇ ਹਨ, "ਮੈਂ ਨਿੱਜੀ ਤੌਰ 'ਤੇ ਆਪਣੇ ਆਪ ਨੂੰ ਇੱਕ ਪਰਵਾਸੀ ਵਜੋਂ ਸ਼੍ਰੇਣੀਬੱਧ ਨਹੀਂ ਕਰਦੀ। ਮੈਂ ਇੱਥੇ ਇੱਕ ਪਰਵਾਸੀ ਵਜੋਂ ਨਹੀਂ ਆਈ ਜਿਸ ਦਾ ਦੂਜੀ ਭਾਸ਼ਾ, ਇੱਕ ਵੱਖਰੇ ਸੱਭਿਆਚਾਰ, ਪਰਿਵਾਰਕ ਮੈਂਬਰਾਂ, ਉਸ ਦੇਸ਼ ਨਾਲ ਸਬੰਧ ਸਨ ਜਿੱਥੇ ਮੈਂ ਪੈਦਾ ਹੋਈ ਸੀ... ਮੇਰਾ ਸੱਭਿਆਚਾਰ ਮਿਟਾ ਦਿੱਤਾ ਗਿਆ ਸੀ।" "ਤੁਹਾਨੂੰ ਦੱਸਿਆ ਜਾਂਦਾ ਹੈ ਕਿ ਇੱਕ ਅਮਰੀਕੀ ਹੋਣ ਦੇ ਨਾਤੇ ਤੁਹਾਡੇ ਕੋਲ ਇਹ ਅਧਿਕਾਰ ਹਨ, ਜਿਵੇਂ ਵੋਟ ਪਾਉਣਾ ਅਤੇ ਲੋਕਤੰਤਰ ਵਿੱਚ ਹਿੱਸਾ ਲੈਣਾ, ਕੰਮ ਕਰਨਾ, ਸਕੂਲ ਜਾਣਾ, ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨਾ, ਆਜ਼ਾਦੀਆਂ ਹਾਸਲ ਕਰਨਾ। ਇਹ ਸਭ ਕੁਝ ਅਮਰੀਕੀਆਂ ਕੋਲ ਹੈ।" "ਅਤੇ ਫਿਰ ਅਚਾਨਕ ਉਨ੍ਹਾਂ ਨੇ ਸਾਨੂੰ ਪਰਵਾਸੀਆਂ ਦੀ ਸ਼੍ਰੇਣੀ ਵਿੱਚ ਧੱਕਣਾ ਸ਼ੁਰੂ ਕਰ ਦਿੱਤਾ, ਸਿਰਫ਼ ਇਸ ਲਈ ਕਿਉਂਕਿ ਉਨ੍ਹਾਂ ਨੇ ਸਾਨੂੰ ਕਾਨੂੰਨ ਤੋਂ ਵੱਖ ਕਰ ਦਿੱਤਾ ਸੀ। ਸਾਨੂੰ ਸਾਰਿਆਂ ਨੂੰ ਬਰਾਬਰ ਨਾਗਰਿਕਤਾ ਦੇ ਅਧਿਕਾਰ ਹੋਣੇ ਚਾਹੀਦੇ ਸਨ ਕਿਉਂਕਿ ਇਹ ਗੋਦ ਲੈਣ ਦੀਆਂ ਨੀਤੀਆਂ ਰਾਹੀਂ ਵਾਅਦਾ ਕੀਤਾ ਗਿਆ ਸੀ।" ਦਹਾਕਿਆਂ ਤੋਂ ਅਦਾਲਤਾਂ ਅਤੇ ਸਰਕਾਰੀ ਏਜੰਸੀਆਂ ਦੁਆਰਾ ਪ੍ਰਵਾਨਿਤ ਅੰਤਰ-ਦੇਸ਼ੀ ਗੋਦ ਲੈਣ ਨਾਲ ਆਪਣੇ-ਆਪ ਅਮਰੀਕੀ ਨਾਗਰਿਕਤਾ ਦੀ ਗਰੰਟੀ ਨਹੀਂ ਮਿਲਦੀ ਸੀ। ਗੋਦ ਲੈਣ ਵਾਲੇ ਮਾਪੇ ਕਈ ਵਾਰ ਆਪਣੇ ਬੱਚਿਆਂ ਲਈ ਕਾਨੂੰਨੀ ਦਰਜਾ ਜਾਂ ਕੁਦਰਤੀ ਨਾਗਰਿਕਤਾ ਦਿਵਾਉਣ ਵਿੱਚ ਅਸਫ਼ਲ ਰਹਿੰਦੇ ਹਨ। 2000 ਦੇ ਬਾਲ ਨਾਗਰਿਕਤਾ ਕਾਨੂੰਨ ਨੇ ਇਸ ਨੂੰ ਸੁਧਾਰਨ ਵਿੱਚ ਕੁਝ ਤਰੱਕੀ ਕੀਤੀ, ਅੰਤਰਰਾਸ਼ਟਰੀ ਗੋਦ ਲੈਣ ਵਾਲਿਆਂ ਨੂੰ ਸਵੈਚਲਿਤ ਨਾਗਰਿਕਤਾ ਦਿੱਤੀ ਹੈ।

ਪਰ ਕਾਨੂੰਨ ਸਿਰਫ ਭਵਿੱਖ ਵਿੱਚ ਗੋਦ ਲੈਣ ਵਾਲਿਆਂ ਜਾਂ ਫਰਵਰੀ 1983 ਤੋਂ ਬਾਅਦ ਪੈਦਾ ਹੋਏ ਲੋਕਾਂ ਨੂੰ ਹੀ ਇਸ ਵਿੱਚ ਸ਼ਾਮਲ ਕਰਦਾ ਸੀ। ਜੋ ਉਸ ਤੋਂ ਪਹਿਲਾਂ ਆਏ ਸਨ ਉਨ੍ਹਾਂ ਨੂੰ ਨਾਗਰਿਕਤਾ ਨਹੀਂ ਦਿੱਤੀ ਗਈ, ਜਿਸ ਨਾਲ ਹਜ਼ਾਰਾਂ ਲੋਕ ਅੜਿੱਕੇ ਵਿੱਚ ਪੈ ਗਏ। ਵਕੀਲ ਕਾਂਗਰਸ 'ਤੇ ਉਮਰ ਦੀ ਕਟੌਤੀ ਨੂੰ ਹਟਾਉਣ ਲਈ ਜ਼ੋਰ ਪਾ ਰਹੇ ਹਨ ਪਰ ਇਹ ਬਿੱਲ ਸਦਨ ਤੋਂ ਅੱਗੇ ਨਹੀਂ ਵਧ ਸਕੇ ਹਨ। ਕੁਝ, ਜਿਵੇਂ ਕਿ ਡੈਬੀ ਨੇ ਆਪਣੇ 'ਤੇ ਨਿਰਭਰਾਂ ਲਈ ਨਾਗਰਿਕਤਾ ਹਾਸਲ ਲਈ ਕੋਸ਼ਿਸ਼ ਵਿੱਚ ਦਹਾਕੇ ਬਿਤਾਏ ਹਨ। ਦਰਅਸਲ ਉਨ੍ਹਾਂ ਦੇ ਦੋ ਗੋਦ ਲਏ ਬੱਚਿਆਂ ਦੀਆਂ ਵਿਸ਼ੇਸ਼ ਜ਼ਰੂਰਤਾਂ ਹਨ ਅਤੇ ਉਨ੍ਹਾਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਦਾ ਪੂਰਾ ਨਾਮ ਨਾ ਵਰਤਿਆ ਜਾਵੇ। ਉਨ੍ਹਾਂ ਨੇ 1990 ਦੇ ਦਹਾਕੇ ਵਿੱਚ 'ਸ਼ੇਮ ਆਫ਼ ਏ ਨੇਸ਼ਨ, 1989 ਦੀ ਰੋਮਾਨੀਅਨ ਕ੍ਰਾਂਤੀ ਤੋਂ ਬਾਅਦ ਅਨਾਥ ਆਸ਼ਰਮ ਵਿੱਚ ਬੱਚਿਆਂ ਦੀ ਅਣਦੇਖੀ ਬਾਰੇ ਇੱਕ ਦਸਤਾਵੇਜ਼ੀ ਫਿਲਮ ਦੇਖਣ ਤੋਂ ਬਾਅਦ ਰੋਮਾਨੀਆ ਦੇ ਇੱਕ ਅਨਾਥ ਆਸ਼ਰਮ ਤੋਂ ਦੋ ਬੱਚਿਆਂ ਨੂੰ ਗੋਦ ਲਿਆ ਸੀ। ਇਸ ਦਸਤਾਵੇਜ਼ੀ ਦੇ ਪ੍ਰਸਾਰਣ 'ਤੇ ਦੁਨੀਆ ਨੂੰ ਝਟਕੇ ਲੱਗੇ। ਉਨ੍ਹਾਂ ਨੇ ਦੱਸਿਆ ਕਿ ਨਾਗਰਿਕਤਾ ਦੀ ਸਭ ਤੋਂ ਤਾਜ਼ਾ ਅਸਵੀਕਾਰ ਕਰਨ ਦਾ ਮਾਮਲਾ ਮਈ ਵਿੱਚ ਆਇਆ ਸੀ ਅਤੇ ਇਸ ਤੋਂ ਬਾਅਦ ਇੱਕ ਨੋਟਿਸ ਜਾਰੀ ਕੀਤਾ ਗਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਜੇਕਰ 30 ਦਿਨਾਂ ਵਿੱਚ ਫ਼ੈਸਲੇ ਖ਼ਿਲਾਫ਼ ਅਪੀਲ ਨਹੀਂ ਕੀਤੀ ਗਈ, ਤਾਂ ਉਨ੍ਹਾਂ ਨੂੰ ਆਪਣੀ ਧੀ ਨੂੰ ਹੋਮਲੈਂਡ ਸਿਕਿਓਰਿਟੀ ਦੇ ਹਵਾਲੇ ਕਰਨਾ ਪਵੇਗਾ। ਉਹ ਆਖਦੇ ਹਨ, "ਅਸੀਂ ਖੁਸ਼ਕਿਸਮਤ ਹੋਵਾਂਗੇ ਜੇਕਰ ਉਨ੍ਹਾਂ ਨੂੰ ਚੁੱਕ ਕੇ ਕਿਸੇ ਹੋਰ ਦੇਸ਼ ਨਾ ਭੇਜ ਦਿੱਤਾ ਜਾਵੇ ਜੋ ਉਨ੍ਹਾਂ ਦਾ ਮੂਲ ਦੇਸ਼ ਵੀ ਨਹੀਂ ਹੈ।

### ਟਰੰਪ ਦੀ ਵ੍ਹਾਈਟ ਹਾਊਸ ਵਿੱਚ ਵਾਪਸੀ ਮਗਰੋਂ ਡਰੇ ਪਰਿਵਾਰ

"ਫੈਡਰਲ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਸਾਰੇ ਪਰਦੇਸੀ ਲੋਕਾਂ ਨੂੰ ਤੁਰੰਤ ਹਟਾਉਣ" ਦੀ ਸਹੁੰ ਦੇ ਨਾਲ, ਵ੍ਹਾਈਟ ਹਾਊਸ ਵਿੱਚ ਰਾਸ਼ਟਰਪਤੀ ਡੌਨਲਡ ਟਰੰਪ ਦੀ ਵਾਪਸੀ ਤੋਂ ਬਾਅਦ ਗੋਦ ਲਏ ਗਏ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਹ ਡਰ ਹੋਰ ਵੀ ਵੱਧ ਗਿਆ ਹੈ। ਪਿਛਲੇ ਮਹੀਨੇ ਟਰੰਪ ਪ੍ਰਸ਼ਾਸਨ ਨੇ ਕਿਹਾ ਸੀ ਕਿ "250 ਦਿਨਾਂ ਤੋਂ ਵੀ ਘੱਟ ਸਮੇਂ ਵਿੱਚ 20 ਲੱਖ ਗ਼ੈਰ-ਕਾਨੂੰਨੀ ਪਰਵਾਸੀ ਸੰਯੁਕਤ ਰਾਜ ਅਮਰੀਕਾ ਛੱਡ ਗਏ ਹਨ, ਜਿਸ ਵਿੱਚ ਅੰਦਾਜ਼ਨ 16 ਲੱਖ ਲੋਕ ਸ਼ਾਮਲ ਹਨ ਜਿਨ੍ਹਾਂ ਨੇ ਸਵੈ-ਇੱਛਾ ਨਾਲ ਸਵੈ-ਦੇਸ਼ ਨਿਕਾਲੇ ਅਤੇ 4,00,000 ਤੋਂ ਵੱਧ ਦੇਸ਼ ਨਿਕਾਲੇ" ਹਨ। ਜਦੋਂ ਕਿ ਕਈ ਅਮਰੀਕੀ ਗ਼ੈਰ-ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਦਾ ਸਮਰਥਨ ਕਰਦੇ ਹਨ, ਕੁਝ ਘਟਨਾਵਾਂ 'ਤੇ ਹੰਗਾਮਾ ਵੀ ਹੋਇਆ ਹੈ। ਇੱਕ ਮਾਮਲੇ ਵਿੱਚ 238 ਵੈਨੇਜ਼ੁਏਲਾ ਵਾਸੀਆਂ ਨੂੰ ਅਮਰੀਕਾ ਦੁਆਰਾ ਅਲ ਸੈਲਵਾਡੋਰ ਵਿੱਚ ਇੱਕ ਵੱਧ ਤੋਂ ਵੱਧ ਸੁਰੱਖਿਆ ਵਾਲੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਉਨ੍ਹਾਂ 'ਤੇ ਟ੍ਰੇਨ ਡੀ ਅਰਾਗੁਆ ਗੈਂਗ ਦੇ ਮੈਂਬਰ ਹੋਣ ਦਾ ਇਲਜ਼ਾਮ ਲਗਾਇਆ ਗਿਆ ਸੀ ਹਾਲਾਂਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ। ਪਿਛਲੇ ਮਹੀਨੇ, ਅਮਰੀਕੀ ਅਧਿਕਾਰੀਆਂ ਨੇ 475 ਲੋਕਾਂ ਨੂੰ ਹਿਰਾਸਤ ਵਿੱਚ ਲਿਆ, ਜਿਨ੍ਹਾਂ ਵਿੱਚੋਂ 300 ਤੋਂ ਵੱਧ ਦੱਖਣੀ ਕੋਰੀਆਈ ਨਾਗਰਿਕ ਸਨ। ਇਨ੍ਹਾਂ ਬਾਰੇ ਉਨ੍ਹਾਂ ਨੇ ਕਿਹਾ ਸੀ ਕਿ ਉਹ ਹੁੰਡਈ ਦੀ ਬੈਟਰੀ ਦੀ ਫੈਕਟਰੀ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਕੰਮ ਕਰ ਰਹੇ ਸਨ। ਹੁੰਡਈ ਬੈਟਰੀ ਦੀ ਫੈਕਟਰੀ ਜਾਰਜੀਆ ਵਿੱਚ ਸਭ ਤੋਂ ਵੱਡੇ ਵਿਦੇਸ਼ੀ ਨਿਵੇਸ਼ ਪ੍ਰੋਜੈਕਟਾਂ ਵਿੱਚੋਂ ਇੱਕ ਹੈ।

ਮਜ਼ਦੂਰਾਂ ਨੂੰ ਹੱਥਕੜੀਆਂ ਅਤੇ ਜ਼ੰਜੀਰਾਂ ਵਿੱਚ ਬੰਨ੍ਹ ਕੇ ਹਿਰਾਸਤ ਵਿੱਚ ਲਿਆ ਗਿਆ, ਜਿਸ ਨਾਲ ਉਨ੍ਹਾਂ ਦੇ ਦੇਸ਼ ਵਿੱਚ ਰੋਸ ਫੈਲ੍ਹ ਗਿਆ। ਗੋਦ ਲੈਣ ਵਾਲੇ ਅਧਿਕਾਰ ਸਮੂਹਾਂ ਦਾ ਕਹਿਣਾ ਹੈ ਕਿ ਟਰੰਪ ਦੀ ਵਾਪਸੀ ਤੋਂ ਬਾਅਦ ਉਨ੍ਹਾਂ ਕੋਲ ਮਦਦ ਲਈ ਬੇਨਤੀਆਂ ਦਾ ਹੜ੍ਹ ਆ ਗਿਆ ਹੈ ਅਤੇ ਕੁਝ ਗੋਦ ਲੈਣ ਵਾਲੇ ਲੁਕ ਗਏ ਹਨ।

ਇੱਕ ਵਕੀਲ ਅਤੇ ਅਡਾਪਟੀ ਰਾਈਟਸ ਲਾਅ ਸੈਂਟਰ ਦੇ ਸੰਸਥਾਪਕ ਗ੍ਰੇਗ ਲੂਸ ਨੇ ਕਿਹਾ, "ਜਦੋਂ ਚੋਣ ਨਤੀਜੇ ਆਏ ਤਾਂ ਮਦਦ ਲਈ ਬੇਨਤੀਆਂ ਦਾ ਹੜ੍ਹ ਆਉਣਾ ਸ਼ੁਰੂ ਹੋ ਗਿਆ।" ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਕੋਲ ਮਦਦ ਲਈ 275 ਤੋਂ ਵੱਧ ਬੇਨਤੀਆਂ ਆਈਆਂ ਹਨ। 1970 ਦੇ ਦਹਾਕੇ ਵਿੱਚ ਈਰਾਨ ਤੋਂ ਗੋਦ ਲਈ ਗਈ ਇੱਕ ਔਰਤ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਖ਼ਾਸ ਖੇਤਰਾਂ ਤੋਂ ਬਚਣਾ ਸ਼ੁਰੂ ਕਰ ਦਿੱਤਾ ਹੈ, ਜਿਵੇਂ ਕਿ ਉਨ੍ਹਾਂ ਦੀ ਸਥਾਨਕ ਈਰਾਨੀ ਸੁਪਰ ਮਾਰਕੀਟ ਅਤੇ ਹੁਣ ਉਹ ਆਪਣੇ ਦੋਸਤਾਂ ਨਾਲ ਐਪ ਸਾਂਝੀ ਕਰਦੀ ਹੈ ਤਾਂ ਜੋ ਜੇ ਕਿਤੇ ਹੋ 'ਫਸ ਜਾਂਦੇ ਹਨ' ਤਾਂ ਉਨ੍ਹਾਂ ਨੂੰ ਪਤਾ ਲੱਗ ਸਕੇ।

ਉਨ੍ਹਾਂ ਨੇ ਕਿਹਾ, "ਅਖ਼ੀਰ ਉਨ੍ਹਾਂ ਨੂੰ ਤੁਹਾਡੇ ਪਿਛੋਕੜ ਦੀ ਪਰਵਾਹ ਨਹੀਂ ਹੈ। ਉਨ੍ਹਾਂ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਤੁਸੀਂ ਕਾਨੂੰਨੀ ਤੌਰ 'ਤੇ ਇੱਥੇ ਹੋ ਅਤੇ ਇਹ ਸਿਰਫ਼ ਇੱਕ ਕਾਗਜ਼ੀ ਗ਼ਲਤੀ ਹੈ। ਮੈਂ ਹਮੇਸ਼ਾ ਲੋਕਾਂ ਨੂੰ ਦੱਸਦੀ ਹਾਂ ਕਿ ਇਸ ਕਾਗਜ਼ ਦੇ ਇੱਕ ਟੁਕੜੇ ਨੇ ਅਸਲ ਵਿੱਚ ਮੇਰੀ ਜ਼ਿੰਦਗੀ ਬਰਬਾਦ ਕਰ ਦਿੱਤੀ ਹੈ।" "ਜਿੱਥੋਂ ਤੱਕ ਮੇਰਾ ਸਵਾਲ ਹੈ, ਮੈਂ ਹੁਣ ਸਟੇਟਹੀਣ (ਕਿਸੇ ਵੀ ਦੇਸ਼ ਨਾਲ ਨਾ ਜੁੜੀ ਹੋਈ। ਮਹਿਸੂਸ ਕਰ ਰਹੀ ਹਾਂ।" ਹੋਮਲੈਂਡ ਸਿਕਿ ਰਿਟੀ ਵਿਭਾਗ ਨੇ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ।

ਦਹਾਕਿਆਂ ਅਮਰੀਕਾ ਵਿੱਚ ਗੋਦ ਲਏ ਗਏ ਬੱਚਿਆਂ ਲਈ ਕੰਮ ਕਰਨ ਵਾਲੀ ਇੱਕ ਸਿਵਲ ਅਤੇ ਮਨੁੱਖੀ ਅਧਿਕਾਰ ਵਕੀਲ ਐਮਿਲੀ ਹੋਵੇ ਦਾ ਮੰਨਣਾ ਹੈ ਕਿ ਇਹ ਸਿਰਫ ਰਾਜਨੀਤਿਕ ਇੱਛਾ ਸ਼ਕਤੀ ਦਾ ਮਾਮਲਾ ਹੈ ਜੋ ਰਾਜਨੀਤਿਕ ਸਪੈਕਟ੍ਰਮ ਦੇ ਲੋਕਾਂ ਨੂੰ ਇਕਜੁੱਟ ਕਰਨਾ ਚਾਹੀਦਾ ਹੈ। ਉਹ ਕਹਿੰਦੇ ਹਨ, "ਇਸ ਦਾ ਇੱਕ ਸਿੱਧਾ ਹੱਲ ਹੋਣਾ ਚਾਹੀਦਾ ਹੈ। ਗੋਦ ਲਏ ਗਏ ਬੱਚੇ ਉਨ੍ਹਾਂ ਦੇ ਜੈਵਿਕ ਭੈਣ-ਭਰਾਵਾਂ ਦੇ ਬਰਾਬਰ ਹੋਣੇ ਚਾਹੀਦੇ ਹਨ ਜੋ ਜਨਮ ਸਮੇਂ ਅਮਰੀਕੀ ਨਾਗਰਿਕ ਸਨ।"

"ਬਿਨੈਕਾਰਾਂ ਦੇ ਦੋ, ਤਿੰਨ, ਜਾਂ ਚਾਰ ਅਮਰੀਕੀ ਨਾਗਰਿਕ ਮਾਪੇ ਹਨ ਅਤੇ ਹੁਣ ਉਨ੍ਹਾਂ ਦੀ ਉਮਰ 40, 50 ਅਤੇ 60 ਦੇ ਦਹਾਕੇ ਵਿੱਚ ਹੈ। ਅਸੀਂ ਉਨ੍ਹਾਂ ਬੱਚਿਆਂ ਅਤੇ ਛੋਟੇ ਬੱਚਿਆਂ ਬਾਰੇ ਗੱਲ ਕਰ ਰਹੇ ਹਾਂ ਜਿਨ੍ਹਾਂ ਨੂੰ ਬਿਨਾਂ ਕਿਸੇ ਗ਼ਲਤੀ ਦੇ ਵਿਦੇਸ਼ ਭੇਜ ਦਿੱਤਾ ਗਿਆ ਸੀ ਅਤੇ ਅਮਰੀਕੀ ਨੀਤੀ ਦੇ ਤਹਿਤ ਕਾਨੂੰਨੀ ਤੌਰ 'ਤੇ ਸਵੀਕਾਰ ਕੀਤਾ ਗਿਆ ਸੀ।" "ਇਹ ਉਹ ਲੋਕ ਹਨ ਜਿਨ੍ਹਾਂ ਨਾਲ ਸ਼ਾਬਦਿਕ ਤੌਰ 'ਤੇ ਵਾਅਦਾ ਕੀਤਾ ਗਿਆ ਸੀ ਕਿ ਉਹ ਦੋ ਸਾਲ ਦੀ ਉਮਰ ਵਿੱਚ ਅਮਰੀਕੀ ਬਣਨਗੇ।"

ਸ਼ਰਲੀ ਚਾਹੁੰਦੇ ਹਨ ਕਿ ਉਹ ਅਮਰੀਕੀ ਰਾਸ਼ਟਰਪਤੀ ਨੂੰ ਇੱਕ ਕਮਰੇ ਵਿੱਚ ਲੈ ਕੇ ਜਾਣ ਸਕਣ ਤਾਂ ਜੋ ਉਹ ਅਤੇ ਉਨ੍ਹਾਂ ਦੇ ਵਰਗੇ ਹੋਰ ਲੋਕ ਉਨ੍ਹਾਂ ਨੂੰ ਆਪਣੀਆਂ ਕਹਾਣੀਆਂ ਸਮਝਾ ਸਕਣ। ਉਹ ਕਹਿੰਦੇ ਹਨ, "ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗੀ ਕਿ ਕਿਰਪਾ ਕਰਕੇ ਕੁਝ ਹਮਦਰਦੀ ਰੱਖੋ। ਅਸੀਂ ਗ਼ੈਰ-ਕਾਨੂੰਨੀ ਪਰਵਾਸੀ ਨਹੀਂ ਹਾਂ।" "ਸਾਨੂੰ ਛੋਟੇ-ਛੋਟੇ ਬੱਚਿਆਂ ਵਾਂਗ ਜਹਾਜ਼ਾਂ 'ਤੇ ਚੜ੍ਹਾਇਆ ਗਿਆ ਸੀ। ਕਿਰਪਾ ਕਰਕੇ ਸਾਡੀ ਕਹਾਣੀ ਸੁਣੋ ਅਤੇ ਕਿਰਪਾ ਕਰਕੇ ਉਸ ਵਾਅਦੇ ਦੀ ਪਾਲਣਾ ਕਰੋ ਜੋ ਅਮਰੀਕਾ ਨੇ ਉਨ੍ਹਾਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਰੇਕ ਬੱਚੇ ਨੂੰ ਦਿੱਤਾ ਸੀ, ਅਮਰੀਕੀ ਨਾਗਰਿਕਤਾ।"

# ਅਮਰੀਕਾ ਦੀ ਨਵੀਂ ਸਖ਼ਤੀ- ਮੋਟਾਪੇ, ਕੈਂਸਰ, ਸ਼ੂਗਰ ਜਾਂ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਦਾ ਵੀਜ਼ਾ ਰੱਦ ਹੋਵੇਗਾ

ਪਿਛਲੇ ਲੰਬੇ ਸਮੇਂ ਤੋਂ ਅਮਰੀਕੀ ਪ੍ਰਸ਼ਾਸਨ ਆਪਣੀਆਂ ਨਵੀਆਂ ਨੀਤੀਆਂ ਲਾਗੂ ਕਰ ਰਿਹਾ ਹੈ। ਪਰਵਾਸੀਆਂ ਲਈ ਵੀਜ਼ੇ ਤੇ ਵੱਖ-ਵੱਖ ਦੇਸ਼ਾਂ ’ਤੇ ਲਗਾਏ ਟੈਰਿਫ ਕਾਰਨ ਟਰੰਪ ਨੂੰ ਨਿੰਦਾ ਦਾ ਵੀ ਸਾਹਮਣਾ ਕਰਨਾ ਪਿਆ ਹੈ। ਅਮਰੀਕਾ ਨੇ ਆਪਣੀ ਵੀਜ਼ਾ ਨੀਤੀ ਮੁੜ ਅਪਡੇਟ ਕੀਤੀ ਹੈ। ਉਸ ਮੁਤਾਬਕ ਜੇ ਕੋਈ ਵਿਅਕਤੀ ਮੋਟਾਪੇ, ਕੈਂਸਰ, ਸ਼ੂਗਰ ਜਾਂ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹੈ ਤਾਂ ਉਸ ਦਾ ਵੀਜ਼ਾ ਰੱਦ ਹੋ ਸਕਦਾ ਹੈ।

ਅਮਰੀਕਾ ਨੇ ਇਹ ਫ਼ੈਸਲਾ ਸੰਯੁਕਤ ਰਾਜ ਦੇ ਸਿਹਤ ਖ਼ਰਚੇ ’ਤੇ ਵਿੱਤੀ ਭਾਰ ਘਟਾਉਣਾ ਲਈ ਲਿਆ ਹੈ। ਯੂਐੱਸ ਸਟੇਟ ਡਿਪਾਰਟਮੈਂਟ ਨੇ ਆਪਣੇ ਦੂਤਘਰਾਂ ਤੇ ਕੌਂ-ਸਲੇਟ ਨੂੰ ਵੀਜ਼ਾ ਅਪਲਾਈ ਕਰਨ ਵਾਲਿਆਂ ਦੀ ਸਿਹਤ ਵੱਲ ਧਿਆਨ ਕੇਂਦ੍ਰਿਤ ਕਰਨ ਦੇ ਹੁਕਮ ਦਿੱਤੇ ਹਨ। ਇਸ ਪਾਲਿਸੀ ਮੁਤਾਬਕ ਸਿਰਫ਼ ਵੀਜ਼ਾ ਅਰਜ਼ੀ ਦੇਣ ਵਾਲੇ ਦੀ ਸਿਹਤ ਹੀ ਨਹੀਂ ਦੇਖੀ ਜਾਂਦੀ, ਬਲਕਿ ਉਨ੍ਹਾਂ ’ਤੇ ਨਿਰਭਰ ਪਰਿਵਾਰਕ ਮੈਂਬਰਾਂ ਦੀ ਸਿਹਤ ਨੂੰ ਵੀ ਦੇਖਿਆ ਜਾਂਦਾ ਹੈ। ਹੁਣ ਵੀਜ਼ਾ ਅਧਿਕਾਰੀਆਂ ਕੋਲ ਇਸ ਗੱਲ ਦੀ ਤਾਕਤ ਹੋਵੇਗੀ ਕਿ ਉਹ ਅਜਿਹੀਆਂ ਵਿਸ਼ੇਸ਼ ਸਿਹਤ ਸਮੱਸਿਆਵਾਂ ਵਾਲੇ ਬਿਨੈਕਾਰਾਂ ਦੇ ਵੀਜ਼ੇ ਰੱਦ ਕਰ ਸਕਣਗੇ।

ਅਮਰੀਕੀ ਸਿਹਤ ਵਿਭਾਗ ਤੇ ਪ੍ਰਸ਼ਾਸਨ ਨੂੰ ਇਹ ਖ਼ਦਸ਼ਾ ਹੈ ਕਿ ਅਜਿਹੀਆਂ ਬਿਮਾਰੀਆਂ ਵਾਲੇ ਲੋਕ ਉਨ੍ਹਾਂ ਦੇ ਹੈਲਥ ਸਿਸਟਮ ’ਤੇ ਬੋਝ ਦੇ ਨਾਲ-ਨਾਲ ਅਮਰੀਕਾ ਦੇ ਮੂਲ ਨਿਵਾਸੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦੇ ਹਨ।

ਭਾਰਤੀਆਂ ਦੇ ਲਿਹਾਜ਼ ਨਾਲ ਅਮਰੀਕਾ ਦੀ ਇਹ ਨੀਤੀ ਵੱਧ ਪਰੇਸ਼ਾਨ ਕਰਨ ਵਾਲੀ ਹੈ। ਇਕ ਰਿਪੋਰਟ ਦੇ ਮੁਤਾਬਕ ਸਾਲ 2023 ’ਚ ਨਵੀਂ ਦਿੱਲੀ ’ਚ ਅਮਰੀਕੀ ਦੂਤਘਰ ਨੇ ਡੇਢ ਲੱਖ ਤੋਂ ਵੱਧ ਵੀਜ਼ਿਆਂ ਨੂੰ ਪ੍ਰੋਸੈੱਸ ਕੀਤਾ। ਇਹ 2022 ਨਾਲੋਂ ਵੀਜ਼ਾ ਅਰਜ਼ੀਆਂ ’ਚ 60 ਫ਼ੀਸਦੀ ਦਾ ਵਾਧਾ ਸੀ। ਜਦਕਿ ਇਸੇ ਸਾਲ ਅਮਰੀਕਾ ਨੇ 5 ਲੱਖ 62 ਹਜ਼ਾਰ 976 ਵੀਜ਼ੇ ਜਾਰੀ ਕੀਤੇ ਹਨ। ਇਸੇ ਤਰ੍ਹਾਂ ਇਕ ਹੋਰ ਰਿਪੋਰਟ ਮੁਤਾਬਕ ਹਰ ਸਾਲ ਕੋਈ ਸੱਤ ਲੱਖ ਭਾਰਤੀ ਅਮਰੀਕਾ ਜਾਣ ਲਈ ਵੀਜ਼ੇ ਅਪਲਾਈ ਕਰਦੇ ਹਨ। ਇਹ ਅਰਜ਼ੀਆਂ ’ਚ ਹਰ ਸਾਲ ਹੋਣ ਵਾਲਾ ਲੱਖਾਂ ਦੀ ਗਿਣਤੀ ਦਾ ਵਾਧਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਭਾਰਤੀ ਨਾਗਰਿਕਾਂ ’ਚ ਅਮਰੀਕਾ ਦੀ ਯਾਤਰਾ ਕਰਨ ਲਈ ਕਿੰਨਾ ਉਤਸ਼ਾਹ ਹੈ ਤੇ ਸੈਰ-ਸਪਾਟੇ ਦੇ ਨਾਲ-ਨਾਲ ਅਮਰੀਕਾ ’ਚ ਕਾਰੋਬਾਰ ਲਈ ਵੀ ਬਹੁਤੇ ਲੋਕ ਅਰਜ਼ੀਆਂ ਲਗਾਉਂਦੇ ਹਨ। ਇਸ ਸਾਲ ਕਰੀਬ 3 ਲੱਖ 30 ਹਜ਼ਾਰ ਵਿਦਿਆਰਥੀਆਂ ਨੇ ਵੀਜ਼ਿਆਂ ਲਈ ਅਰਜ਼ੀਆਂ ਦਿੱਤੀਆਂ ਹਨ।

ਇਸ ਨਾਲ ਸੰਯੁਕਤ ਰਾਜ ਅਮਰੀਕਾ ’ਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਵਿਦਿਆਰਥੀਆਂ ਦੀ ਦਿਲਚਸਪੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਾਲਾਂਕਿ ਭਾਰਤ ਜਾਂ ਇਸ ਦੇ ਸੂਬਿਆਂ ਤੋਂ ਅਮਰੀਕਾ ਜਾਂ ਹੋਰ ਮੁਲਕਾਂ ਲਈ ਜਾਣ ਵਾਲੇ ਵਿਦਿਆਰਥੀਆਂ ਦਾ ਇਕੱਲਾ ਸੁਪਨਾ ਉੱਥੇ ਜਾ ਕੇ ਸਿੱਖਿਆ ਹਾਸਲ ਕਰਨਾ ਨਹੀਂ ਹੈ। ਬਹੁਤੇ ਵਿਦਿਆਰਥੀ ਉਹ ਹਨ ਜੋ ਰੁਜ਼ਗਾਰ ਤੇ ਹੋਰ ਕਾਰਨਾਂ ਕਰਕੇ ਅਮਰੀਕਾ ਦਾ ਵੀਜ਼ਾ ਹਾਸਲ ਕਰਦੇ ਹਨ। ਉਨ੍ਹਾਂ ਦਾ ਸੁਪਨਾ ਆਰਥਿਕ ਤੌਰ ’ਤੇ ਸਮਰੱਥ ਮੁਲਕ ’ਚ ਪੱਕੇ ਤੌਰ ’ਤੇ ਵਸਣਾ ਹੈ। ਕਈ ਵਿਦਿਆਰਥੀ ਆਪਣੇ ਮਾਪਿਆਂ ਜਾਂ ਜੀਵਨ ਸਾਥੀਆਂ ਨੂੰ ਵੀ ਅਮਰੀਕਾ ਪਹੁੰਚ ਕੇ ਵੀਜ਼ਾ ਪ੍ਰਣਾਲੀ ਰਾਹੀਂ ਬੁਲਾਉਂਦੇ ਹਨ।

ਨਵੀਂ ਵੀਜ਼ਾ ਨੀਤੀ ਦਾ ਅਸਰ ਅਜਿਹੇ ਵਿਦਿਆਰਥੀਆਂ ’ਤੇ ਵੀ ਪਵੇਗਾ, ਜਿਹੜੇ ਆਪਣੇ ਮਾਪਿਆਂ ਲਈ ਅਮਰੀਕਾ ਆਉਣ ਦਾ ਰਾਹ ਪੱਧਰਾ ਕਰ ਰਹੇ ਹਨ ਪਰ ਮਾਪੇ ਕਿਸੇ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ। ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਚਿੰਤਾ ਦੀ ਗੱਲ ਇਹ ਹੈ ਕਿ ਅਮਰੀਕਾ ਦੀ ਨੀਤੀ ਨੂੰ ਦੇਖ ਕੇ ਹੋਰ ਮੁਲਕ ਵੀ ਆਪਣੇ ਹੈਲਥ ਸਿਸਟਮ ’ਤੇ ਪਰਵਾਸੀਆਂ ਕਾਰਨ ਪੈਣ ਵਾਲੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਬਾਰੇ ਸੋਚ ਸਕਦੇ ਹਨ।

# ਦੁਨੀਆਂ 'ਚ ਮੁੜ ਨਾ ਛਿੜੇ ਪਰਮਾਣੂ ਹਥਿਆਰਾਂ ਦੀ ਦੌੜ



ਸ਼ਿਵਕਾਂਤ ਸ਼ਰਮਾ

ਭਾਰਤ 'ਚ ਤਾਂ ਐਟਮ ਬੰਬ ਤੇ ਹਾਈਡ੍ਰੋਜਨ ਬੰਬ ਚਲਾਉਣ ਦੀਆਂ ਗੱਲਾਂ ਹੀ ਹੁੰਦੀਆਂ ਹਨ, ਪਰ ਅਸਲੀ ਬੰਬ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੱਖਣੀ ਕੋਰੀਆ 'ਚ ਚੀਨੀ ਰਾਸ਼ਟਰਪਤੀ ਸ਼ੀ ਜ਼ਿਨਪਿੰਗ ਨਾਲ ਮੁਲਾਕਾਤ ਤੋਂ ਪਹਿਲਾਂ ਹੀ ਚਲਾ ਦਿੱਤਾ ਹੈ। ਉਨ੍ਹਾਂ ਨੇ ਆਪਣੇ ਇੰਟਰਨੈਟ ਮੀਡੀਆ ਅਕਾਊਂਟ 'ਤੇ ਲਿਖਿਆ, 'ਕਿਉਂਕਿ ਕਈ ਦੂਜੇ ਦੇਸ਼ ਪਰਮਾਣੂ ਪ੍ਰੀਖਣ ਕਰ ਰਹੇ ਹਨ, ਇਸ ਲਈ ਉਨ੍ਹਾਂ ਨੇ ਆਪਣੇ ਜੰਗੀ ਵਿਭਾਗ ਨੂੰ ਵੀ ਤਤਕਾਲ ਦੂਜੇ ਦੇਸ਼ਾਂ ਦੇ ਪੱਧਰ ਦੇ ਪਰਮਾਣੂ ਪ੍ਰੀਖਣ ਸ਼ੁਰੂ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ।'

ਪ੍ਰੀਖਣ ਕਰਨ ਵਾਲੇ ਦੇਸ਼ਾਂ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਨੇ ਸੀਬੀਐੱਸ ਨਿਊਜ਼ ਨੂੰ ਦਿੱਤੀ ਇੰਟਰਵਿਊ 'ਚ ਰੂਸ, ਚੀਨ ਤੇ ਉੱਤਰ ਕੋਰੀਆ ਦੇ ਨਾਲ ਪਾਕਿਸਤਾਨ ਦਾ ਨਾਂ ਵੀ ਲਿਆ। ਨਵੰਬਰ 1996 'ਚ ਪਾਸ ਹੋਈ ਪਰਮਾਣੂ ਪ੍ਰੀਖਣ ਪਾਬੰਦੀ ਸੰਧੀ ਭਾਵ ਸੀਟੀਬੀਟੀ ਦੇ ਤਹਿਤ ਨਾਗਰਿਕ ਜਾਂ ਫ਼ੌਜੀ ਕਿਸੇ ਵੀ ਟੀਚੇ ਨਾਲ ਪਰਮਾਣੂ ਪ੍ਰੀਖਣ ਕਰਨ 'ਤੇ ਪਾਬੰਦੀ ਹੈ। ਹਾਲਾਂਕਿ ਇਸ ਸੰਧੀ ਦਾ ਅਮਰੀਕਾ ਨੇ ਅਜੇ ਤੱਕ ਸਮਰਥਨ ਨਹੀਂ ਕੀਤਾ ਹੈ, ਪਰ ਉਹੀ ਇਸ ਦਾ ਸਭ ਤੋਂ ਮੁੱਖ ਸਪਾਂਸਰ-ਪੈਰੋਕਾਰ ਰਿਹਾ ਹੈ। ਇਸ ਲਈ ਟਰੰਪ ਦੇ ਐਲਾਨ ਨਾਲ ਪਰਮਾਣੂ ਪ੍ਰੀਖਣ ਇੰਸਪੈਕਟਰਾਂ, ਹਥਿਆਰਬੰਦੀ ਮਾਹਰਾਂ ਤੇ ਦੂਜੀਆਂ ਪਰਮਾਣੂ ਤਾਕਤਾਂ 'ਚ ਹੈਰਾਨੀ ਤੇ ਪਰੇਸ਼ਾਨੀ ਦੀ ਲਹਿਰ ਦੌੜਨਾ ਸੁਭਾਵਿਕ ਸੀ।

ਟਰੰਪ ਨੇ ਜਿਨ੍ਹਾਂ ਚਾਰ ਦੇਸ਼ਾਂ 'ਤੇ ਲੁਕ ਕੇ ਪ੍ਰੀਖਣ ਕਰਨ ਦੇ ਦੋਸ਼ ਲਾਏ ਉਨ੍ਹਾਂ 'ਚ ਉੱਤਰ ਕੋਰੀਆ ਨੇ ਤਾਂ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ, ਪਰ ਚੀਨ ਤੇ ਰੂਸ ਨੇ ਟਰੰਪ ਦੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਪਰਮਾਣੂ ਪ੍ਰੀਖਣ ਪਾਬੰਦੀ ਦੀ ਪਾਲਣਾ ਕਰਨ ਦੇ ਦਾਅਵੇ ਕੀਤੇ। ਹੋਰ ਤਾਂ ਹੋਰ ਪਾਕਿਸਤਾਨ ਨੇ ਵੀ ਖੰਡਨ ਕਰਨ 'ਚ ਢਿੱਲ ਨਹੀਂ ਦਿਖਾਈ। ਪਾਕਿਸਤਾਨ ਫ਼ੌਜ ਦੇ ਬੁਲਾਰੇ ਲੈਫਟੀਨੈਂਟ ਜਨਰਲ ਅਹਿਮਦ ਸ਼ਰੀਫ਼ ਚੌਧਰੀ ਨੇ ਕਿਹਾ, 'ਪਾਕਿਸਤਾਨ 1998 ਤੋਂ ਬਾਅਦ ਤੋਂ ਪ੍ਰੀਖਣਾਂ 'ਤੇ ਲਾਈ ਮਰਜ਼ੀ ਮੁਤਾਬਕ ਰੋਕ ਦੀ ਪਾਲਣਾ ਕਰ ਰਿਹਾ ਹੈ। ਪਾਕਿਸਤਾਨ ਨੇ ਨਾ ਤਾਂ ਪਰਮਾਣੂ ਪ੍ਰੀਖਣ ਕਰਨ 'ਚ ਪਹਿਲ ਕੀਤੀ ਸੀ ਤੇ ਨਾ ਉਹ ਉਨ੍ਹਾਂ ਨੂੰ ਦੁਬਾਰਾ ਸ਼ੁਰੂ ਕਰਨ 'ਚ ਪਹਿਲ ਕਰੇਗਾ। ਪਾਕਿਸਤਾਨ ਦੇ ਪਰਮਾਣੂ ਅਪਸਾਰ ਦੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਪਰਮਾਣੂ ਬੰਬ ਬਣਾਉਣ ਤੇ ਉਸ ਦੀ ਤਕਨੀਕ ਈਰਾਨ, ਲੀਬੀਆ ਤੇ ਉੱਤਰੀ ਕੋਰੀਆ ਵਰਗੇ ਦੇਸ਼ਾਂ ਨੂੰ ਵੇਚਣ ਦੇ ਵਿਵਾਦਤ ਇਤਿਹਾਸ ਨੂੰ ਦੇਖਦੇ ਹੋਏ ਉਸ ਦੀ ਇਸ ਗੱਲ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ ਕਿ ਉਹ ਪ੍ਰੀਖਣਾਂ 'ਤੇ ਲੱਗੀ ਪਾਬੰਦੀ ਦੀ ਮਰਜ਼ੀ ਨਾਲ ਪਾਲਣਾ ਕਰ ਰਿਹਾ ਹੈ।

ਪਰਮਾਣੂ ਹਥਿਆਰਾਂ ਦੀ ਵਰਤੋਂ 'ਚ ਪਹਿਲ ਨਾ ਕਰਨ ਦੀ ਭਾਰਤ ਦੀ ਨੀਤੀ ਦੇ ਉਲਟ ਪਹਿਲਾਂ ਵਰਤੋਂ ਕਰਨ ਦੀ ਨੀਤੀ 'ਤੇ ਚੱਲਣਾ ਤੇ ਤਰ੍ਹਾਂ-ਤਰ੍ਹਾਂ ਦੇ ਪਰਮਾਣੂ ਬੰਬਾਂ ਦੀ ਵਰਤੋਂ ਦੀ ਧਮਕੀ ਦਿੰਦੇ ਰਹਿਣਾ ਵੀ ਪਾਕਿਸਤਾਨ ਦੀ ਨੀਅਤ 'ਤੇ ਸ਼ੱਕ ਪੈਦਾ ਕਰਦਾ ਹੈ। ਫਿਰ ਵੀ, ਪਰਮਾਣੂ ਪ੍ਰੀਖਣਾਂ 'ਤੇ ਨਜ਼ਰ ਰੱਖਣ ਲਈ ਬਣੇ ਸੀਟੀਬੀਟੀ ਸੰਗਠਨ ਦੀ ਅੰਤਰਰਾਸ਼ਟਰੀ ਨਿਰੀਖਣ ਪ੍ਰਣਾਲੀ ਆਈਐੱਮਐੱਸ ਨੇ ਅਜੇ ਤੱਕ ਅਜਿਹੀ ਕੋਈ ਰਿਪੋਰਟ ਨਹੀਂ ਦਿੱਤੀ ਹੈ ਕਿ ਪਾਕਿ-



ਸਤਾਨ ਨੇ ਪਰਮਾਣੂ ਪ੍ਰੀਖਣ ਕੀਤਾ ਹੈ। ਰੂਸ ਨੇ ਆਖ਼ਰੀ ਪਰਮਾਣੂ ਪ੍ਰੀਖਣ ਸੋਵੀਅਤ ਸੰਘ ਦੇ ਪਤਨ ਤੋਂ ਇਕ ਸਾਲ ਪਹਿਲਾਂ 1991 'ਚ ਕੀਤਾ ਸੀ ਤੇ ਚੀਨ ਨੇ 1996 'ਚ। ਉਸ ਤੋਂ ਬਾਅਦ ਇਸ ਸਦੀ 'ਚ ਉੱਤਰੀ ਕੋਰੀਆ ਨੂੰ ਛੱਡ ਕੇ ਕਿਸੇ ਦੇਸ਼ ਨੇ ਕੋਈ ਪਰਮਾਣੂ ਪ੍ਰੀਖਣ ਨਹੀਂ ਕੀਤਾ ਹੈ।

ਟਰੰਪ ਦਾ ਐਲਾਨ ਕਈ ਸਵਾਲ ਖੜ੍ਹੇ ਕਰਦਾ ਹੈ। ਮਿਸਾਲ ਦੇ ਤੌਰ 'ਤੇ ਕੀ ਰੂਸ, ਚੀਨ ਤੇ ਪਾਕਿਸਤਾਨ ਅਸਲ 'ਚ ਅਜਿਹੇ ਪਰਮਾਣੂ ਪ੍ਰੀਖਣ ਕਰ ਰਹੇ ਹਨ, ਜਿਨ੍ਹਾਂ ਦਾ ਪਤਾ ਆਈਐੱਮਐੱਸ ਨੂੰ ਵੀ ਨਹੀਂ ਹੈ? ਜੇ ਅਜਿਹਾ ਹੈ ਤਾਂ ਫਿਰ ਉਸ ਦੀ ਉਪਯੋਗਿਤਾ ਕੀ ਹੈ? ਅਮਰੀਕਾ ਦੇ ਪਰਮਾਣੂ ਪ੍ਰੀਖਣ ਸ਼ੁਰੂ ਕਰਨ ਨਾਲ ਵਿਸ਼ਵ 'ਚ ਪਰਮਾਣੂ ਹਥਿਆਰਾਂ ਦੀ ਜੋ ਦੌੜ ਸ਼ੁਰੂ ਹੋਵੇਗੀ ਉਸ ਨੂੰ ਕਿਵੇਂ ਰੋਕਿਆ ਜਾ ਸਕੇਗਾ? ਇਸ ਦਾ ਸਪੱਸ਼ਟੀਕਰਨ ਦੇਣ ਦਾ ਕੰਮ ਟਰੰਪ ਨੇ ਅਮਰੀਕਾ ਦੇ ਊਰਜਾ ਮੰਤਰੀ ਕ੍ਰਿਸ ਰਾਈਟ ਨੂੰ ਸੌਂਪਿਆ। ਉਨ੍ਹਾਂ ਨੇ ਕਿਹਾ, 'ਰਾਸ਼ਟਰਪਤੀ ਟਰੰਪ ਨੇ ਜਿਨ੍ਹਾਂ ਪਰਮਾਣੂ ਪ੍ਰੀਖਣਾਂ ਨੂੰ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ ਉਹ ਸਬ-ਕ੍ਰਿਟੀਕਲ ਜਾਂ ਠੰਢੇ ਪਰਮਾਣੂ ਪ੍ਰੀਖਣ ਹਨ ਜਿਨ੍ਹਾਂ ਨਾਲ ਰੇਡੀ ਐਕਟੀਵਿਟੀ ਨਹੀਂ ਫੈਲਦੀ।'

ਰਾਈਟ ਦਾ ਟੀਚਾ ਦੁਨੀਆ ਦੀ ਚਿੰਤਾ ਦੂਰ ਕਰਨ ਤੋਂ ਵੱਧ ਅਮਰੀਕੀ ਰਾਜ ਨੇਵਾਡਾ ਦੇ ਨਿਵਾਸੀਆਂ ਦੀ ਚਿੰਤਾ ਦੂਰ ਕਰਨਾ ਸੀ, ਜੋ ਅਮਰੀਕਾ ਦੇ ਪਰਮਾਣੂ ਪ੍ਰੀਖਣ ਵਾਲੀ ਥਾਂ ਦੇ ਕੋਲ ਰਹਿੰਦੇ ਹਨ। ਇੱਥੇ 1992 ਤੋਂ ਬਾਅਦ ਤੋਂ ਕੋਈ ਪਰਮਾਣੂ ਪ੍ਰੀਖਣ ਨਹੀਂ ਹੋਇਆ ਹੈ ਤੇ ਹੁਣ ਲੋਕ ਪ੍ਰੀਖਣਾਂ ਦਾ ਸਖ਼ਤ ਵਿਰੋਧ ਕਰਦੇ ਹਨ।

ਹਾਲਾਂਕਿ ਟਰੰਪ ਨੇ ਆਪ ਇਸ ਦਾ ਸਪੱਸ਼ਟੀਕਰਨ ਨਹੀਂ ਦਿੱਤਾ ਹੈ ਕਿ ਉਹ ਧਮਾਕੇ ਵਾਲੇ ਪ੍ਰੀਖਣ ਦੀ ਨਹੀਂ, ਬਲਕਿ ਸਬ-ਕ੍ਰਿਟੀਕਲ ਭਾਵ ਠੰਢੇ ਪ੍ਰਯੋਗਾਤਮਕ ਪ੍ਰੀਖਣ ਦੀ ਗੱਲ ਕਰ ਰਹੇ ਸਨ। ਗੱਲ ਤੋਂ ਪਲਟ ਜਾਣਾ ਤੇ ਮੰਤਰੀਆਂ ਦੀ ਗੱਲ ਕੱਟ ਦੇਣਾ ਉਨ੍ਹਾਂ ਲਈ ਆਮ ਗੱਲ ਹੈ। ਇਸ ਲਈ ਉਹ ਕੀ ਕਹਿਣਾ ਚਾਹੁੰਦੇ ਸਨ ਤੇ ਕਿਉਂ, ਇਹ ਉਹੀ ਦੱਸ ਸਕਦੇ ਹਨ। ਫਿਰ ਵੀ, ਜੇ ਕ੍ਰਿਸ ਰਾਈਟ ਦੀ ਗੱਲ ਸਹੀ ਮੰਨ ਲਈ ਜਾਵੇ ਤਦ ਵੀ ਇਹ ਸਮਝ ਨਹੀਂ ਆਉਂਦੀ ਕਿ ਇਸ ਲਈ ਜਨਤਕ ਐਲਾਨ ਕਰਨ ਦੀ ਕੀ ਲੋੜ ਸੀ ਤੇ ਉਹ ਵੀ ਚੀਨੀ ਰਾਸ਼ਟਰਪਤੀ ਦੇ ਨਾਲ ਹੋਣ ਵਾਲੀ ਮੁਲਾਕਾਤ ਤੋਂ ਠੀਕ ਪਹਿਲਾਂ।

ਕੰਪਿਊਟਰਾਂ 'ਤੇ ਅਤੇ ਲੈਬਾਰਟਰੀਆਂ 'ਚ ਵਰਚੁਅਲ ਠੰਢੇ ਪ੍ਰੀਖਣਾਂ ਦਾ ਅਮਰੀਕਾ ਦੇ ਕੋਲ ਸਭ ਤੋਂ ਪੁਰਾਣਾ ਤਜਰਬਾ ਤੇ ਤਕਨੀਕੀ ਮੁਹਾਰਤ ਹੈ। ਅੱਜਕੱਲ੍ਹ ਉਸੇ ਦੇ ਸਹਾਰੇ ਪਰਮਾਣੂ ਹਥਿਆਰਾਂ ਦਾ ਵਿਕਾਸ ਤੇ ਨਵੀਨੀਕਰਨ ਕੀਤਾ ਜਾਂਦਾ ਹੈ। ਅਮਰੀਕਾ, ਰੂਸ ਤੇ ਚੀਨ ਦੇ ਕੋਲ ਕੁੱਲ ਮਿਲਾ ਕੇ 12 ਹਜ਼ਾਰ ਦੇ ਲਗਪਗ ਪਰਮਾਣੂ ਬੰਬ ਹਨ ਜਿਨ੍ਹਾਂ ਨਾਲ ਦੁਨੀਆ ਨੂੰ ਕਈ ਵਾਰ ਤਬਾਹ ਕੀਤਾ ਜਾ ਸਕਦਾ ਹੈ। ਇਸ ਲਈ ਹੁਣ ਦੌੜ ਪਰਮਾਣੂ ਬੰਬ ਬਣਾਉਣ ਦੀ ਨਹੀਂ, ਬਲਕਿ ਉਨ੍ਹਾਂ ਨੂੰ ਦੁਸ਼ਮਣ ਦੇ ਰੱਖਿਆ ਕਵਚ ਨੂੰ ਤੋੜ ਕੇ ਟੀਚੇ ਤੱਕ ਪਹੁੰਚਾਉਣ ਵਾਲੀਆਂ ਮਿਜ਼ਾਈਲਾਂ ਦੇ ਵਿਕਾਸ ਦੀ ਹੈ, ਜਿਸ 'ਚ ਰੂਸ ਤੇ ਚੀਨ ਦੋਵੇਂ ਲੱਗੇ ਹਨ।

ਕੁਝ ਰਣਨੀਤੀਕਾਰਾਂ ਦਾ ਮੰਨਣਾ ਹੈ ਕਿ ਪ੍ਰੀਖਣ ਸ਼ੁਰੂ ਕਰਨ ਦਾ ਐਲਾਨ ਧਮਕੀ ਦੇ ਕੇ ਸੌਦਾ ਕਰਨ ਦੀ ਟਰੰਪ ਦੀ ਰਣਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ। ਦੱਖਣੀ ਕੋਰੀਆ 'ਚ ਚੀਨੀ ਰਾਸ਼ਟਰਪਤੀ ਨਾਲ ਹੋਈ ਮੁਲਾਕਾਤ ਤੋਂ ਕੁਝ ਹੀ ਦਿਨ ਪਹਿਲਾਂ ਰੂਸ ਨੇ ਪੋਸਾਈਡਨ ਪਰਮਾਣੂ ਤਾਰਪੀਡੋ ਤੇ ਬੁਰੇਵੇਸਤਨਿਕ ਪਰਮਾਣੂ ਕਰੂਜ਼ ਮਿਜ਼ਾਈਲ ਦੇ ਪ੍ਰੀਖਣ ਕੀਤੇ ਸਨ ਤੇ ਦਾਅਵਾ ਕੀਤਾ ਸੀ ਕਿ ਇਹ ਦੋਵੇਂ ਅਮਰੀਕਾ ਦੇ ਰੱਖਿਆ ਕਵਚ ਨੂੰ ਤੋੜ ਕੇ ਪਰਮਾਣੂ ਬੰਬਾਂ ਨਾਲ ਟੀਚੇ 'ਤੇ ਵਾਰ ਕਰ ਸਕਦੇ ਹਨ।

ਇਸ ਲਈ ਸ਼ਾਇਦ ਟਰੰਪ ਪਰਮਾਣੂ ਪ੍ਰੀਖਣ ਸ਼ੁਰੂ ਕਰਨ ਦਾ ਨਾਟਕੀ ਐਲਾਨ ਕਰ ਕੇ ਰੂਸ ਤੇ ਚੀਨ ਦੋਵਾਂ ਨੂੰ ਹਥਿਆਰਬੰਦੀ ਸਬੰਧੀ ਗੱਲਬਾਤ ਦੀ ਮੇਜ਼ 'ਤੇ ਲਿਆਉਣਾ ਚਾਹੁੰਦੇ ਹਨ, ਤਾਂ ਜੋ ਆਪਣੀਆਂ ਸ਼ਰਤਾਂ 'ਤੇ ਕੋਈ ਸੌਦਾ ਕਰ ਸਕਣ।

ਹਾਲਾਂਕਿ ਬੇਅਸਰ ਹੁੰਦੀ ਵਿਸ਼ਵ ਪੱਧਰੀ ਵਿਵਸਥਾ, ਧੜਿਆਂ 'ਚ ਵੰਡੀ ਦੁਨੀਆ ਤੇ ਵਧਦੀ ਅਸੁਰੱਖਿਆ ਦੇ ਮਾਹੌਲ 'ਚ ਅਜਿਹੇ ਐਲਾਨਾਂ ਨਾਲ ਤਿੰਨ ਦਹਾਕੇ ਪੁਰਾਣੀ ਪਰਮਾਣੂ ਅਪਸਾਰ ਦੀ ਵਿਵਸਥਾ ਟੁੱਟ ਕੇ ਪਰਮਾਣੂ ਹਥਿਆਰਾਂ ਦੀ ਦੌੜ ਵੀ ਸ਼ੁਰੂ ਹੋ ਸਕਦੀ ਹੈ। ਇਹ ਦੌੜ ਜਿੱਥੇ ਭਾਰਤ ਵਰਗੀਆਂ ਉੱਭਰਦੀਆਂ ਤਾਕਤਾਂ ਲਈ ਸਿਰਦਰਦੀ ਬਣੇਗੀ, ਉੱਥੇ ਟਰੰਪ ਦੇ ਸ਼ਾਂਤੀ ਪੁਰਸਕਾਰ ਦੇ ਸੁਪਨੇ ਨੂੰ ਵੀ ਤੋੜ ਸਕਦੀ ਹੈ, ਕਿਉਂਕਿ ਨੋਬਲ ਕਮੇਟੀ ਨੂੰ ਪਰਮਾਣੂ ਹਥਿਆਰਾਂ ਦੀ ਦੌੜ ਸ਼ੁਰੂ ਕਰਵਾਉਣ ਵਾਲੇ ਨੂੰ ਇਨਾਮ ਦੇਣ ਤੋਂ ਪਹਿਲਾਂ ਚਾਰ ਵਾਰ ਸੋਚਣਾ ਪਵੇਗਾ।

# ਹਾਲੇ ਖ਼ਤਮ ਨਹੀਂ ਹੋਈ ਅੱਤਵਾਦ ਵਿਰੁੱਧ ਜੰਗ



ਅਸ਼ੋਕ ਕੁਮਾਰ

ਦਿੱਲੀ 'ਚ ਲਾਲ ਕਿਲ੍ਹੇ ਦੇ ਨੇੜੇ ਹੋਏ ਸ਼ਕਤੀਸ਼ਾਲੀ ਵਿਸਫੋਟ ਨੇ ਫਿਰ ਯਾਦ ਦਿਵਾ ਦਿੱਤੀ ਹੈ ਕਿ ਭਾਰਤ ਦੀ ਅੱਤਵਾਦ ਖ਼ਿਲਾਫ਼ ਜੰਗ ਅਜੇ ਖ਼ਤਮ ਨਹੀਂ ਹੋਈ ਹੈ। ਆਪ੍ਰੇਸ਼ਨ ਸਿੰਧੂਰ ਦੇ ਕੁਝ ਮਹੀਨਿਆਂ ਬਾਅਦ ਇਹ ਅੱਤਵਾਦੀ ਘਟਨਾ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਲੜਾਈ ਬਸ ਹੁਣ ਇਕ ਨਵੇਂ ਪੜਾਅ ਵਿਚ ਦਾਖ਼ਲ ਹੋ ਗਈ ਹੈ।

ਦੁਸ਼ਮਣ ਹਾਲਾਂਕਿ ਕਮਜ਼ੋਰ ਹੋ ਗਿਆ ਹੈ, ਪਰ ਫਿਰ ਵੀ ਵਾਰ ਕਰਨ ਦੀ ਸਮਰੱਥਾ ਰੱਖਦਾ ਹੈ। ਚਿੰਤਾਜਨਕ ਗੱਲ ਇਹ ਹੈ ਕਿ ਲਾਲ ਕਿਲ੍ਹੇ ਦੀ ਅੱਤਵਾਦੀ ਘਟਨਾ ਦੀ ਸਾਜ਼ਿਸ਼ ਬਹੁਤ ਹੀ ਸਾਵਧਾਨੀ ਨਾਲ ਰਚੀ ਗਈ ਸੀ। ਵਿਸਫੋਟ ਤੋਂ ਕੁਝ ਘੰਟੇ ਪਹਿਲਾਂ, ਜੰਮੂ-ਕਸ਼ਮੀਰ ਪੁਲਿਸ ਨੇ ਹਰਿਆਣਾ ਪੁਲਿਸ ਨਾਲ ਮਿਲ ਕੇ ਫਰੀਦਾਬਾਦ ਦੀਆਂ ਦੋ ਰਿਹਾਇਸ਼ੀ ਇਮਾਰਤਾਂ ਵਿੱਚੋਂ ਲਗਪਗ 3,000 ਕਿੱਲੋਗ੍ਰਾਮ ਵਿਸਫੋਟਕ ਪਦਾਰਥ ਬਰਾਮਦ ਕੀਤਾ ਸੀ। ਇਨ੍ਹਾਂ ਵਿੱਚੋਂ 350 ਕਿੱਲੋਗ੍ਰਾਮ ਐਮੋਨੀਅਮ ਨਾਈਟ੍ਰੇਟ ਵੀ ਸੀ ਜੋ ਇਕ ਅਜਿਹਾ ਰਸਾਇਣ ਹੈ ਜਿਸ ਨੂੰ ਆਸਾਨੀ ਨਾਲ ਇਕ ਘਾਤਕ ਬੰਬ ਵਿਚ ਬਦਲਿਆ ਜਾ ਸਕਦਾ ਹੈ। ਇਹ ਬਰਾਮਦਗੀ ਸੰਭਵ ਤੌਰ 'ਤੇ ਇਕ ਹੋਰ ਵੱਡੀ ਤ੍ਰਾਸਦੀ ਨੂੰ ਰੋਕਣ ਵਿਚ ਸਫਲ ਰਹੀ। ਅੱਤਵਾਦ ਦੇ ਇਸ ਕਾਰੇ ਵਿਚ ਡਾਕਟਰਾਂ ਦੀ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ ਕੱਟੜਵਾਦ ਹੁਣ ਯੂਨੀਵਰਸਿਟੀਆਂ, ਹਸਪਤਾਲਾਂ ਵਰਗੀਆਂ ਉਨ੍ਹਾਂ ਥਾਵਾਂ 'ਚ ਵੀ ਦਾਖ਼ਲ ਹੋ ਰਿਹਾ ਹੈ ਜਿਨ੍ਹਾਂ ਨੂੰ ਕਦੇ ਸੁਰੱਖਿਅਤ ਸਮਝਿਆ ਜਾਂਦਾ ਸੀ।

ਲਾਲ ਕਿਲ੍ਹੇ ਦੇ ਵਿਸਫੋਟ ਕਾਂਡ ਦੀ ਸ਼ੁਰੂਆਤ ਪਿਛਲੀ 27 ਅਕਤੂਬਰ ਨੂੰ ਹੋਈ ਜਦੋਂ ਸ੍ਰੀਨਗਰ ਵਿਚ ਜੈਸ਼-ਏ-ਮੁਹੰਮਦ ਦੇ ਪੋਸਟਰ ਦਿਖਾਈ ਦਿੱਤੇ। ਸੀਸੀਟੀਵੀ ਫੁਟੇਜ ਤੋਂ ਪੁਲਿਸ ਨੂੰ ਡਾ। ਆਦਿਲ ਦੀ ਪਛਾਣ ਕਰਨ ਵਿਚ ਮਦਦ ਮਿਲੀ ਜਿਸ ਨੂੰ ਬਾਅਦ ਵਿਚ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਤੋਂ ਗ੍ਰਿਫ਼ਤਾਰ ਕੀਤਾ ਗਿਆ। ਜਦੋਂ ਜਾਂਚਕਾਰਾਂ ਨੇ ਅਨੰਤਨਾਗ ਦੇ ਸਰਕਾਰੀ ਮੈਡੀਕਲ ਕਾਲਜ ਵਿਚ ਉਸ ਦੇ ਲਾਕਰ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਉੱਥੇ ਇਕ ਅਸਾਲਟ ਰਾਈਫਲ ਮਿਲੀ। ਉਸ ਤੋਂ ਪੁੱਛਗਿੱਛ ਦੌਰਾਨ ਪੁਲਿਸ ਨੂੰ ਫਰੀਦਾਬਾਦ ਵਿਚ ਲੁਕਾ ਕੇ ਰੱਖੇ ਵਿਸਫੋਟਕਾਂ ਦਾ ਇਕ ਜ਼ਖੀਰਾ ਮਿਲਿਆ ਜਿਸ ਤੋਂ ਇਹ ਸਪਸ਼ਟ ਹੋ ਗਿਆ ਕਿ ਇਹ ਨੈੱਟਵਰਕ ਕਸ਼ਮੀਰ ਤੋਂ ਲੈ ਕੇ ਦਿੱਲੀ-ਐੱਨਸੀਆਰ ਤੱਕ ਵਿਸ਼ਾਲ ਰੂਪ ਵਿਚ ਫੈਲਿਆ ਹੋਇਆ ਹੈ। ਇਸ ਨੈੱਟਵਰਕ ਦੇ ਤਾਰ ਭਾਰਤ ਦੀਆਂ ਸਰਹੱਦਾਂ ਤੋਂ ਪਰੇ ਵੀ ਜੁੜੇ ਰਹੇ ਹਨ।

ਅੱਤਵਾਦੀਆਂ ਦੇ ਹੈਂਡਲਰ ਪਾਕਿਸਤਾਨ ਵਿਚ ਸਰਗਰਮ ਸਨ। ਇਸ ਮਾਮਲੇ ਵਿਚ ਇਕ ਹੋਰ ਅੱਤਵਾਦੀ ਅਲ ਫਲਾਹ ਯੂਨੀਵਰਸਿਟੀ ਦੇ ਡਾ। ਮੁਜਮਿਲ ਸ਼ਕੀਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਵਿਸਫੋਟਕਾਂ ਨਾਲ ਭਰੀ ਕਾਰ ਇਕ ਡਾਕਟਰ ਉਮਰ ਮੁਹੰਮਦ ਚਲਾ ਰਿਹਾ ਸੀ। ਅਧਿਕਾਰੀਆਂ ਅਨੁਸਾਰ ਸ਼ੱਕੀ ਆਤਮਘਾਤੀ ਹਮਲਾਵਰ ਦਿੱਲੀ ਵਿਚ ਦਾਖ਼ਲ ਹੋ ਗਿਆ ਸੀ ਅਤੇ ਉਸ ਨੇ ਗੱਡੀ ਇਕ ਮਸਜਿਦ ਦੇ ਨੇੜੇ ਖੜ੍ਹੀ ਕਰ ਦਿੱਤੀ ਸੀ। ਸੀਸੀਟੀਵੀ ਫੁਟੇਜ ਤੋਂ ਪਤਾ ਲੱਗਦਾ ਹੈ ਕਿ ਜਦੋਂ ਕਾਰ ਖੜ੍ਹੀ ਸੀ ਤਦ ਉਹ ਇਕ ਵਾਰ ਵੀ ਉਸ ਤੋਂ ਬਾਹਰ ਨਹੀਂ ਨਿਕਲਿਆ।

ਅਜਿਹਾ ਲੱਗ ਰਿਹਾ ਸੀ ਕਿ ਉਹ ਜਾਂ ਤਾਂ ਨਿਰਦੇਸ਼ਾਂ ਦੀ ਉਡੀਕ ਕਰ ਰਿਹਾ ਸੀ ਜਾਂ ਆਪਣੇ ਟੀਚੇ ਦੀ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਫਰੀਦਾਬਾਦ ਵਿਚ ਹੋਈਆਂ ਗ੍ਰਿਫ਼ਤਾਰੀਆਂ ਨਾਲ ਸਮੂਹ ਵਿਚ ਦਹਿਸ਼ਤ ਫੈਲ ਗਈ ਹੋਵੇਗੀ। ਫਸਣ ਦਾ ਅਹਿਸਾਸ ਹੋਣ 'ਤੇ ਉਮਰ ਮੁਹੰਮਦ ਨੇ ਹਤਾਸ਼ਾ ਜਾਂ ਘਬਰਾਹਟ ਵਿਚ ਬੰਬ ਧਮਾਕਾ ਕਰ ਦਿੱਤਾ ਹੋਵੇਗਾ। ਹੋ ਸਕਦਾ ਹੈ ਕਿ ਉਸ ਦੇ ਸੰਚਾਲਕ ਨੇ ਉਸ ਨੂੰ ਜ਼ਿੰਦਾ ਗ੍ਰਿਫ਼ਤਾਰ ਹੋਣ ਦੇ ਬਜਾਏ ਆਤਮਘਾਤੀ ਹਮਲਾ ਕਰਨ ਲਈ ਮਨਾਇਆ ਹੋਵੇ।

ਜੋ ਵੀ ਹੋਵੇ, ਇਹ ਕਿਸੇ ਤੋਂ ਲੁਕਿਆ ਨਹੀਂ ਕਿ ਕੱਟੜਪੰਥੀ ਸਮੂਹ ਨੌਜਵਾਨ ਪੜ੍ਹੇ-ਲਿਖੇ ਦਿਮਾਗਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਹਨ ਕਿ ਸ਼ਹਾਦਤ ਇਕ ਮਹਾਨ ਕਾਰਜ ਹੈ। ਇਕ ਵਾਰ ਫਿਰ ਸੁਰਾਗ ਪਾਕਿਸਤਾਨ ਵੱਲ ਇਸ਼ਾਰਾ ਕਰ ਰਹੇ ਹਨ। ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐੱਸਆਈ ਲਸ਼ਕਰ-ਏ-ਤੈਯਬਾ ਅਤੇ ਇਸਲਾਮਿਕ ਸਟੇਟ ਖੁਰਾਸਾਨ ਪ੍ਰੋਵਿੰਸ ਵਰਗੇ ਅੱਤਵਾਦੀ ਸਮੂਹਾਂ ਨੂੰ ਇਕਜੁੱਟ ਕਰਨ ਲਈ ਕੰਮ ਕਰ ਰਹੀ ਹੈ। ਇਸ ਦਾ ਟੀਚਾ ਭਾਰਤ ਵਿਚ ਅੱਤਵਾਦੀ ਗਤੀਵਿਧੀਆਂ ਨੂੰ ਪੁਨਰ-ਸੁਰਜੀਤ ਕਰਨਾ ਅਤੇ ਜੰਮੂ-ਕਸ਼ਮੀਰ ਤੋਂ ਪਰੇ ਵੀ ਅਸ਼ਾਂਤੀ ਫੈਲਾਉਣਾ ਹੈ।

ਦਿੱਲੀ ਵਿਚ ਵਿਸਫੋਟ ਦੇ ਸਮੇਂ ਤੋਂ ਪਤਾ ਲੱਗਦਾ ਹੈ ਕਿ ਇਹ ਆਪ੍ਰੇਸ਼ਨ ਸਿੰਧੂਰ ਦਾ ਬਦਲਾ ਲੈਣ ਲਈ ਸੀ ਜੋ ਭਾਰਤ ਦੀ ਸਫਲ ਅੱਤਵਾਦ-ਰੋਕੂ ਮੁਹਿੰਮ ਸੀ। ਪਾਕਿਸਤਾਨ ਦੀ ਨਵੀਂ ਹਮਲਾਵਰ ਨੀਤੀ ਵਿਸ਼ਵ ਰਾਜਨੀਤੀ ਨਾਲ ਵੀ ਜੁੜੀ ਹੋਈ ਦਿਖਾਈ ਦਿੰਦੀ ਹੈ। ਹਾਲ ਹੀ ਵਿਚ ਉਸ ਨੇ ਮੱਧ ਏਸ਼ੀਆ ਵਿਚ ਆਪਣੀ ਸਥਿਤੀ ਦਾ ਰਣਨੀਤਕ ਲਾਭ ਉਠਾ ਕੇ ਅਮਰੀਕਾ ਨਾਲ ਰਿਸ਼ਤੇ ਦੁਬਾਰਾ ਬਣਾਉਣ ਵਿਚ ਸਫਲਤਾ ਹਾਸਲ ਕੀਤੀ ਹੈ। ਜਦੋਂ ਵੀ ਪਾਕਿਸਤਾਨ ਨੂੰ ਵਿਸ਼ਵ ਸਹਿਯੋਗ ਮਿਲਦਾ ਹੈ, ਉਹ ਉਸ ਦਾ ਇਸਤੇਮਾਲ ਅੱਤਵਾਦੀ ਗਤੀਵਿਧੀਆਂ ਜ਼ਰੀਏ ਭਾਰਤ ਨੂੰ ਉਕਸਾਉਣ ਲਈ ਕਰਦਾ ਹੈ।

ਭਵਿੱਖ ਵਿਚ ਅਜਿਹੇ ਹਮਲਿਆਂ ਨੂੰ ਰੋਕਣ ਲਈ ਬਹੁਤ ਸਾਵਧਾਨੀ ਵਰਤਣ ਦੀ ਲੋੜ ਹੈ। ਸੁਰੱਖਿਆ ਅਤੇ ਚੌਕਸੀ ਸਿਰਫ਼ ਜੰਮੂ-ਕਸ਼ਮੀਰ ਜਾਂ ਦਿੱਲੀ ਵਰਗੇ ਵੱਡੇ ਸ਼ਹਿਰਾਂ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਬਲਕਿ ਪੂਰੇ ਦੇਸ਼ ਵਿਚ ਹੋਣੀ ਚਾਹੀਦੀ ਹੈ। ਅੱਤਵਾਦੀਆਂ ਕੋਲੋਂ ਬਰਾਮਦ ਕੀਤੇ ਗਏ ਵਿਸਫੋਟਕਾਂ ਦੀ ਵਿਸ਼ਾਲ ਮਾਤਰਾ ਤਬਾਹੀ ਦੇ ਸੰਭਾਵਤ ਪੈਮਾਨੇ ਨੂੰ ਦਰਸਾਉਂਦੀ ਹੈ। ਇਸ ਨਾਲ ਇਹ ਖ਼ਦਸ਼ਾ ਪੈਦਾ ਹੁੰਦਾ ਹੈ ਕਿ ਕਈ ਲੜੀਵਾਰ ਧਮਾਕਿਆਂ ਦੀ ਯੋਜਨਾ ਬਣਾਈ ਗਈ ਹੋ ਸਕਦੀ ਹੈ। ਇਸ ਲਈ ਖੁਫੀਆ ਨੈੱਟਵਰਕ ਨੂੰ ਮਜ਼ਬੂਤ ਕਰਨਾ, ਸ਼ਹਿਰੀ ਅਤੇ ਅਰਧ-ਸ਼ਹਿਰੀ ਖੇਤਰਾਂ ਵਿਚ ਨਿਗਰਾਨੀ ਸਖ਼ਤ ਬਣਾਉਣੀ ਅਤੇ ਅੰਤਰ-ਏਜੰਸੀ ਤਾਲਮੇਲ ਵਿਚ ਸੁਧਾਰ ਕਰਨਾ ਮਹੱਤਵਪੂਰਨ ਹੈ। ਕੂਟਨੀਤੀ ਦੇ ਮੋਰਚੇ 'ਤੇ ਭਾਰਤ ਨੂੰ ਆਪਣੇ-ਆਪ ਨੂੰ ਅੱਤਵਾਦ ਦੇ ਸ਼ਿਕਾਰ ਵਜੋਂ ਪੇਸ਼ ਕਰਦੇ ਹੋਏ ਗੁਪਤ ਰੂਪ ਵਿਚ ਉਸ ਦਾ ਸਮਰਥਨ ਕਰਨ ਵਾਲੇ ਪਾਕਿਸਤਾਨ ਦੀ ਦੋਹਰੀ ਖੇਡ ਦਾ ਪਰਦਾਫਾਸ਼ ਕਰਨਾ ਵੀ ਜਾਰੀ ਰੱਖਣਾ ਚਾਹੀਦਾ ਹੈ। ਜੋ ਦੇਸ਼ ਅਜੇ ਵੀ ਪਾਕਿਸਤਾਨ ਨੂੰ ਅੱਤਵਾਦ-ਰੋਕੂ ਸਹਿਯੋਗੀ ਮੰਨਦੇ ਹਨ, ਉਨ੍ਹਾਂ ਨੂੰ ਉਸ ਦੇ ਅਸਲ ਰਿਕਾਰਡ ਦੀ ਯਾਦ ਦਿਵਾਉਣੀ ਚਾਹੀਦੀ ਹੈ।

ਭਾਰਤ ਨੂੰ ਸੰਯੁਕਤ ਰਾਸ਼ਟਰ, ਜੀ-20 ਅਤੇ ਐੱਫਏਟੀਐੱਫ ਵਰਗੇ ਵਿਸ਼ਵ ਮੰਚਾਂ ਦਾ ਇਸਤੇਮਾਲ ਅੱਤਵਾਦ ਨੂੰ ਪਨਾਹ ਦੇਣ ਜਾਂ ਉਸ ਨੂੰ ਵਿੱਤੀ ਇਮਦਾਦ ਪ੍ਰਦਾਨ ਕਰਨ ਵਾਲੇ ਦੇਸ਼ਾਂ ਖ਼ਿਲਾਫ਼ ਸਖ਼ਤ ਅੰਤਰਰਾਸ਼ਟਰੀ ਕਾਰਵਾਈ ਲਈ ਦਬਾਅ ਬਣਾਉਣ ਲਈ ਕਰਨਾ ਚਾਹੀਦਾ ਹੈ। ਭਾਰਤ ਨੂੰ ਆਪਣੇ ਅਗਲੇ ਕਦਮਾਂ ਦੀ ਯੋਜਨਾ ਬਣਾਉਂਦੇ ਸਮੇਂ ਤੁਰੰਤ ਫ਼ੌਜੀ ਜਾਂ ਜਵਾਬੀ ਕਾਰਵਾਈ ਤੋਂ ਅੱਗੇ ਵਧਣਾ ਚਾਹੀਦਾ ਹੈ। ਅੱਜ ਅੱਤਵਾਦ-ਰੋਕਣ ਲਈ ਬਹੁ-ਪੱਧਰੀ ਰਣਨੀਤੀ ਬਣਾਉਣ ਅਤੇ ਉਸ 'ਤੇ ਅਮਲ ਕਰਨ ਦੀ ਲੋੜ ਹੈ ਜਿਸ ਵਿਚ ਮਜ਼ਬੂਤ ਕੂਟਨੀਤੀ, ਉੱਨਤ ਰੱਖਿਆ ਅਤੇ ਖ਼ੁਫ਼ੀਆ ਪ੍ਰਣਾਲੀਆਂ, ਅੰਦਰੂਨੀ ਸਮਾਜਿਕ ਤਾਲਮੇਲ ਅਤੇ ਸਭ ਤੋਂ ਵਧ ਕੇ ਅਟੁੱਟ ਰਾਜਨੀਤਕ ਇੱਛਾ ਸ਼ਕਤੀ ਸ਼ਾਮਲ ਹੈ। ਲਾਲ ਕਿਲ੍ਹੇ ਦੀ ਘਟਨਾ ਇਹ ਵੀ ਯਾਦ ਦਿਵਾਉਂਦੀ ਹੈ ਕਿ ਖ਼ਤਰਾ ਅਜੇ ਵੀ ਸਾਡੇ ਵਿਚਕਾਰ ਕਿਤੇ ਛੁਪਿਆ ਹੋਇਆ ਹੈ ਤੇ ਕਮਜ਼ੋਰੀ ਤੇ ਪਾਟੋਧਾੜ ਦੇ ਪਲਾਂ ਦੀ ਉਡੀਕ ਕਰ ਰਿਹਾ ਹੈ। ਇਹ ਲੜਾਈ ਸਿਰਫ਼ ਪੁਲਿਸ, ਹਥਿਆਰਬੰਦ ਬਲਾਂ ਜਾਂ ਖ਼ੁਫ਼ੀਆ ਏਜੰਸੀਆਂ ਦੀ ਨਹੀਂ, ਬਲਕਿ ਹਰ ਭਾਰਤੀ ਦੀ ਜੰਗ ਹੈ।

ਸਰਕਾਰ ਤੇ ਵਿਰੋਧੀ ਪਾਰਟੀਆਂ ਨੂੰ ਇਕ ਸਾਂਝੇ ਮਕਸਦ ਦੇ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ, ਰਾਸ਼ਟਰੀ ਸੁਰੱਖਿਆ ਨੂੰ ਰਾਜਨੀਤੀ ਤੋਂ ਉੱਪਰ ਰੱਖਣਾ ਚਾਹੀਦਾ ਹੈ। ਨਾਗਰਿਕਾਂ ਨੂੰ ਵੀ ਦੇਸ਼ ਨੂੰ ਅੰਦਰੋਂ ਕਮਜ਼ੋਰ ਕਰਨ ਵਾਲੀ ਨਫ਼ਰਤ ਅਤੇ ਗ਼ਲਤ ਜਾਣਕਾਰੀਆਂ ਖ਼ਿਲਾਫ਼ ਚੌਕਸ, ਜ਼ਿੰਮੇਵਾਰ ਤੇ ਇਕਜੁੱਟ ਰਹਿਣਾ ਚਾਹੀਦਾ ਹੈ। ਦਿੱਲੀ ਵਿਚ ਹੋਏ ਅੱਤਵਾਦੀ ਹਮਲੇ ਤੋਂ ਇਹ ਸਾਫ਼ ਦਿਖਾਈ ਦੇ ਰਿਹਾ ਹੈ ਕਿ ਇਹ ਅੱਤਵਾਦੀ ਬਾਹਰੋਂ ਨਹੀਂ ਆ ਰਹੇ ਬਲਕਿ ਸਾਡੇ ਵਿਚਕਾਰ ਹੀ ਰਹਿਣ ਵਾਲੇ ਲੋਕ ਹਨ। ਉਹ ਅੱਤਵਾਦੀ ਸਫ਼ਾਂ ਵਿਚ ਸ਼ਾਮਲ ਹੋ ਰਹੇ ਹਨ। ਪਿਛਲੇ ਪੰਦਰਾਂ ਦਿਨਾਂ ਵਿਚ ਦਰਜਨਾਂ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜਿਨ੍ਹਾਂ ਵਿਚ ਵੱਡੀ ਗਿਣਤੀ ਇਕ ਧਰਮ ਵਿਸ਼ੇਸ਼ ਨਾਲ ਸਬੰਧਤ ਡਾਕਟਰਾਂ ਦੀ ਹੈ। ਇਹ ਬਹੁਤ ਹੀ ਚਿੰਤਾਜਨਕ ਹੈ ਕਿ ਜਿਨ੍ਹਾਂ ਨੂੰ ਸਮਾਜ ਭਗਵਾਨ ਦੇ ਰੂਪ ਵਿਚ ਦੇਖਦਾ ਹੈ, ਉਹੀ ਇਨ੍ਹਾਂ ਭਿਆਨਕ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ।

ਅਜਿਹੇ ਮਾਮਲਿਆਂ ਨਾਲ ਲੋਕਾਂ ਵਿਚ ਡਰ ਪੈਦਾ ਹੋ ਜਾਂਦਾ ਹੈ ਕਿ ਅਜਿਹੀ ਮਾਨਸਿਕਤਾ ਵਾਲੇ ਡਾਕਟਰ ਇਲਾਜ ਦੇ ਬਜਾਏ ਕੋਈ ਨੁਕਸਾਨ ਨਾ ਕਰ ਦੇਣ। ਗੁਜਰਾਤ ਵਿਚ ਵੀ ਤਿੰਨ ਡਾਕਟਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਜੋ ਰਾਈਸਿਨ ਵਰਗੇ ਜਾਨਲੇਵਾ ਰਸਾਇਣ ਬਣਾ ਕੇ ਹਜ਼ਾਰਾਂ ਲੋਕਾਂ ਨੂੰ ਜਾਨੋਂ ਮਾਰਨ ਦੀ ਯੋਜਨਾ ਬਣਾ ਰਹੇ ਸਨ। ਰਾਈਸਿਨ ਵਰਗਾ ਜ਼ਹਿਰੀਲਾ ਪਦਾਰਥ ਹਵਾ 'ਚ ਫੈਲ ਕੇ ਭਿਆਨਕ ਤਬਾਹੀ ਮਚਾ ਸਕਦਾ ਹੈ। ਇਸ ਗੱਲ ਨਾਲ ਇਕ ਡਰ ਪੈਦਾ ਹੁੰਦਾ ਹੈ-ਕੀ ਉਹ ਭੋਪਾਲ ਗੈਸ ਤ੍ਰਾਸਦੀ ਵਰਗੀ ਕਿਸੇ ਘਟਨਾ ਦੀ ਸਾਜ਼ਿਸ਼ ਤਾਂ ਨਹੀਂ ਘੜ ਰਹੇ ਸਨ?

# ਅੱਤਵਾਦ ਦਾ ਨਵਾਂ ਰੂਪ

ਆਖ਼ਰ ਇਹ ਸ਼ੱਕ ਸੱਚ ਸਾਬਤ ਹੋਇਆ ਕਿ ਦਿੱਲੀ ’ਚ ਲਾਲ ਕਿਲ੍ਹੇ ਦੇ ਨੇੜੇ 10 ਲੋਕਾਂ ਦੀ ਜਾਨ ਲੈਣ ਵਾਲਾ ਕਾਰ ਧਮਾਕਾ ਅੱਤਵਾਦੀ ਘਟਨਾ ਹੋ ਸਕਦਾ ਹੈ। ਧਮਾਕਾਖੇਜ਼ ਸਮੱਗਰੀ ਨਾਲ ਲੈਸ ਕਾਰ ਦਾ ਚਾਲਕ ਡਾਕਟਰ ਉਮਰ ਮੁਹੰਮਦ ਉਨ੍ਹਾਂ ਸ਼ੱਕੀ ਅੱਤਵਾਦੀਆਂ ਦਾ ਸਾਥੀ ਨਿਕਲਿਆ, ਜਿਨ੍ਹਾਂ ਦੇ ਟਿਕਾਣਿਆਂ ਤੋਂ ਲਗਪਗ ਤਿੰਨ ਹਜ਼ਾਰ ਕਿੱਲੋ ਧਮਾਕਾਖੇਜ਼ ਸਮੱਗਰੀ ਤੇ ਘਾਤਕ ਹਥਿਆਰ ਬਰਾਮਦ ਕੀਤੇ ਗਏ ਸਨ।

ਅੱਤਵਾਦੀ ਦਿੱਲੀ ’ਚ ਜਿਸ ਤਰ੍ਹਾਂ 14 ਸਾਲਾਂ ਬਾਅਦ ਇਕ ਵੱਡੀ ਘਟਨਾ ਨੂੰ ਅੰਜਾਮ ਦੇਣ ’ਚ ਸਫ਼ਲ ਹੋ ਗਏ, ਉਸ ਨੇ ਮੋਦੀ ਸਰਕਾਰ ਦੇ ਨਾਲ ਪੁਲਿਸ, ਖ਼ੁਫ਼ੀਆ ਸੰਗਠਨਾਂ ਅਤੇ ਅੱਤਵਾਦ ਰੋਕੂ ਏਜੰਸੀਆਂ ਦੀ ਚੁਣੌਤੀ ਵਧਾ ਦਿੱਤੀ ਹੈ। ਸੁਰੱਖਿਆ ਏਜੰਸੀਆਂ ਅੱਤਵਾਦੀਆਂ ਤੇ ਉਨ੍ਹਾਂ ਦੇ ਟਿਕਾਣਿਆਂ ਤੱਕ ਤਾਂ ਪੁੱਜ ਗਈਆਂ, ਪਰ ਉਹ ਉਨ੍ਹਾਂ ਦੇ ਪੂਰੇ ਨੈਟਵਰਕ ਨੂੰ ਨਾਕਾਮ ਨਹੀਂ ਕਰ ਸਕੀਆਂ। ਕੇਂਦਰ ਸਰਕਾਰ ਦੇ ਸਖ਼ਤ ਰੁਖ਼ ਨੂੰ ਦੇਖਦੇ ਹੋਏ ਇਸ ’ਤੇ ਭਰੋਸਾ ਕੀਤਾ ਜਾ ਸਕਦਾ ਹੈ ਕਿ ਸੁਰੱਖਿਆ ਏਜੰਸੀਆਂ ਆਖ਼ਰ ਇਸ ਪੂਰੇ



ਅੱਤਵਾਦੀ ਨੈਟਵਰਕ ਨੂੰ ਤਬਾਹ ਕਰਨ ’ਚ ਸਮਰੱਥ ਹੋਣਗੀਆਂ, ਪਰ ਸਮੱਸਿਆ ਸਿਰਫ਼ ਇਕ ਅੱਤਵਾਦੀ ਨੈਟਵਰਕ ਦੀ ਨਹੀਂ ਹੈ। ਪਿਛਲੇ ਦਿਨੀਂ ਕਈ ਅਜਿਹੇ ਅੱਤਵਾਦੀ ਨੈਟਵਰਕ ਫੜੇ ਗਏ ਹਨ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ’ਚ ਸਰਗਰਮ ਹੋ ਕੇ ਅੱਤਵਾਦ ਦੀ ਸਾਜ਼ਿਸ਼ ਰਚ ਰਹੇ ਸਨ। ਸਪੱਸ਼ਟ ਹੈ ਕਿ ਸੁਰੱਖਿਆ ਏਜੰਸੀਆਂ ਤੇ ਵਿਸ਼ੇਸ਼ ਰੂਪ ਨਾਲ ਅੱਤਵਾਦ ਰੋਕੂ ਏਜੰਸੀਆਂ ਨੂੰ ਹੋਰ ਵੱਧ ਚੌਕਸ ਹੋਣਾ ਪਵੇਗਾ ਤੇ ਆਪਸੀ ਸਹਿਯੋਗ ਵੀ ਦਿਖਾਉਣਾ ਪਵੇਗਾ।

ਕਸ਼ਮੀਰ ਦੇ ਅੱਤਵਾਦੀਆਂ ਨੇ ਜਿਸ ਤਰ੍ਹਾਂ ਫ਼ਰੀਦਾਬਾਦ ’ਚ ਟਿਕਾਣਾ ਬਣਾ ਲਿਆ, ਉਸ ਨੂੰ ਦੇਖਦੇ ਹੋਏ ਇਹ ਸਾਫ਼ ਹੈ ਕਿ ਉਹ ਦੇਸ਼ ’ਚ ਕਿਤੇ ਵੀ ਤੇ ਕਿਸੇ ਵੀ ਰੂਪ ’ਚ ਲੁਕੇ ਹੋ ਸਕਦੇ ਹਨ। ਦਿੱਲੀ ਨੂੰ ਦਹਿਲਾਉਣ ਵਾਲੀ ਘਟਨਾ ਲਈ ਜਿਨ੍ਹਾਂ ਅੱਤਵਾਦੀਆਂ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ, ਉਨ੍ਹਾਂ ਦੇ ਤਾਰ ਜਿਸ ਤਰ੍ਹਾਂ ਪਾਕਿਸਤਾਨ ਨਾਲ ਜੁੜ ਰਹੇ ਹਨ, ਉਸ ’ਤੇ ਹੈਰਾਨੀ ਨਹੀਂ। ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਅੱਤਵਾਦ ਖ਼ਿਲਾਫ਼ ਨਵੀਂ ਨੀਤੀ ਦੇ ਤਹਿਤ ਕੀ ਪਾਕਿਸਤਾਨ ਖ਼ਿਲਾਫ਼ ਨਵੇਂ ਸਿਰੇ ਤੋਂ ਕੋਈ ਸਖ਼ਤ ਕਾਰਵਾਈ ਕੀਤੀ ਜਾਵੇਗੀ?

ਇਹ ਸਵਾਲ ਇਸ ਲਈ ਵੀ, ਕਿਉਂਕਿ ਆਪ੍ਰੇਸ਼ਨ ਸਿੰਧੂਰ ਅਜੇ ਜਾਰੀ ਹੈ। ਬਿਨਾਂ ਸ਼ੱਕ ਚੁਣੌਤੀ ਸਿਰਫ਼ ਪਾਕਿਸਤਾਨ ਨੂੰ ਸਬਕ ਸਿਖਾਉਣ ਦੀ ਹੀ ਨਹੀਂ, ਇਸ ਦੀ ਵੀ ਹੈ ਕਿ ਉਸ ਦੇ ਉਕਸਾਵੇ ’ਚ ਆ ਕੇ ਕਸ਼ਮੀਰ ਤੋਂ ਲੈ ਕੇ ਕੇਰਲ ਤੱਕ ਅੱਤਵਾਦ ਦੇ ਰਾਹ ’ਤੇ ਚੱਲਣ ਵਾਲਿਆਂ ’ਤੇ ਕਿਵੇਂ ਲਗਾਮ ਲੱਗੇ। ਇਹ ਚੁਣੌਤੀ ਸਿਰਫ਼ ਸਰਕਾਰ ਦੇ ਸਾਹਮਣੇ ਹੀ ਨਹੀਂ, ਸਮਾਜ ਤੇ ਵਿਸ਼ੇਸ਼ ਰੂਪ ਨਾਲ ਮੁਸਲਿਮ ਸਮਾਜ ਦੇ ਸਾਹਮਣੇ ਵੀ ਹੈ।

ਇਹ ਵੱਡੇ ਸੰਕਟ ਦਾ ਸੂਚਕ ਹੈ ਕਿ ਡਾਕਟਰੀ ਦੀ ਪੜ੍ਹਾਈ ਕਰਨ ਵਾਲੇ ਵੀ ਅੱਤਵਾਦੀ ਬਣਨਾ ਪਸੰਦ ਕਰ ਰਹੇ ਹਨ। ਇਸ ਨਾਲ ਅੱਤਵਾਦ ਇਕ ਨਵੇਂ ਰੂਪ ’ਚ ਉੱਭਰ ਰਿਹਾ ਹੈ ਤੇ ਇਹ ਦੱਸ ਰਿਹਾ ਹੈ ਕਿ ਮਜ਼ਹਬੀ ਫ਼ਸਾਦ ਬਹੁਤ ਵੱਡੇ ਪੱਧਰ ’ਤੇ ਫੈਲ ਗਿਆ ਹੈ। ਇਸ ਗੰਭੀਰ ਸਮੱਸਿਆ ਦਾ ਸਾਹਮਣਾ ਤਦ ਸੰਭਵ ਹੈ, ਜਦ ਸਰਕਾਰੀ ਤੰਤਰ ਦੇ ਨਾਲ ਮੁਸਲਿਮ ਸਮਾਜ ਦੀ ਸਿਆਸੀ, ਧਾਰਮਿਕ ਲੀਡਰਸ਼ਿਪ ਇਹ ਦੇਖਣ ਨੂੰ ਤਿਆਰ ਹੋਵੇਗੀ ਕਿ ਉਸ ਦੇ ਪੜ੍ਹੇ-ਲਿਖੇ ਨੌਜਵਾਨ ਵੀ ਅੱਤਵਾਦ ਦਾ ਪਾਠ ਕਿਉਂ ਪੜ੍ਹ ਰਹੇ ਹਨ? ਬਿਨਾਂ ਸ਼ੱਕ ਉਹ ਅਜਿਹਾ ਤਦ ਹੀ ਕਰ ਸਕੇਗੀ, ਜਦ ਅੱਤਵਾਦ ’ਤੇ ਸਿਆਸੀ ਰੋਟੀਆਂ ਸੇਕਣ ਵਾਲਿਆਂ ਦੇ ਬਹਿਕਾਵੇ ’ਚ ਨਹੀਂ ਆਏਗੀ। ਇਹ ਕਿਸੇ ਤੋਂ ਲੁਕਿਆ ਨਹੀਂ ਕਿ ਆਪਣੇ ਦੇਸ਼ ’ਚ ਅੱਤਵਾਦ ’ਤੇ ਕਿਹੋ ਜਿਹੀ ਸਸਤੀ ਸਿਆਸਤ ਕੀਤੀ ਜਾਂਦੀ ਹੈ।

# ਮੱਝ ਦੀ ਮੌਤ ਤੋਂ ਬਾਅਦ ਰੇਬੀਜ਼ ਦਾ ਟੀਕਾ ਕਿਉਂ ਲਗਵਾਉਣ ਕਿਉਂ ਭੱਜੇ ਲੋਕ

ਹਾਲ ਹੀ ਵਿੱਚ ਗੁਜਰਾਤ ਦੇ ਭਰੂਚ ਦੇ ਅਮੋਦ ਤਾਲੁਕਾ ਦੇ ਕੋਬਲਾ ਪਿੰਡ ਵਿੱਚ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਵਿੱਚ ਇਹ ਗੱਲ ਸਾਹਮਣੇ ਆਈ ਕਿ ਪਿੰਡ ਵਾਸੀ ਲੰਘੀ 8 ਨਵੰਬਰ ਨੂੰ ਇੱਕ ਮੱਝ ਦਾ ਦੁੱਧ ਪੀਣ ਤੋਂ ਬਾਅਦ ਟੀਕਾ ਲਗਵਾਉਣ ਲਈ ਭੱਜੇ। ਕਹਾਣੀ ਇਹ ਹੈ ਕਿ ਲਗਭਗ ਇੱਕ ਸਾਲ ਪਹਿਲਾਂ ਪਿੰਡ ਵਿੱਚ ਇੱਕ ਪਾਲਤੂ ਮੱਝ ਨੂੰ ਇੱਕ ਪਾਗ਼ਲ ਕੁੱਤੇ ਨੇ ਕੱਟ ਲਿਆ ਸੀ। ਇਸ ਤੋਂ ਬਾਅਦ ਜਦੋਂ ਮੱਝ ਵਿੱਚ ਰੇਬੀਜ਼ ਦੇ ਲੱਛਣ ਦਿਖਾਈ ਦਿੱਤੇ ਤਾਂ ਮੱਝ ਦਾ ਦੁੱਧ ਪੀਣ ਵਾਲੇ ਪਿੰਡ ਵਾਸੀਆਂ ਨੇ ਰੇਬੀਜ਼ ਦਾ ਟੀਕਾ ਲਗਵਾ ਲਿਆ।

ਇਸ ਬਾਰੇ ਪਤਾ ਲੱਗਣ 'ਤੇ ਮੱਝ ਦੇ ਮਾਲਕ ਅਤੇ ਉਸ ਦੇ ਪਰਿਵਾਰ ਨੇ ਅਮੋਦ ਕਮਿਊਨਿਟੀ ਹੈਲਥ ਸੈਂਟਰ ਵਿਖੇ ਰੇਬੀਜ਼ ਦਾ ਟੀਕਾ ਲਗਵਾਇਆ ਅਤੇ ਬਾਅਦ ਵਿੱਚ ਦੁੱਧ ਪੀਣ ਵਾਲਿਆਂ ਦੇ ਨਾਲ-ਨਾਲ ਮੱਝ ਦੇ ਦੁੱਧ ਤੋਂ ਬਣੀ ਬਓਲੀ (ਬੱਚੇ ਲਈ ਪਹਿਲੇ ਦੁੱਧ ਤੋਂ ਬਣਿਆ ਪਕਵਾਨ) ਖਾਣ ਵਾਲਿਆਂ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ, ਉਪਭੋਗਤਾਵਾਂ ਵਿੱਚ ਡਰ ਫੈਲ੍ਹ ਗਿਆ ਕਿ ਉਨ੍ਹਾਂ ਨੇ ਪਾਗ਼ਲ ਮੱਝ ਦਾ ਦੁੱਧ ਪੀਤਾ ਹੈ, ਲੋਕ ਡਾਕਟਰਾਂ ਦੀ





ਸਲਾਹ ਅਨੁਸਾਰ ਟੀਕਾ ਲਗਵਾਉਣ ਲਈ ਅਮੋਦ ਕਮਿਊਨਿਟੀ ਹੈਲਥ ਸੈਂਟਰ ਵਿਖੇ ਲਾਈਨਾਂ ਵਿੱਚ ਖੜ੍ਹੇ ਹੋ ਗਏ। ਇਸ ਮਾਮਲੇ ਵਿੱਚ ਹੁਣ ਤੱਕ 39 ਲੋਕਾਂ ਨੂੰ ਰੇਬੀਜ਼ ਦੇ ਵਿਰੁੱਧ ਟੀਕਾ ਲਗਾਇਆ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਰੇਬੀਜ਼ ਇੱਕ ਖ਼ਤਰਨਾਕ ਵਾਇਰਸ ਹੈ ਜੋ ਜਾਨਵਰ ਦੇ ਕੱਟਣ ਜਾਂ ਮਨੁੱਖੀ ਸਰੀਰ ਵਿੱਚ ਇਸ ਦੀ ਲਾਰ ਦੇ ਦਾਖ਼ਲ ਹੋਣ ਨਾਲ ਫੈਲਦਾ ਹੈ। ਇਹ ਬਿਮਾਰੀ ਮਨੁੱਖੀ ਦਿਮਾਗ਼ੀ ਪ੍ਰਣਾਲੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਜੇਕਰ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਇਹ ਲਗਭਗ 100% ਘਾਤਕ ਹੁੰਦੀ ਹੈ।

ਇਸ ਮਾਮਲੇ ਵਿੱਚ ਸਿਹਤ ਵਿਭਾਗ ਨੇ ਕੋਬਲਾ ਪਿੰਡ ਦੇ ਹੋਰ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਜਲਦੀ ਤੋਂ ਜਲਦੀ ਐਂਟੀ-ਰੇਬੀਜ਼ ਟੀਕਾ ਲਗਵਾਉਣ। ਕਮਿਊਨਿਟੀ ਹੈਲਥ ਸੈਂਟਰ ਦੇ ਡਾਕਟਰਾਂ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਪਿੰਡ ਵਾਸੀਆਂ ਨੂੰ ਰੇਬੀਜ਼ ਟੀਕੇ ਦੀ ਬੂਸਟਰ ਖ਼ੁਰਾਕ ਦਿੱਤੀ ਗਈ ਹੈ।

**ਪਿੰਡ ਵਾਸੀਆਂ ਨੇ ਇਸ ਘਟਨਾ ਬਾਰੇ ਕੀ ਕਿਹਾ?**

ਇਸ ਘਟਨਾ ਵਿੱਚ ਮੱਝ ਦੇ ਮਾਲਕ ਸਮੇਤ ਕੁਝ ਪਿੰਡ ਵਾਸੀਆਂ ਨੇ ਪਾਗ਼ਲ ਸਮਝੀ ਜਾ ਰਹੀ ਮੱਝ ਦੇ ਕੱਚੇ ਦੁੱਧ ਪਕਵਾਨ ਖਾਧਾ ਸੀ। ਰੇਬੀਜ਼ ਦੇ ਲੱਛਣ ਦਿਖਾਉਣ ਤੋਂ ਤਿੰਨ ਦਿਨ ਬਾਅਦ ਮੱਝ ਦੀ ਮੌਤ ਹੋ ਗਈ। ਇੱਕ ਪਸ਼ੂ ਡਾਕਟਰ ਦੁਆਰਾ ਮੱਝ ਨੂੰ ਰੇਬੀਜ਼ ਹੋਣ ਦੀ ਰਿਪੋਰਟ ਦੇਣ ਤੋਂ ਬਾਅਦ ਮੱਝ ਦੇ ਦੁੱਧ ਦੇ ਸਥਾਨਕ ਉਪਭੋਗਤਾਵਾਂ ਵਿੱਚ ਡਰ ਅਤੇ ਚਿੰਤਾ ਫੈਲ ਗਈ।

ਕੋਬਲਾ ਪਿੰਡ ਦੇ ਸਰਪੰਚ ਰਾਜੂ ਭਰਵਾਡ ਦੱਸਦੇ ਹਨ, "ਪਿੰਡ ਦੀ ਆਬਾਦੀ 500 ਹੈ। ਕੁਝ ਪਿੰਡ ਵਾਸੀਆਂ ਨੇ ਮੱਝ ਦਾ ਦੁੱਧ ਪੀਤਾ। ਉਨ੍ਹਾਂ ਨੂੰ ਫਿਰ ਅਹਿਸਾਸ ਹੋਇਆ ਕਿ ਮੱਝ ਨੂੰ ਰੇਬੀਜ਼ ਹੈ, ਇਸ ਲਈ ਉਨ੍ਹਾਂ ਨੂੰ ਪਿੰਡ ਵਾਸੀਆਂ ਨੂੰ ਟੀਕਾ ਲਗਵਾਉਣਾ ਪਿਆ। ਪਿੰਡ ਵਾਸੀ ਇਸ ਫਿਲਹਾਲ ਠੀਕ ਹਨ ਅਤੇ ਅਜੇ ਤੱਕ ਬਿਮਾਰੀ ਦੇ ਕੋਈ ਲੱਛਣ ਨਹੀਂ ਦੇਖੇ ਗਏ ਹਨ।" ਪਿੰਡ ਵਾਸੀ ਵਿਜੇ ਠਾਕੋਰ ਨੇ ਬੀਬੀਸੀ ਗੁਜਰਾਤੀ ਨੂੰ ਦੱਸਿਆ, "ਉਸ ਸਮੇਂ ਪਿੰਡ ਵਿੱਚ ਇੱਕ ਗ੍ਰਾਮ ਸਭਾ ਦਾ ਆਯੋਜਨ ਕੀਤਾ ਗਿਆ ਸੀ, ਜਿਸ ਦੌਰਾਨ ਲੋਕਾਂ ਨੇ ਇਸ ਮੱਝ ਦੇ ਦੁੱਧ ਤੋਂ ਬਣੀ ਚਾਹ ਵੀ ਪੀਤੀ ਸੀ। ਹੁਣ, ਮੱਝ ਦੀ ਲਾਸ਼ ਨੂੰ ਜੇਸੀਬੀ ਨਾਲ ਟੋਆ ਪੁੱਟ ਕੇ ਦੱਬ ਦਿੱਤਾ ਗਿਆ ਹੈ।"

**‘ਪਾਗ਼ਲ’ ਮੱਝ ਵਿੱਚ ਕਿਹੜੇ ਲੱਛਣ ਦੇਖੇ ਗਏ?**

ਮੱਝ ਦੇ ਮਾਲਕ ਪ੍ਰਵੀਨ ਸਿੰਘ ਫਤਿਹ ਸਿੰਘ ਰਾਜ ਨੇ ਕਿਹਾ, "ਮੱਝ ਤਿੰਨ ਸਾਲ ਦੀ ਸੀ ਅਤੇ ਇੱਕ ਸਾਲ ਪਹਿਲਾਂ ਇੱਕ ਕੁੱਤੇ ਨੇ ਉਸ ਨੂੰ ਵੱਢ ਲਿਆ ਸੀ। ਮੇਰੀ ਮੱਝ ਨੇ ਇੱਕ ਮਹੀਨਾ ਪਹਿਲਾਂ ਇੱਕ ਕੱਟੇ ਨੂੰ ਜਨਮ ਦਿੱਤਾ ਸੀ।" "ਹਾਲਾਂਕਿ, ਇੱਕ ਮਹੀਨੇ ਬਾਅਦ ਮੱਝ ਹਮਲਾਵਰ ਹੋ ਗਈ ਅਤੇ ਸਾਨੂੰ ਮਾਰਨ ਆਈ, ਇਸ ਲਈ ਸਾਨੂੰ ਇਸਨੂੰ ਇੱਕ ਖੰਭੇ ਨਾਲ ਬੰਨ੍ਹਣਾ ਪਿਆ। ਉਸ ਸਮੇਂ ਮੱਝ ਵਿੱਚ ਰੇਬੀਜ਼ ਦੇ ਲੱਛਣ ਦਿਖਾਈ ਦੇ ਰਹੇ ਸਨ। ਇਸ ਤੋਂ ਇਲਾਵਾ, ਉਸ ਕੋਲੋਂ ਦੁੱਧ ਵੀ ਨਹੀਂ ਪਿਆਇਆ ਜਾ ਰਿਹਾ ਸੀ ਅਤੇ ਉਸ ਦਾ ਕੱਟਾ ਦੁੱਧ ਨਹੀਂ ਪੀ ਰਿਹਾ ਸੀ।"

ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਨ੍ਹਾਂ ਨੂੰ ਸ਼ੱਕ ਹੋਇਆ, ਤਾਂ ਉਨ੍ਹਾਂ ਨੇ ਇੱਕ ਸਥਾਨਕ ਪਸ਼ੂਆਂ ਦੇ ਡਾਕਟਰ ਨੂੰ ਬੁਲਾਇਆ। ਉਨ੍ਹਾਂ ਨੇ ਮੱਝ ਦੀ ਜਾਂਚ ਕੀਤੀ ਅਤੇ ਉਸ ਨੂੰ ਰੇਬੀਜ਼-ਪਾਜ਼ੇਟਿਵ ਐਲਾਨ ਦਿੱਤਾ। ਬਾਅਦ ਵਿੱਚ ਕੱਟੇ ਦਾ ਟੀਕਾਕਰਨ ਕੀਤਾ ਗਿਆ। ਡਾਕਟਰ ਨੇ ਪਰਿਵਾਰਕ ਮੈਂਬਰਾਂ ਨੂੰ ਟੀਕਾ ਲਗਵਾਉਣ ਦੀ ਸਲਾਹ ਵੀ ਦਿੱਤੀ। ਕੱਟਾ ਇਸ ਸਮੇਂ ਸਿਹਤਮੰਦ ਹੈ। ਮੱਝ ਦਾ ਇਲਾਜ ਕਰਨ ਆਏ ਰਾ  ਜੀਭਾਈ ਚੁਨਾਰਾ ਨੇ ਮੱਝ ਦੇ ਲੱਛਣਾਂ ਬਾਰੇ ਬੀਬੀਸੀ ਗੁਜਰਾਤੀ ਨੂੰ ਦੱਸਿਆ, "ਇਹ ਮੱਝ ਨਾ ਸਿਰਫ਼ ਲੋਕਾਂ ਨੂੰ ਮਾਰ ਰਹੀ ਸੀ, ਸਗੋਂ ਬਹੁਤ ਜ਼ਿਆਦਾ ਪਿਸ਼ਾਬ ਵੀ ਕਰ ਰਹੀ ਸੀ ਅਤੇ ਬੈਠਣ ਦੀ ਬਜਾਏ ਲਗਾਤਾਰ ਇਧਰ-ਉਧਰ ਟਹਿਲ ਰਹੀ ਸੀ। ਇਸ ਤੋਂ ਬਾਅਦ, ਇਹ 7 ਦਿਨਾਂ ਦੇ ਅੰਦਰ-ਅੰਦਰ ਮਰ ਗਈ।"

**ਪਿੰਡ ਦੇ 39 ਲੋਕਾਂ ਨੇ ਟੀਕਾ ਲਗਵਾਇਆ**

ਭਰੂਚ ਦੀ ਵਧੀਕ ਜ਼ਿਲ੍ਹਾ ਸਿਹਤ ਅਧਿਕਾਰੀ ਡਾ. ਮੁਨੀਰਾ ਸ਼ੁਕਲਾ ਨੇ ਇਸ ਮਾਮਲੇ ਵਿੱਚ ਦਿੱਤੇ ਗਏ ਇਲਾਜ ਦਾ ਵੇਰਵਾ ਦਿੰਦੇ ਹੋਏ ਕਿਹਾ, "ਪਿੰਡ ਵਾਸੀਆਂ ਨੂੰ ਰੇਬੀਜ਼ ਵਿਰੋਧੀ ਟੀਕਾ (ਏਆਰਵੀ) ਲਗਾਇਆ ਗਿਆ ਹੈ। ਅਜੇ ਤੱਕ ਕਿਸੇ ਵਿੱਚ ਵੀ ਕੋਈ ਲੱਛਣ ਨਹੀਂ ਦਿਖਾਈ ਦਿੱਤੇ, ਪਰ ਇਸ ਪਿੰਡ ਲਈ "ਉਡੀਕ ਕਰੋ ਅਤੇ ਦੇਖੋ" ਦੀ ਨੀਤੀ ਅਪਣਾਈ ਗਈ ਹੈ। ਪਿੰਡ ਦੇ ਕੁੱਲ 39 ਲੋਕਾਂ ਨੂੰ ਟੀਕਾ ਲਗਾਇਆ ਗਿਆ ਹੈ।" ਕੋਬਲਾ ਪਿੰਡ ਦੀ ਮੈਡੀਕਲ ਅਫ਼ਸਰ ਡਾ. ਮਾਨਸੀ ਰਾਠੀ ਨੇ ਕਿਹਾ, "ਮੱਝਾਂ ਵਿੱਚ ਰੇਬੀਜ਼ ਦਾ ਇਲਾਜ ਗ੍ਰੇਡ ਦੇ ਆਧਾਰ 'ਤੇ ਕੀਤਾ ਜਾਂਦਾ ਹੈ, ਪਰ ਇਸ ਮਾਮਲੇ ਵਿੱਚ ਸਾਡੀ ਤਰਜੀਹ ਮੱਝ ਦੇ ਸੰਪਰਕ ਵਿੱਚ ਆਉਣ ਵਾਲੇ ਹਰ ਵਿਅਕਤੀ ਨੂੰ ਟੀਕੇ ਦੀ ਬੂਸਟਰ ਖ਼ੁਰਾਕ ਦੇਣਾ ਹੈ, ਬਿਨਾਂ ਕੋਈ ਜੋਖ਼ਮ ਲਏ। ਇਸ ਟੀਕੇ ਦਾ ਕੋਈ ਮਾੜਾ ਪ੍ਰਭਾਵ ਨਹੀਂ ਹੈ।"

ਵਿਸ਼ਵ ਸਿਹਤ ਸੰਗਠਨ (ਡਬਲਯੂਐੱਚ  ) ਦੀ ਵੈੱਬਸਾਈਟ 'ਤੇ ਪ੍ਰਕਾਸ਼ਿਤ ਰੇਬੀਜ਼ ਬਾਰੇ ਜਾਣਕਾਰੀ ਦੇ ਅਨੁਸਾਰ, "ਰੇਬੀਜ਼ 150 ਤੋਂ ਵੱਧ ਦੇਸ਼ਾਂ ਵਿੱਚ ਮੁੱਖ ਤੌਰ 'ਤੇ ਏਸ਼ੀਆ ਅਤੇ ਅਫਰੀਕਾ ਵਿੱਚ ਇੱਕ ਗੰਭੀਰ ਜਨਤਕ ਸਿਹਤ ਸਮੱਸਿਆ ਹੈ। ਇਹ ਬਿਮਾਰੀ ਹਰ ਸਾਲ ਹਜ਼ਾਰਾਂ ਮੌਤਾਂ ਦਾ ਕਾਰਨ ਬਣਦੀ ਹੈ, ਜਿਨ੍ਹਾਂ ਵਿੱਚੋਂ 40% 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਹੁੰਦੀ ਹੈ।" ਮਨੁੱਖਾਂ ਵਿੱਚ ਰੇਬੀਜ਼ ਦੇ 99% ਮਾਮਲੇ ਕੁੱਤੇ ਦੇ ਕੱਟਣ ਅਤੇ ਖ਼ੁਰੋਚ ਕਾਰਨ ਹੁੰਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, "ਰੇਬੀਜ਼ 100% ਮਾਮਲਿਆਂ ਵਿੱਚ ਘਾਤਕ ਹੁੰਦੀ ਹੈ ਜਦੋਂ ਵਾਇਰਸ ਕਲੀਨਿਕਲ ਲੱਛਣਾਂ ਦੇ ਪ੍ਰਗਟ ਹੋਣ ਤੋਂ ਪਹਿਲਾਂ ਕੇਂਦਰੀ ਨਸ ਪ੍ਰਣਾਲੀ (ਦਿਮਾਗ਼ ਅਤੇ ਰੀੜ੍ਹ ਦੀ ਹੱਡੀ) ਨੂੰ ਸੰਕਰਮਿਤ ਕਰਦਾ ਹੈ। ਹਾਲਾਂਕਿ, ਰੇਬੀਜ਼ ਤੋਂ ਹੋਣ ਵਾਲੀਆਂ ਮੌਤਾਂ ਨੂੰ ਤੁਰੰਤ ਪੋਸਟ-ਐਕਸਪੋਜ਼ਰ ਪ੍ਰੋਫਾਈਲੈਕਸਿਸ (ਪੀਈਪੀ) ਇਲਾਜ ਦੁਆਰਾ ਰੋਕਿਆ ਜਾ ਸਕਦਾ ਹੈ, ਜੋ ਵਾਇਰਸ ਨੂੰ ਕੇਂਦਰੀ ਨਸ ਪ੍ਰਣਾਲੀ ਤੱਕ ਪਹੁੰਚਣ ਤੋਂ ਰੋਕਦਾ ਹੈ।"

ਗਾਂਧੀਨਗਰ ਵਿੱਚ ਇੰਦਰੋਡਾ ਨੇਚਰ ਪਾਰਕ-ਗਿਰ ਫਾਊਂਡੇਸ਼ਨ ਦੇ ਵੈਟਰਨਰੀ ਅਫਸਰ ਡਾ. ਅਨਿਕੇਤ ਪਟੇਲ ਨੇ ਦੱਸਿਆ, "ਰੇਬੀਜ਼ ਮੁੱਖ ਤੌਰ 'ਤੇ ਕੁੱਤਿਆਂ ਵਿੱਚ ਪਾਇਆ ਜਾਂਦਾ ਹੈ। ਇਹ ਵਾਇਰਸ ਸੰਕਰਮਿਤ ਜਾਨਵਰ ਦੇ ਲਾਰ ਵਿੱਚ ਮੌਜੂਦ ਹੁੰਦਾ ਹੈ।" "ਜਦੋਂ ਇਹ ਲਾਰ ਕਿਸੇ ਮਨੁੱਖ ਜਾਂ ਹੋਰ ਜਾਨਵਰ ਦੇ ਖ਼ੂਨ ਦੇ ਸਿੱਧੇ ਸੰਪਰਕ ਵਿੱਚ ਆਉਂਦੀ ਹੈ, ਤਾਂ ਵਾਇਰਸ ਸਰੀਰ ਵਿੱਚ ਦਾਖ਼ਲ ਹੁੰਦਾ ਹੈ।" "ਵਾਇਰਸ ਵੱਖ-ਵੱਖ ਟਿਸ਼ੂਆਂ ਰਾਹੀਂ ਯਾਤਰਾ ਕਰਦਾ ਹੈ ਅਤੇ ਨਸਾਂ ਦੇ ਰੇਸ਼ਿਆਂ ਰਾਹੀਂ ਕੇਂਦਰੀ ਦਿਮਾਗ਼ੀ ਪ੍ਰਣਾਲੀ ਤੱਕ ਪਹੁੰਚਦਾ ਹੈ। ਇਹ ਸਮਾਂ ਕੁਝ ਹਫ਼ਤਿਆਂ ਤੋਂ ਦੋ ਸਾਲਾਂ ਤੱਕ ਹੋ ਸਕਦਾ ਹੈ, ਜਿਸ ਨੂੰ ਇਨਕਿਊਬੇਸ਼ਨ ਪੀਰੀਅਡ ਕਿਹਾ ਜਾਂਦਾ ਹੈ।"

"ਹਾਲਾਂਕਿ ਕਿਸੇ ਸੰਕਰਮਿਤ ਜਾਨਵਰ ਦਾ ਦੁੱਧ ਪੀਣ ਨਾਲ ਬਿਮਾਰੀ ਲੱਗਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ, ਪਰ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।" ਡਾ। ਅਨਿਕੇਤ ਪਟੇਲ ਅੱਗੇ ਕਹਿੰਦੇ ਹਨ, "ਕਿਸੇ ਵੀ ਹਾਲਤ ਵਿੱਚ, ਅਸੀਂ ਡਬਲਯੂਐੱਚਓ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਗੇ ਵਧਦੇ ਹਾਂ। ਸਰਕਾਰ ਮੁਫ਼ਤ ਟੀਕੇ ਪ੍ਰਦਾਨ ਕਰਦੀ ਹੈ, ਜੋ ਕਿ ਸਾਰੇ ਸ਼ਹਿਰੀ, ਪ੍ਰਾਇਮਰੀ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਦੇ ਨਾਲ-ਨਾਲ ਸਿਵਲ ਹਸਪਤਾਲਾਂ ਵਿੱਚ ਉਪਲਬਧ ਹਨ।"

"ਭਾਵੇਂ ਕਿਸੇ ਵਿਅਕਤੀ ਨੂੰ ਰੇਬੀਜ਼ ਹੋਣ ਦੀ ਸੰਭਾਵਨਾ 1% ਤੋਂ ਘੱਟ ਹੋਵੇ (ਜਿਸ ਨੂੰ ਡਾਕਟਰੀ ਸ਼ਬਦਾਂ ਵਿੱਚ ਉਸ ਵਿਅਕਤੀ ਨਾਲ ਸੰਪਰਕ ਕਿਹਾ ਜਾਂਦਾ ਹੈ), ਅਸੀਂ ਫਿਰ ਵੀ ਉਸ ਵਿਅਕਤੀ ਨੂੰ ਟੀਕਾਕਰਨ ਕਰਵਾਉਣ ਦਾ ਆਦੇਸ਼ ਦਿੰਦੇ ਹਾਂ। ਇਸ ਲਈ, ਜੇਕਰ ਲੋਕਾਂ ਨੇ ਰੇਬੀਜ਼ ਨਾਲ ਸੰਕਰਮਿਤ ਮੱਝ ਦਾ ਦੁੱਧ ਗਰਮ ਕਰਨ ਤੋਂ ਬਾਅਦ ਵੀ ਪੀਤਾ ਹੈ, ਤਾਂ ਉਨ੍ਹਾਂ ਨੂੰ ਜੋਖ਼ਮ ਵਿੱਚ ਮੰਨਿਆ ਜਾਣਾ ਚਾਹੀਦਾ ਹੈ।

ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਰੇਬੀਜ਼ ਦੇ ਫੈਲਣ ਦੀ ਮਿਆਦ ਆਮ ਤੌਰ 'ਤੇ ਦੋ ਤੋਂ ਤਿੰਨ ਮਹੀਨੇ ਹੁੰਦੀ ਹੈ, ਪਰ ਲੱਛਣਾਂ ਦੀ ਮਿਆਦ ਇੱਕ ਹਫ਼ਤੇ ਤੋਂ ਇੱਕ ਸਾਲ ਤੱਕ ਵੱਖ-ਵੱਖ ਹੋ ਸਕਦੀ ਹੈ, ਜੋ ਕਿ ਵਾਇਰਸ ਦੇ ਦਾਖਲੇ ਦੀ ਜਗ੍ਹਾ ਅਤੇ ਵਾਇਰਲ ਲੋਡ ਵਰਗੇ ਕਾਰਕਾਂ 'ਤੇ ਨਿਰਭਰ ਕਰਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਰੇਬੀਜ਼ ਦੇ ਸ਼ੁਰੂਆਤੀ ਲੱਛਣਾਂ ਵਿੱਚ ਬੁਖ਼ਾਰ, ਦਰਦ ਅਤੇ ਜ਼ਖ਼ਮ ਵਾਲੀ ਥਾਂ 'ਤੇ ਅਸਾਧਾਰਨ ਖੁਰਕ ਜਾਂ ਜਲਨ ਸ਼ਾਮਲ ਹਨ। ਇੱਕ ਵਾਰ ਜਦੋਂ ਵਾਇਰਸ ਕੇਂਦਰੀ ਨਾੜੀ ਤੰਤਰ ਵਿੱਚ ਦਾਖ਼ਲ ਹੋ ਜਾਂਦਾ ਹੈ, ਤਾਂ ਦਿਮਾਗ਼ ਅਤੇ ਰੀੜ੍ਹ ਦੀ ਹੱਡੀ ਦੀ ਸੋਜ ਸ਼ੁਰੂ ਹੋ ਜਾਂਦੀ ਹੈ। ਇੱਕ ਸੰਕਰਮਿਤ ਮਰੀਜ਼ ਵਿੱਚ ਕਲੀਨਿਕਲ ਰੇਬੀਜ਼ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ, ਪਰ ਇਸ ਦਾ ਇਲਾਜ ਕਰਨਾ ਅਸੰਭਵ ਹੈ।

ਡਾ. ਅਨਿਕੇਤ ਪਟੇਲ ਕਹਿੰਦੇ ਹਨ, "ਜਦੋਂ ਕੋਈ ਸੰਕਰਮਿਤ ਜਾਨਵਰ ਦੂਜੇ ਜਾਨਵਰ ਨੂੰ ਕੱਟਦਾ ਹੈ, ਤਾਂ ਦੋ ਤਰ੍ਹਾਂ ਦੇ ਲੱਛਣ ਦਿਖਾਈ ਦਿੰਦੇ ਹਨ। ਇੱਕ ਗੁੱਸੇ ਵਾਲਾ ਰੂਪ ਹੈ ਅਤੇ ਦੂਜਾ ਗੂੰਗਾ ਰੂਪ (ਡੰਬ ਫਾਰਮ) ਹੈ।"

"ਗੁੱਸੇ ਵਾਲੇ ਰੂਪ ਵਿੱਚ ਜਾਨਵਰ ਹਿੰਸਕ ਹੋ ਜਾਂਦਾ ਹੈ, ਭਾਵ ਇਹ ਕੱਟਣਾ ਸ਼ੁਰੂ ਕਰ ਦਿੰਦਾ ਹੈ ਅਤੇ ਗਲੇ ਵਿੱਚ ਸੋਜ ਕਾਰਨ ਪਾਣੀ ਜਾਂ ਭੋਜਨ ਨਿਗਲ ਨਹੀਂ ਸਕਦਾ। ਜਦੋਂ ਕਿ ਗੂੰਗੇ ਰੂਪ ਵਿੱਚ, ਜਾਨਵਰ ਦਾ ਸਿਰਫ਼ ਲਾਰ ਵਗਦਾ ਹੈ ਅਤੇ ਉਹ ਪੂਰਾ ਕੰਟ੍ਰੋਲ ਗੁਆ ਦਿੰਦਾ ਹੈ।" "ਜਦੋਂ ਰੇਬੀਜ਼ ਵਾਲਾ ਮਨੁੱਖੀ ਮਰੀਜ਼ ਰੌਸ਼ਨੀ ਅਤੇ ਪਾਣੀ ਤੋਂ ਬਚਦਾ ਹੈ, ਤਾਂ ਇਸ ਨੂੰ ਹਾਈਡ੍ਰੋਫੋਬੀਆ ਕਿਹਾ ਜਾਂਦਾ ਹੈ।" ਡਾ. ਅਨਿਕੇਤ ਪਟੇਲ ਦੇ ਅਨੁਸਾਰ, ਹਾਈਡ੍ਰੋਫੋਬੀਆ ਦਾ ਕਾਰਨ ਗਲੇ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਦਾ ਅਧਰੰਗ ਹੈ, ਜਿਸ ਕਾਰਨ ਮਰੀਜ਼ ਕੁਝ ਵੀ ਨਿਗਲਣ ਤੋਂ ਅਸਮਰੱਥ ਹੁੰਦਾ ਹੈ। ਇਸ ਤੋਂ ਇਲਾਵਾ, ਮਰੀਜ਼ ਆਪਣਾ ਕੰਟ੍ਰੋਲ ਗੁਆ ਬੈਠਦਾ ਹੈ ਅਤੇ ਬੇਜਾਨ ਵਸਤੂਆਂ ਨੂੰ ਕੱਟਣ ਦੀ ਇੱਛਾ ਵੀ ਮਹਿਸੂਸ ਕਰ ਸਕਦਾ ਹੈ।

ਅਜਿਹੀ ਸਥਿਤੀ ਵਿੱਚ, ਦੋ ਤੋਂ ਚਾਰ ਦਿਨਾਂ ਦੇ ਅੰਦਰ ਮੌਤ ਸੰਭਵ ਹੈ। ਟੀਕਾਕਰਨ ਬਾਰੇ, ਉਹ ਕਹਿੰਦੇ ਹਨ ਕਿ ਟੀਕਾਕਰਨ ਸੰਕਰਮਿਤ ਜਾਨਵਰ ਦੁਆਰਾ ਕੱਟਣ ਦੇ ਦਿਨ ਤੋਂ ਸ਼ੁਰੂ ਕਰ ਦਿੱਤਾ ਜਾਂਦਾ ਹੈ। ਫਿਰ, ਟੀਕਾ ਤੀਜੇ, ਸੱਤਵੇਂ, ਚੌਦਵੇਂ ਅਤੇ ਅਠਾਈਵੇਂ ਦਿਨ ਲਗਾਇਆ ਜਾਂਦਾ ਹੈ। ਇਸ ਤਰ੍ਹਾਂ, ਕੁੱਲ ਪੰਜ ਟੀਕੇ ਲਗਾਉਣੇ ਜ਼ਰੂਰੀ ਹਨ। ਉਹ ਕਹਿੰਦੇ ਹਨ, "ਘਰੇਲੂ ਇਲਾਜ ਲਈ ਪਹਿਲਾਂ ਜ਼ਖ਼ਮ ਨੂੰ ਪਾਣੀ ਅਤੇ ਐਂਟੀਸੈਪਟਿਕ ਨਾਲ ਸਾਫ਼ ਕਰਨਾ ਪੈਂਦਾ ਹੈ ਅਤੇ ਫਿਰ ਟੀਕਾਕਰਨ ਲਈ ਤੁਰੰਤ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਹੋਣ 'ਤੇ ਜ਼ੋਰ ਦੇਣਾ ਪੈਂਦਾ ਹੈ।" "ਜੇਕਰ ਜ਼ਖ਼ਮ ਸ਼੍ਰੇਣੀ 2 ਤੋਂ ਜ਼ਿਆਦਾ ਗੰਭੀਰ ਹੈ, ਤਾਂ ਰੇਬੀਜ਼ ਇਮਯੂਨੋਗਲੋਬੂਲਿਨ (ਆਰਆਈਜੀ) ਟੀਕਾ 24 ਘੰਟਿਆਂ ਦੇ ਅੰਦਰ ਜ਼ਖ਼ਮ ਦੇ ਆਲੇ ਦੁਆਲੇ ਦੇ ਖੇਤਰ ਵਿੱਚ ਲਗਾਇਆ ਜਾਂਦਾ ਹੈ।"

# ਦੁਨੀਆਂ ਦੇ ਸਭ ਤੋਂ ਦੁਰਲੱਭ ਬਲੱਡ ਗਰੁੱਪ ਨੂੰ ਮੁੜ ਬਣਾਉਣ ਦੀ ਕੋਸ਼ਿਸ਼

60 ਮਿਲੀਅਨ ਯਾਨਿ 6 ਕਰੋੜ ਲੋਕਾਂ ਵਿੱਚੋਂ ਸਿਰਫ਼ ਇੱਕ ਵਿਅਕਤੀ ਵਿੱਚ (ਆਰਐਚ-ਨਲ) Rh-null ਬਲੱਡ ਗਰੁੱਪ ਹੈ। ਹੁਣ, ਖੋਜਕਰਤਾ ਇਸ ਨੂੰ ਪ੍ਰਯੋਗਸ਼ਾਲਾ ਵਿੱਚ ਵਿਕਸਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਇਸ ਉਮੀਦ ਵਿੱਚ ਕਿ ਇਹ ਬਹੁਤ ਸਾਰੀਆਂ ਜਾਨਾਂ ਬਚਾ ਸਕਦਾ ਹੈ। ਖੂਨ ਚੜ੍ਹਾਉਣ ਨੇ ਆਧੁਨਿਕ ਚਿਕਿਤਸਾ ਨੂੰ ਬਦਲ ਦਿੱਤਾ ਹੈ। ਬਦਕਿਸਮਤੀ ਨਾਲ ਜੇਕਰ ਅਸੀਂ ਜ਼ਖਮੀ ਹੋ ਜਾਂਦੇ ਹਾਂ ਜਾਂ ਗੰਭੀਰ ਸਰਜਰੀ ਦੀ ਲੋੜ ਹੁੰਦੀ ਹੈ, ਤਾਂ ਦੂਜਿਆਂ ਵੱਲੋਂ ਦਾਨ ਕੀਤਾ ਗਿਆ ਖੂਨ ਜੀਵਨ ਬਚਾਉ ਸਾਬਤ ਹੋ ਸਕਦਾ ਹੈ। ਪਰ ਹਰ ਕਿਸੇ ਲਈ ਇਹ ਇੰਨਾ ਸੌਖਾ ਨਹੀਂ ਹੋ ਸਕਦਾ। ਦੁਰਲੱਭ ਬਲੱਡ ਗਰੁੱਪ ਵਾਲੇ ਲੋਕਾਂ ਲਈ ਉਨ੍ਹਾਂ ਦੇ ਖੂਨ ਨਾਲ ਮੇਲ ਖਾਂਦਾ ਖੂਨ ਮਿਲਣ ਵਿੱਚ ਬਹੁਤ ਦਿੱਕਤ ਹੁੰਦੀ ਹੈ।

ਅਜਿਹੇ ਹੀ ਸਭ ਤੋਂ ਦੁਰਲੱਭ ਬਲੱਡ ਗਰੁੱਪਾਂ ਵਿੱਚੋਂ ਇੱਕ -Rh-null ਬਲੱਡ ਗਰੁੱਪ - ਜੋ ਦੁਨੀਆਂ ਦੇ ਸਿਰਫ 50 ਲੋਕਾਂ ਵਿੱਚ ਪਛਾਣਿਆ ਗਿਆ ਹੈ। ਜੇਕਰ ਉਨ੍ਹਾਂ ਲੋਕਾਂ ਨੂੰ ਕਦੇ ਵੀ ਖੂਨ ਚੜ੍ਹਾਉਣ ਦੀ ਲੋੜ ਪੈਂਦੀ ਹੈ ਤਾਂ ਉਨ੍ਹਾਂ ਲਈ ਖੂਨ ਪ੍ਰਾਪਤ ਕਰਨ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।

Rh-null ਬਲੱਡ ਗਰੁੱਪ ਵਾਲੇ ਲੋਕਾਂ ਨੂੰ ਲੰਬੇ ਸਮੇਂ ਲਈ ਆਪਣੇ ਖੂਨ ਨੂੰ ਫ੍ਰੀਜ਼ ਕਰਕੇ ਸਟੋਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਪਰ, ਇਸ ਦੀ ਦੁਰਲੱਭਤਾ ਦੇ ਬਾਵਜੂਦ ਇਸ ਬਲੱਡ ਗਰੁੱਪ ਨੂੰ ਹੋਰ ਕਾਰਨਾਂ ਕਰਕੇ ਵੀ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ ਇਸ ਦਾ ਇਸਤੇਮਾਲ ਕੀਤਾ ਜਾਂਦਾ ਹੈ, ਉਸ ਕਾਰਨ ਡਾਕਟਰੀ ਅਤੇ ਖੋਜ ਭਾਈਚਾਰੇ ਵਿੱਚ ਇਸ ਨੂੰ ਕਈ ਵਾਰ "ਗੋਲਡਨ ਬਲੱਡ" ਕਿਹਾ ਜਾਂਦਾ ਹੈ। ਇਹ ਯੂਨੀਵਰਸਲ ਬਲੱਡ ਟ੍ਰਾਂਸਫਿਊਜ਼ਨ ਨੂੰ ਸੰਭਵ ਬਣਾਉਣ ਵਿੱਚ ਵੀ ਮਦਦ ਕਰ ਸਕਦਾ ਹੈ ਕਿਉਂਕਿ ਵਿਗਿਆਨੀ ਉਨ੍ਹਾਂ ਇਮਿਊਨਿਟੀ ਸਮੱਸਿਆਵਾਂ ਨੂੰ ਦੂਰ ਕਰਨ ਦੇ ਤਰੀਕੇ ਲੱਭ ਰਹੇ ਹਨ ਜੋ ਵਰਤਮਾਨ ਵਿੱਚ ਦਾਨ ਕੀਤੇ ਖੂਨ ਦੀ ਵਰਤੋਂ ਨੂੰ ਸੀਮਤ ਕਰਦੀਆਂ ਹਨ।

### ਖੂਨ ਦੀਆਂ ਕਿਸਮਾਂ ਨੂੰ ਕਿਵੇਂ ਵਰਗੀਕ੍ਰਿਤ ਕੀਤਾ ਜਾਂਦਾ ਹੈ

ਤੁਹਾਡੇ ਸਰੀਰ ਵਿੱਚ ਘੁੰਮ ਰਹੇ ਖੂਨ ਦੀਆਂ ਕਿਸਮਾਂ ਨੂੰ ਲਾਲ ਖੂਨ ਦੇ ਸੈੱਲਾਂ ਦੀ ਸਤ੍ਹਾ 'ਤੇ ਖਾਸ ਮਾਰਕਰਾਂ ਦੀ ਮੌਜੂਦਗੀ ਜਾਂ ਗੈਰਹਾਜ਼ਰੀ ਦੇ ਅਧਾਰ 'ਤੇ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਹ ਮਾਰਕਰ, ਜਿਨ੍ਹਾਂ ਨੂੰ ਐਂਟੀਜੇਨ ਕਿਹਾ ਜਾਂਦਾ ਹੈ, ਪ੍ਰੋਟੀਨ ਜਾਂ ਸ਼ੱਕਰ ਤੋਂ ਬਣੇ ਹੁੰਦੇ ਹਨ, ਜੋ ਸੈੱਲ ਸਤ੍ਹਾ ਤੋਂ ਬਾਹਰ ਨਿਕਲਦੇ ਹਨ ਅਤੇ ਸਰੀਰ ਦੀ ਇਮਿਊਨ ਸਿਸਟਮ ਦੁਆਰਾ ਪਛਾਣੇ ਜਾ ਸਕਦੇ ਹਨ। ਬ੍ਰਿਸਟਲ ਯੂਨੀਵਰਸਿਟੀ ਦੇ ਸੈੱਲ ਬਾਇ ਲੋਜੀ ਦੇ ਪ੍ਰੋਫੈਸਰ ਐਸ਼ ਟੌਏ ਕਹਿੰਦੇ ਹਨ ਕਿ "ਜੇਕਰ ਤੁਸੀਂ ਕਿਸੇ ਦਾਨੀ ਤੋਂ ਟ੍ਰਾਂਸਫਿਊਜ਼ਨ ਪ੍ਰਾਪਤ ਕਰਦੇ ਹੋ, ਜਿਸ ਵਿੱਚ ਤੁਹਾਡੇ ਆਪਣੇ ਤੋਂ ਵੱਖਰੇ ਐਂਟੀਜੇਨ ਹੁੰਦੇ ਹਨ, ਤਾਂ ਤੁਸੀਂ ਉਸ ਖੂਨ ਲਈ ਐਂਟੀਬਾਡੀਜ਼ ਬਣਾਓਗੇ ਅਤੇ ਜੋ ਇਸ 'ਤੇ ਹਮਲਾ ਕਰਨਗੇ।" "ਜੇਕਰ ਤੁਹਾਨੂੰ ਦੁਬਾਰਾ ਉਸ ਖੂਨ ਦਾ ਟ੍ਰਾਂਸਫਿਊਜ਼ਨ ਮਿਲਦਾ ਹੈ, ਤਾਂ ਇਹ ਘਾਤਕ ਹੋ ਸਕਦਾ ਹੈ।"

ਦੋ ਬਲੱਡ ਗਰੁੱਪ ਸਿਸਟਮ ਜੋ ਸਭ ਤੋਂ ਵੱਧ ਇਮਿਊਨ ਪ੍ਰਤੀਕਿਰਿਆ ਪੈਦਾ ਕਰਦੇ ਹਨ, ਉਹ ਓਬੋ (ਏਬੀ ) ਅਤੇ Rhs (ਆਰਐਚ) ਹਨ। ਏ ਟਾਈਪ ਦੇ ਖੂਨ ਵਾਲੇ ਵਿਅਕਤੀ ਦੇ ਲਾਲ ਖੂਨ ਦੇ ਸੈੱਲਾਂ ਦੀ ਸਤ੍ਹਾ 'ਤੇ ਏ ਐਂਟੀਜੇਨ ਹੁੰਦੇ ਹਨ, ਜਦੋਂ ਕਿ ਬੀ ਟਾਈਪ ਦੇ ਖੂਨ ਵਾਲੇ ਵਿਅਕਤੀ ਦੇ ਬੀ ਐਂਟੀਜੇਨ ਹੁੰਦੇ ਹਨ। ਟਾਈਪ ਏਬੀ ਬਲੱਡ ਵਿੱਚ ਏ ਅਤੇ ਬੀ ਦੋਵੇਂ ਐਂਟੀਜੇਨ ਹੁੰਦੇ ਹਨ, ਜਦਕਿ ਟਾਈਪ ਦੇ ਖੂਨ ਵਿੱਚ ਕੋਈ ਵੀ ਨਹੀਂ ਹੁੰਦਾ। ਹਰ ਗਰੁੱਪ ਆਰਐਚ ਪਾਜ਼ੀਟਿਵ ਜਾਂ ਆਰਐਚ ਨੈਗੇਟਿਵ ਹੋ ਸਕਦਾ ਹੈ।

ਨੈਗੇਟਿਵ ਖੂਨ ਵਾਲੇ ਲੋਕਾਂ ਨੂੰ ਅਕਸਰ ਯੂਨੀਵਰਸਲ ਡੋਨਰ ਕਿਹਾ ਜਾਂਦਾ ਹੈ ਕਿਉਂਕਿ ਉਨ੍ਹਾਂ ਦੇ ਖੂਨ ਵਿੱਚ ਏ, ਬੀ, ਜਾਂ Rh ਐਂਟੀਜੇਨ ਨਹੀਂ ਹੁੰਦੇ। ਹਾਲਾਂਕਿ, ਇਹ ਬਹੁਤ ਜ਼ਿਆਦਾ ਸਰਲੀਕਰਨ ਹੈ। ਪਹਿਲੀ ਗੱਲ- ਅਕਤੂਬਰ 2024 ਤੱਕ, ਵਰਤਮਾਨ ਵਿੱਚ 47 ਬਲੱਡ ਗਰੁੱਪ ਹਨ ਜਿਨ੍ਹਾਂ ਦੀ ਹੁਣ ਤੱਕ ਪਛਾਣ ਹੋ ਚੁੱਕੀ ਹੈ ਅਤੇ 366 ਵੱਖ-ਵੱਖ ਐਂਟੀਜੇਨ ਹਨ। ਇਸਦਾ ਮਤਲਬ ਹੈ ਕਿ ਨੈਗੇਟਿਵ ਖੂਨਦਾਨ ਪ੍ਰਾਪਤ ਕਰਨ ਵਾਲੇ ਵਿਅਕਤੀ ਵਿੱਚ ਅਜੇ ਵੀ ਮੌਜੂਦ ਕਿਸੇ ਵੀ ਹੋਰ ਐਂਟੀਜੇਨ ਪ੍ਰਤੀ ਇਮਿਊਨ ਪ੍ਰਤੀਕਿਰਿਆ ਹੋ ਸਕਦੀ ਹੈ - ਹਾਲਾਂਕਿ ਕੁਝ ਐਂਟੀਜੇਨ ਦੂਜਿਆਂ ਨਾਲੋਂ ਵਧੇਰੇ ਮਜ਼ਬੂਤ ਇਮਿਊਨ ਪ੍ਰਤੀਕਿਰਿਆ ਪੈਦਾ ਕਰਦੇ ਹਨ।

ਦੂਜੀ ਗੱਲ - 50 ਤੋਂ ਵੱਧ Rh ਐਂਟੀਜੇਨ ਹਨ। ਜਦੋਂ ਲੋਕ Rh ਨੈਗੇਟਿਵ ਹੋਣ ਬਾਰੇ ਗੱਲ ਕਰਦੇ ਹਨ, ਤਾਂ ਉਹ Rh(D) ਐਂਟੀਜੇਨ ਦੀ ਗੱਲ ਕਰ ਰਹੇ ਹੁੰਦੇ ਹਨ, ਪਰ ਉਨ੍ਹਾਂ ਦੇ ਲਾਲ ਖੂਨ ਦੇ ਸੈੱਲਾਂ ਵਿੱਚ ਅਜੇ ਵੀ ਹੋਰ Rh ਪ੍ਰੋਟੀਨ ਹੁੰਦੇ ਹਨ। ਦੁਨੀਆਂ ਭਰ ਵਿੱਚ Rh ਐਂਟੀਜੇਨ ਵਿੱਚ ਵੀ ਬਹੁਤ ਭਿੰਨਤਾ ਹੈ, ਜਿਸ ਨਾਲ ਸਹੀ ਡੋਨਰ ਮੈਚ ਲੱਭਣਾ ਚੁਣੌਤੀਪੂਰਨ ਹੋ ਜਾਂਦਾ ਹੈ, ਖਾਸ ਕਰਕੇ ਕਿਸੇ ਦੇਸ਼ ਵਿੱਚ ਕਿਸੇ ਵਿਸ਼ੇਸ਼ ਨਸਲ ਨਾਲ ਸਬੰਧਿਤ ਘੱਟ ਗਿਣਤੀ ਪਿਛੋਕੜ ਵਾਲੇ ਲੋਕਾਂ ਲਈ। ਹਾਲਾਂਕਿ, Rh-null ਖੂਨ ਵਾਲੇ ਲੋਕਾਂ ਵਿੱਚ ਸਾਰੇ 50 Rh ਐਂਟੀਜੇਨ ਨਹੀਂ ਹੁੰਦੇ। ਇਹ ਲੋਕ ਕੋਈ ਹੋਰ ਬਲੱਡ ਗਰੁੱਪ ਨਹੀਂ ਲੈ ਸਕਦੇ, ਪਰ Rh-nl ਬਲੱਡ ਸਾਰੇ Rh ਬਲੱਡ ਗਰੁੱਪਾਂ ਦੇ ਅਨੁਕੂਲ ਹੈ। ਇਹ ਗੱਲ -ਟਾਈਪ ਆਰਐਚ-ਨਲ ਬਲੱਡ ਨੂੰ ਬਹੁਤ ਖਾਸ ਬਣਾਉਂਦੀ ਹੈ, ਕਿਉਂਕਿ ਜ਼ਿਆਦਾਤਰ ਲੋਕ ਇਸਨੂੰ ਪ੍ਰਾਪਤ ਕਰ ਸਕਦੇ ਹਨ, ਜਿਨ੍ਹਾਂ ਵਿੱਚ ਸਾਰੇ ਏਬੀ ਬਲੱਡ ਗਰੁੱਪ ਵਾਲੇ ਲੋਕ ਵੀ ਸ਼ਾਮਲ ਹਨ।



ਐਮਰਜੈਂਸੀ ਵਿੱਚ ਜਦੋਂ ਮਰੀਜ਼ ਦਾ ਬਲੱਡ ਗਰੁੱਪ ਅਣਜਾਣ ਹੁੰਦਾ ਹੈ, -ਟਾਈਪ ਆਰਐਚ-ਨਲ ਬਲੱਡ ਚੜ੍ਹਾਇਆ ਜਾ ਸਕਦਾ ਹੈ ਕਿਉਂਕਿ ਇਸ ਨਾਲ ਐਲ-ਰਜੀ ਪ੍ਰਤੀਕ੍ਰਿਆ ਦਾ ਜੋਖਮ ਘਟ ਜਾਂਦਾ ਹੈ। ਇਸ ਕਰਕੇ, ਦੁਨੀਆਂ ਭਰ ਦੇ ਵਿਗਿਆਨੀ ਇਸ "ਗੋਲਡਨ ਬਲੱਡ" ਦੀ ਨਕਲ ਬਣਾਉਣ ਦੇ ਤਰੀਕਿਆਂ ਦੀ ਖੋਜ ਕਰ ਰਹੇ ਹਨ। ਪ੍ਰੋਫੈਸਰ ਟੋਏ ਕਹਿੰਦੇ ਹਨ, "ਆਰਐਚ. ਐਂਟੀਜੇਨ ਟ੍ਰਿਗਰ.. ਇੱਕ ਵੱਡੀ ਇਮਿਊਨ ਪ੍ਰਤੀਕ੍ਰਿਆ ਨੂੰ ਚਾਲੂ ਕਰਦੇ ਹਨ, ਅਤੇ ਇਸ ਲਈ ਜੇਕਰ ਤੁਹਾਡੇ ਕੋਲ ਇਨ੍ਹਾਂ ਵਿੱਚੋਂ ਕੋਈ ਵੀ ਨਹੀਂ ਹੈ, ਤਾਂ ਆਰਐਚ ਦੇ ਰੂਪ ਵਿੱਚ ਪ੍ਰਤੀਕਿਰਿਆ ਕਰਨ ਲਈ ਅਸਲ ਵਿੱਚ ਕੁਝ ਵੀ ਨਹੀਂ ਹੈ।" ਉਨ੍ਹਾਂ ਕਿਹਾ, "ਜੇ ਤੁਸੀਂ ਟਾਈਪ ਅਤੇ ਆਰਐਚ ਨਲ ਹੋ, ਤਾਂ ਇਹ ਕਾਫ਼ੀ ਯੂਨੀਵਰਸਲ ਹੈ। ਪਰ ਅਜੇ ਵੀ ਹੋਰ ਬਲੱਡ ਗਰੁੱਪ ਹਨ, ਜਿਨ੍ਹਾਂ 'ਤੇ ਤੁਹਾਨੂੰ ਵਿਚਾਰ ਕਰਨਾ ਪਵੇਗਾ।"

### ਆਰਐਚ-ਨਲ ਖੂਨ ਦੀ ਉਤਪਤੀ

ਹਾਲੀਆ ਖੋਜ ਨੇ ਦਿਖਾਇਆ ਹੈ ਕਿ ਆਰ ਐਚ-ਨਲ ਖੂਨ ਜੈਨੇਟਿਕ ਪਰਿਵਰਤਨ ਕਾਰਨ ਹੁੰਦਾ ਹੈ ਜੋ ਲਾਲ ਖੂਨ ਦੇ ਸੈੱਲਾਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਪ੍ਰੋਟੀਨ ਨੂੰ ਪ੍ਰਭਾਵਿਤ ਕਰਦੇ ਹਨ, ਜਿਸਨੂੰ ਆਰਐਚ ਸਬੰਧਤ ਗਲਾਈਕੋਪ੍ਰੋਟੀਨ, ਜਾਂ RHAG ਕਿਹਾ ਜਾਂਦਾ ਹੈ। ਇਹ ਪਰਿਵਰਤਨ ਇਸ ਪ੍ਰੋਟੀਨ ਨੂੰ ਛੋਟਾ ਕਰ ਦਿੰਦੇ ਹਨ ਜਾਂ ਬਦਲ ਦਿੰਦੇ ਹਨ, ਇਸਨੂੰ ਹੋਰ ਆਰਐਚ ਐਂਟੀਜੇਨ ਪ੍ਰਗਟ ਕਰਨ ਤੋਂ ਰੋਕਦੇ ਹਨ। ਸਾਲ 2018 ਦੇ ਇੱਕ ਅਧਿਐਨ ਵਿੱਚ ਬ੍ਰਿਸਟਲ ਯੂਨੀਵਰਸਿਟੀ ਦੇ ਪ੍ਰੋਫੈਸਰ ਟੌਏ ਅਤੇ ਉਨ੍ਹਾਂ ਦੇ ਸਾਥੀਆਂ ਨੇ ਪ੍ਰਯੋਗਸ਼ਾਲਾ ਵਿੱਚ Rh-null ਖੂਨ ਨੂੰ ਦੁਬਾਰਾ ਬਣਾਇਆ। ਅਜਿਹਾ ਕਰਨ ਲਈ, ਉਨ੍ਹਾਂ ਨੇ ਅਪਰਿਪੱਕ ਲਾਲ ਖੂਨ ਦੇ ਸੈੱਲਾਂ ਦੀ ਇੱਕ ਸੈੱਲ ਲਾਈਨ (ਪ੍ਰਯੋਗਸ਼ਾਲਾ ਵਿੱਚ ਵਿਕਸਿਤ ਹੋਏ ਸੈੱਲਾਂ ਦੀ ਆਬਾਦੀ) ਲਈ।

ਟੀਮ ਨੇ ਫਿਰ ਜੀਨ ਸੰਪਾਦਨ ਤਕਨੀਕ CRISPR-Cas9 ਦੀ ਵਰਤੋਂ ਪੰਜ ਬਲੱਡ ਗਰੁੱਪ ਪ੍ਰਣਾਲੀਆਂ ਤੋਂ ਐਂਟੀਜੇਨ ਲਈ ਕੋਡਿੰਗ ਜੀਨਾਂ ਨੂੰ ਮਿਟਾਉਣ ਲਈ ਕੀਤੀ, ਜੋ ਸਮੂਹਿਕ ਤੌਰ 'ਤੇ ਜ਼ਿਆਦਾਤਰ ਬਲੱਡ ਟ੍ਰਾਂਸਫਿਊਜ਼ਨ ਅਸੰਗਤਤਾਵਾਂ ਲਈ ਜ਼ਿੰਮੇਵਾਰ ਹਨ। ਇਸ ਵਿੱਚ ਏਬੀ ਅਤੇ Rh ਐਂਟੀਜੇਨ, ਅਤੇ ਨਾਲ ਹੀ ਕੈਲ, ਡਫੀ ਅਤੇ ਜੀਪੀਬੀ ਨਾਮਕ ਹੋਰ ਐਂਟੀਜੇਨ ਸ਼ਾਮਲ ਸਨ।

ਪ੍ਰੋਫੈਸਰ ਟੌਏ ਕਹਿੰਦੇ ਹਨ, "ਅਸੀਂ ਖੋਜ ਕੀਤੀ ਕਿ ਜੇ ਅਸੀਂ ਪੰਜ ਸੈੱਲਾਂ ਨੂੰ ਹਟਾ ਦਿੱਤਾ, ਤਾਂ ਇੱਕ ਬਹੁਤ ਹੀ ਅਨੁਕੂਲ ਸੈੱਲ ਬਣ ਜਾਵੇਗਾ, ਕਿਉਂਕਿ ਪੰਜ ਸਭ ਤੋਂ ਵੱਧ ਸਮੱਸਿਆ ਵਾਲੇ ਖੂਨ ਦੇ ਸਮੂਹਾਂ ਨੂੰ ਹਟਾ ਦਿੱਤਾ ਗਿਆ ਸੀ। ਨਤੀਜੇ ਵਜੋਂ ਬਣਨ ਵਾਲੇ ਖੂਨ ਦੇ ਸੈੱਲ ਸਾਰੇ ਮੁੱਖ ਆਮ ਖੂਨ ਸਮੂਹਾਂ ਦੇ ਅਨੁਕੂਲ ਹੋਣਗੇ, ਨਾਲ ਹੀ ਦੁਰਲੱਭ ਕਿਸਮਾਂ ਲਈ ਵੀ ਅਨੁਕੂਲ ਹੋਣਗੇ - Rh-null ਅਤੇ ਬਾਂਬੇ ਫੀਨੋਟਾਈਪ, ਜੋ ਕਿ ਚਾਰ ਮਿਲੀਅਨ ਵਿੱਚੋਂ ਇੱਕ ਵਿਅਕਤੀ ਵਿੱਚ ਹੁੰਦਾ ਹੈ। ਇਸ ਖੂਨ ਸਮੂਹ ਵਾਲੇ ਲੋਕ , ਏ, ਬੀ, ਜਾਂ ਏਬੀ ਖੂਨ ਪ੍ਰਾਪਤ ਨਹੀਂ ਕਰ ਸਕਦੇ।

ਹਾਲਾਂਕਿ, ਜੀਨ ਸੰਪਾਦਨ ਤਕਨੀਕਾਂ ਦੀ ਵਰਤੋਂ ਵਿਵਾਦਪੂਰਨ ਬਣੀ ਹੋਈ ਹੈ ਅਤੇ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਸਖ਼ਤੀ ਨਾਲ ਨਿਯੰਤਰਿਤ ਹੈ, ਭਾਵ ਇਸ ਬਹੁਤ ਅਨੁਕੂਲ ਖੂਨ ਸਮੂਹ ਨੂੰ ਕਲੀਨਿਕਲ ਤੌਰ 'ਤੇ ਉਪਲੱਬਧ ਹੋਣ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਇਸ ਨੂੰ ਮਨਜ਼ੂਰੀ ਮਿਲਣ ਤੋਂ ਪਹਿਲਾਂ, ਕਈ ਦੌਰ ਦੀਆਂ ਕਲੀਨਿਕਲ ਅਜ਼ਮਾਇਸ਼ਾਂ ਅਤੇ ਜਾਂਚਾਂ ਵਿੱਚੋਂ ਲੰਘਣ ਦੀ ਜ਼ਰੂਰਤ ਹੋਵੇਗੀ। ਇਸ ਦੌਰਾਨ, ਪ੍ਰੋਫੈਸਰ ਟੌਏ ਨੇ ਇੱਕ ਸਪਿਨ-ਆਊਟ ਕੰਪਨੀ, ਸਕਾਰਲੇਟ ਥੈਰੇਪਿਊਟਿਕਸ ਦੀ ਸਹਿ-ਸਥਾਪਨਾ ਕੀਤੀ ਹੈ, ਜੋ ਕਿ ਦੁਰਲੱਭ ਖੂਨ ਸਮੂਹਾਂ ਵਾਲੇ ਲੋਕਾਂ ਤੋਂ ਖੂਨ ਦਾਨ ਇਕੱਠਾ ਕਰ ਰਹੀ ਹੈ, ਜਿਸ ਵਿੱਚ Rh-null ਵੀ ਸ਼ਾਮਲ ਹੈ। ਟੀਮ ਨੂੰ ਉਮੀਦ ਹੈ ਕਿ ਇਸ ਖੂਨ ਦੀ ਵਰਤੋਂ ਸੈੱਲ ਲਾਈਨਾਂ ਬਣਾਉਣ ਲਈ ਕੀਤੀ ਜਾ ਸਕੇਗੀ, ਜੋ ਪ੍ਰਯੋਗਸ਼ਾਲਾ ਵਿੱਚ ਉਗਾਏ ਜਾ ਸਕਦੇ ਹਨ ਤਾਂ ਜੋ ਲਾਲ ਖੂਨ ਦੇ ਸੈੱਲ ਅਣਮਿੱਥੇ ਸਮੇਂ ਲਈ ਪੈਦਾ ਕੀਤੇ ਜਾ ਸਕਣ। ਪ੍ਰਯੋਗਸ਼ਾਲਾ ਵਿੱਚ ਤਿਆਰ ਕੀਤੇ ਗਏ ਇਸ ਖੂਨ ਨੂੰ ਫਿਰ ਫ੍ਰੀਜ਼ ਕਰਕੇ ਸਟੋਰ ਵੀ ਕੀਤਾ ਜਾ ਸਕੇਗਾ ਅਤੇ ਐਮਰਜੈਂਸੀ ਦੌਰਾਨ ਦੁਰਲੱਭ ਖੂਨ ਸਮੂਹਾਂ ਵਾਲੇ ਲੋਕਾਂ ਲਈ ਵਰਤਿਆ ਜਾ ਸਕੇਗਾ।

ਪ੍ਰੋਫੈਸਰ ਟੌਏ ਨੂੰ ਉਮੀਦ ਹੈ ਕਿ ਉਹ ਜੀਨ ਐਡੀਟਿੰਗ ਦੀ ਵਰਤੋਂ ਕੀਤੇ ਬਿਨ੍ਹਾਂ ਪ੍ਰਯੋਗਸ਼ਾਲਾ ਵਿੱਚ ਦੁਰਲੱਭ ਖੂਨ ਦੇ ਭੰਡਾਰ ਬਣਾਉਣ ਦੇ ਯੋਗ ਹੋਣਗੇ, ਹਾਲਾਂਕਿ ਇਹ ਤਕਨਾਲੋਜੀ ਭਵਿੱਖ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾ ਸਕਦੀ ਹੈ। ਉਹ ਕਹਿੰਦੇ ਹਨ, "ਜੇ ਅਸੀਂ ਇਸਨੂੰ ਬਿਨਾਂ ਐਡੀਟਿੰਗ ਦੇ ਕਰ ਸਕਦੇ ਹਾਂ, ਤਾਂ ਬਹੁਤ ਵਧੀਆ, ਪਰ ਐਡੀਟਿੰਗ ਵੀ ਸਾਡੇ ਲਈ ਇੱਕ ਵਿਕਲਪ ਹੈ।"

"ਅਸੀਂ ਜੋ ਕਰ ਰਹੇ ਹਾਂ ਉਸਦਾ ਇੱਕ ਹਿੱਸਾ ਹੈ ਬਹੁਤ ਧਿਆਨ ਨਾਲ ਦਾਨੀਆਂ ਦੀ ਚੋਣ ਕਰਨਾ ਅਤੇ ਉਨ੍ਹਾਂ ਦੇ ਸਾਰੇ ਐਂਟੀਜੇਨਾਂ ਨੂੰ ਜ਼ਿਆਦਾਤਰ ਲੋਕਾਂ ਦੇ, ਜਿੰਨਾ ਸੰਭਵ ਹੋ ਸਕੇ ਅਨੁਕੂਲ ਬਣਾਉਣਾ। ਫਿਰ ਸ਼ਾਇਦ ਸਾਨੂੰ ਇਸ ਨੂੰ ਹਰ ਕਿਸੇ ਨਾਲ ਅਨੁਕੂਲ ਬਣਾਉਣ ਲਈ ਜੀਨ ਐਡੀਟਿੰਗ ਦੀ ਵਰਤੋਂ ਕਰਨੀ ਪਵੇਗੀ।" ਸਾਲ 2021 ਵਿੱਚ, ਅਮਰੀਕਾ ਦੇ ਮਿਲਵਾਕੀ ਵਿੱਚ ਵਰਸਿਟੀ ਬਲੱਡ ਰਿਸਰਚ ਇੰਸਟੀਚਿਊਟ ਦੇ ਇਮਯੂਨੋਲੋਜਿਸਟ ਗ੍ਰੈਗਰੀ ਡੇਨੋਮੇ ਅਤੇ ਉਨ੍ਹਾਂ ਦੇ ਸਾਥੀਆਂ ਨੇ ਕ੍ਰਿਸਪਰ-ਕੈਸ9 ਜੀਨ ਐਡੀਟਿੰਗ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਮਨੁੱਖੀ ਪ੍ਰੇਰਿਤ ਪਲੂਰੀਪੋਟੈਂਟ ਸਟੈਮ ਸੈੱਲਾਂ (ihPSCs) ਤੋਂ Rh-null ਸਮੇਤ ਅਨੁਕੂਲਿਤ ਦੁਰਲੱਭ ਖੂਨ ਦੀਆਂ ਕਿਸਮਾਂ ਬਣਾਈਆਂ। ਇਨ੍ਹਾਂ ਸਟੈਮ ਸੈੱਲਾਂ ਵਿੱਚ ਭਰੂਣ ਸਟੈਮ ਸੈੱਲਾਂ ਦੇ ਸਮਾਨ ਗੁਣ ਹੁੰਦੇ ਹਨ ਅਤੇ ਇਹ ਸਹੀ ਹਾਲਤਾਂ ਵਿੱਚ ਮਨੁੱਖੀ ਸਰੀਰ ਦੇ ਕਿਸੇ ਵੀ ਸੈੱਲ ਵਿੱਚ ਬਦਲਣ ਦੀ ਸਮਰੱਥਾ ਰੱਖਦੇ ਹਨ।

ਹੋਰ ਵਿਗਿਆਨੀ ਇੱਕ ਹੋਰ ਕਿਸਮ ਦੇ ਸਟੈਮ ਸੈੱਲਾਂ ਦੀ ਵਰਤੋਂ ਕਰ ਰਹੇ ਹਨ ਜੋ ਪਹਿਲਾਂ ਹੀ ਖੂਨ ਦੇ ਸੈੱਲਾਂ ਵਿੱਚ ਬਦਲਣ ਲਈ ਪਹਿਲਾਂ ਤੋਂ ਪ੍ਰੋਗਰਾਮ ਕੀਤੇ ਗਏ ਹਨ, ਪਰ ਖਾਸ ਕਿਸਮ ਅਜੇ ਤੱਕ ਨਿਰਧਾਰਤ ਨਹੀਂ ਕੀਤੀ ਗਈ ਹੈ। ਮਿਸਾਲ ਵਜੋਂ, ਕੈਨੇਡਾ ਦੇ ਕਿਊਬੈਕ ਵਿੱਚ ਲਾਵਲ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਹਾਲ ਹੀ ਵਿੱਚ ਏ-ਪਾਜ਼ਿਟਿਵ ਖੂਨਦਾਨੀਆਂ ਤੋਂ ਖੂਨ ਦੇ ਸਟੈਮ ਸੈੱਲ ਕੱਢੇ ਹਨ। ਫਿਰ ਉਨ੍ਹਾਂ ਨੇ ਏ ਅਤੇ ੍ਹ ਐਂਟੀਜੇਨ ਲਈ ਕੋਡਿੰਗ ਜੀਨਾਂ ਨੂੰ ਮਿਟਾਉਣ ਲਈ ਕ੍ਰਿਸਪਰ-ਕੈਸ9 ਤਕਨਾਲੋਜੀ ਦੀ ਵਰਤੋਂ ਕੀਤੀ, ਜਿਸ ਨਾਲ Rh-null ਲਾਲ ਖੂਨ ਦੇ ਸੈੱਲ (ਪੂਰੀ ਤਰ੍ਹਾਂ ਤਿਆਰ ਨਹੀਂ) ਪੈਦਾ ਹੋਏ। ਬਾਰਸੀਲੋਨਾ, ਸਪੇਨ ਦੇ ਖੋਜਕਰਤਾਵਾਂ ਨੇ ਵੀ ਹਾਲ ਹੀ ਵਿੱਚ ਇੱਕ੍ਹ-ਨੁਲਲ ਦਾਨੀ ਤੋਂ ਸਟੈਮ ਸੈੱਲ ਲਏ ਅਤੇ ਕ੍ਰਿਸਪਰ-ਕੈਸ9 ਦੀ ਵਰਤੋਂ ਕਰਕੇ ਉਨ੍ਹਾਂ ਦੇ ਖੂਨ ਨੂੰ ਟਾਈਪ ਏ ਤੋਂ ਟਾਈਪ ਵਿੱਚ ਬਦਲਿਆ, ਜਿਸ ਨਾਲ ਇਹ ਹੋਰ ਵੀ ਵਿਆਪਕ ਹੋ ਗਿਆ।

ਫਿਰ ਵੀ, ਇਨ੍ਹਾਂ ਪ੍ਰਭਾਵਸ਼ਾਲੀ ਯਤਨਾਂ ਦੇ ਬਾਵਜੂਦ, ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਪ੍ਰਯੋਗਸ਼ਾਲਾ ਦੁਆਰਾ ਤਿਆਰ ਕੀਤੇ ਗਏ ਨਕਲੀ ਖੂਨ ਨੂੰ ਇੱਕ ਅਜਿਹੇ ਪੈਮਾਨੇ 'ਤੇ ਪੈਦਾ ਕਰਨਾ ਜਿੱਥੇ ਲੋਕ ਇਸਨੂੰ ਵਰਤ ਸਕਦੇ ਹਨ, ਅਜੇ ਵੀ ਬਹੁਤ ਦੂਰ ਦੀ ਗੱਲ ਲੱਗਦੀ ਹੈ। ਇੱਕ ਮੁਸ਼ਕਲ ਹੈ - ਸਟੈਮ ਸੈੱਲਾਂ ਨੂੰ ਪੂਰੀ ਤਰ੍ਹਾਂ ਤਿਆਰ ਲਾਲ ਖੂਨ ਸੈੱਲਾਂ ਵਿੱਚ ਵਿਕਸਤ ਕਰਨਾ। ਸਰੀਰ ਵਿੱਚ, ਲਾਲ ਖੂਨ ਦੇ ਸੈੱਲ ਬੋਨ ਮੈਰੋ ਵਿੱਚ ਸਥਿਤ ਸਟੈਮ ਸੈੱਲਾਂ ਤੋਂ ਉਤਪੰਨ ਹੁੰਦੇ ਹਨ, ਜੋ ਉਨ੍ਹਾਂ ਦੇ ਵਿਕਾਸ ਨੂੰ ਮਾਰਗਦਰਸ਼ਨ ਕਰਨ ਵਾਲੇ ਗੁੰਝਲਦਾਰ ਸੰਕੇਤ ਪੈਦਾ ਕਰਦੇ ਹਨ। ਇਸਨੂੰ ਪ੍ਰਯੋਗਸ਼ਾਲਾ ਵਿੱਚ ਦੁਹਰਾਉਣਾ ਮੁਸ਼ਕਲ ਹੈ। ਡੇਨੋਮ, ਵਰਤਮਾਨ ਵਿੱਚ ਗ੍ਰਿਫੋਲਸ ਡਾਇਗਨੋਸਟਿਕ ਸਲਿਊਸ਼ਨਜ਼ ਵਿੱਚ ਮੈਡੀਕਲ ਮਾਮਲਿਆਂ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ, ਜੋ ਕਿ ਇੱਕ ਸਿਹਤ ਸੰਭਾਲ ਕੰਪਨੀ ਹੈ ਅਤੇ ਟ੍ਰਾਂਸਫਿਊਜ਼ਨ ਮੈਡੀਸਨ ਵਿੱਚ ਮਾਹਰ ਹਨ। ਉਹ ਕਹਿੰਦੇ ਹਨ, "ਇੱਕ ਵਾਧੂ ਸਮੱਸਿਆ ਇਹ ਹੈ ਕਿ ਜਦੋਂ Rh-null ਜਾਂ ਕੋਈ ਹੋਰ ਨੁਲਲ ਬਲੱਡ ਗਰੁੱਪ ਬਣਾਇਆ ਜਾਂਦਾ ਹੈ, ਤਾਂ ਲਾਲ ਖੂਨ ਦੇ ਸੈੱਲਾਂ ਦੇ ਵਾਧੇ ਅਤੇ ਪਰਿਪੱਕਤਾ (ਪੂਰੀ ਤਰ੍ਹਾਂ ਤਿਆਰ ਹੋਣ) ਵਿੱਚ ਵਿਘਨ ਪੈ ਸਕਦਾ ਹੈ।" "ਖਾਸ ਬਲੱਡ ਗਰੁੱਪ ਜੀਨਾਂ ਦਾ ਉਤਪਾਦਨ ਸੈੱਲ ਝਿੱਲੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜਾਂ ਸੈੱਲ ਕਲਚਰ ਵਿੱਚ ਲਾਲ ਖੂਨ ਦੇ ਸੈੱਲਾਂ ਦੇ ਚੰਗੇ ਉਤਪਾਦਨ ਨੂੰ ਘਟਾ ਸਕਦਾ ਹੈ।" ਫਿਲਹਾਲ, ਪ੍ਰੋਫੈਸਰ ਟੋਏ 'ਰੀਸਟੋਰ' ਟ੍ਰਾਇਲ ਦੀ ਸਹਿ-ਅਗਵਾਈ ਕਰ ਰਹੇ ਹਨ, ਜੋ ਕਿ ਦੁਨੀਆਂ ਦਾ ਪਹਿਲਾ ਕਲੀਨਿਕਲ ਟ੍ਰਾਇਲ ਹੈ ਜੋ ਦਾਨ ਕੀਤੇ ਬਲੱਡ ਦੇ ਸਟੈਮ ਸੈੱਲਾਂ ਤੋਂ ਪ੍ਰਯੋਗਸ਼ਾਲਾ ਵਿੱਚ ਨਕਲੀ ਤੌਰ 'ਤੇ ਉਗਾਏ ਗਏ ਸਿਹਤਮੰਦ ਵਲੰਟੀਅਰਾਂ ਦੇ ਲਾਲ ਖੂਨ ਦੇ ਸੈੱਲਾਂ ਨੂੰ ਦੀ ਸੁਰੱਖਿਆ ਦੀ ਜਾਂਚ ਕਰਦਾ ਹੈ। ਟ੍ਰਾਇਲ ਵਿੱਚ ਨਕਲੀ ਖੂਨ ਨੂੰ ਕਿਸੇ ਵੀ ਤਰੀਕੇ ਨਾਲ ਜੀਨ ਸੰਪਾਦਿਤ ਨਹੀਂ ਕੀਤਾ ਗਿਆ ਹੈ, ਪਰ ਫਿਰ ਵੀ ਉਸ ਪੜਾਅ 'ਤੇ ਪਹੁੰਚਣ ਲਈ 10 ਸਾਲ ਦੀ ਖੋਜ ਕੀਤੀ ਗਈ ਜਿੱਥੇ ਵਿਗਿਆਨੀ ਇਸ ਨੂੰ ਮਨੁੱਖਾਂ ਵਿੱਚ ਟੈਸਟ ਕਰਨ ਲਈ ਤਿਆਰ ਸਨ। ਪ੍ਰੋਫੈਸਰ ਟੋਏ ਕਹਿੰਦੇ ਹਨ, "ਇਸ ਸਮੇਂ, ਕਿਸੇ ਦੀ ਬਾਂਹ ਤੋਂ ਖੂਨ ਕੱਢਣਾ ਬਹੁਤ ਜ਼ਿਆਦਾ ਕੁਸ਼ਲਤਾ ਮੰਗਦਾ ਹੈ ਅਤੇ ਮਹਿੰਗਾ ਵੀ ਪੈਂਦਾ ਹੈ, ਅਤੇ ਇਸ ਲਈ ਸਾਨੂੰ ਨੇੜਲੇ ਭਵਿੱਖ ਲਈ ਖੂਨ ਦਾਨੀਆਂ ਦੀ ਜ਼ਰੂਰਤ ਹੋਏਗੀ। "ਪਰ ਦੁਰਲੱਭ ਖੂਨ ਦੀਆਂ ਕਿਸਮਾਂ ਵਾਲੇ ਲੋਕਾਂ ਲਈ ਜਿੱਥੇ ਦਾਨੀ ਲੋਕ ਘੱਟ ਹੁੰਦੇ ਹਨ, ਜੇਕਰ ਅਸੀਂ ਉਨ੍ਹਾਂ ਲਈ ਹੋਰ ਖੂਨ ਵਧਾ ਸਕਦੇ ਹਾਂ ਤਾਂ ਇਹ ਸੱਚਮੁੱਚ ਦਿਲਚਸਪ ਹੋਵੇਗਾ।"

## ਅੱਤਵਾਦ ਦੀਆਂ ਡੂੰਘੀਆਂ ਜੜ੍ਹਾਂ

ਦਿੱਲੀ ਵਿਚ ਲਾਲ ਕਿਲ੍ਹੇ ਦੇ ਨੇੜੇ ਕਾਰ ਵਿਚ ਵਿਸਫੋਟ ਹੋਣ ਤੋਂ ਲੈ ਕੇ ਜਿਹੋ ਜਿਹੇ ਹੈਰਾਨ ਕਰਨ ਵਾਲੇ ਤੱਥ ਸਾਹਮਣੇ ਆ ਰਹੇ ਹਨ ਉਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਫਰੀਦਾਬਾਦ ਅੱਤਵਾਦੀ ਮਾਡਿਊਲ ਨੇ ਇਕ ਬਹੁਤ ਵੱਡੀ ਸਾਜ਼ਿਸ਼ ਘੜੀ ਸੀ। ਇਸ ਮਾਡਿਊਲ ਵਿਚ ਸ਼ਾਮਲ ਇਕ ਡਾਕਟਰ ਦੀ ਕਾਰ ਵਿਚ ਕਿਸੇ ਗਫਲਤ ਵਿਚ ਧਮਾਕਾ ਹੋਣ ਕਾਰਨ ਅੱਤਵਾਦੀ ਸਾਜ਼ਿਸ਼ ਦਾ ਭਾਂਡਾ ਤਾਂ ਭੰਨ ਹੋ ਗਿਆ ਪਰ ਇਸ ਦੀ ਅਣਦੇਖੀ ਨਾ ਕੀਤੀ ਜਾਵੇ ਕਿ ਉਹ 26/11 ਵਰਗੀ ਅੱਤਵਾਦੀ ਘਟਨਾ ਨੂੰ ਅੰਜਾਮ ਦੇਣ ਦੀ ਤਾਕ ਵਿਚ ਸਨ। ਉਨ੍ਹਾਂ ਨੇ ਇਕੱਠੇ ਕਈ ਧਮਾਕੇ ਕਰਨ ਲਈ ਕਾਰਾਂ ਜੁਟਾਉਣ ਦੇ ਨਾਲ-ਨਾਲ ਘਾਤਕ ਹਥਿਆਰਾਂ ਅਤੇ ਧਮਾਕਾਖੇਜ਼ ਸਮੱਗਰੀ ਦਾ ਜ਼ਖੀਰਾ ਜਮ੍ਹਾ ਕਰ ਲਿਆ ਸੀ।

ਇਸ ਅੱਤਵਾਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਵਧਣ ਦੇ ਨਾਲ ਹੀ ਫਰੀਦਾਬਾਦ ਦੀ ਅਲ ਫਲਾਹ ਯੂਨੀਵਰਸਿਟੀ ਦੀ ਭੂਮਿਕਾ ਨੂੰ ਲੈ ਕੇ ਸ਼ੱਕ ਡੂੰਘਾ ਹੋਣ ਕਾਰਨ ਇਹੀ ਸਪਸ਼ਟ ਹੁੰਦਾ ਹੈ ਕਿ ਕਸ਼ਮੀਰ ਤੋਂ ਲੈ ਕੇ ਦੇਸ਼ ਦੇ ਹੋਰ ਹਿੱਸਿਆਂ ਵਿਚ ਅੱਤਵਾਦ ਦੀਆਂ ਜੜ੍ਹਾਂ ਕਿਤੇ ਜ਼ਿਆਦਾ ਡੂੰਘੀਆਂ ਹੋ ਚੁੱਕੀਆਂ ਹਨ। ਅਲ ਫਲਾਹ ਯੂਨੀ-ਵਰਸਿਟੀ ਸਿਰਫ਼ ਇਸੇ ਲਈ ਕਟਹਿਰੇ ਵਿਚ ਨਹੀਂ ਕਿ ਉਹ ਅਣਕਿਆਸੇ ਢੰਗ ਨਾਲ ਵੱਡੀ ਗਿਣਤੀ ਵਿਚ ਕਸ਼ਮੀਰੀ ਡਾਕਟਰਾਂ ਨੂੰ ਨਿਯੁਕਤ ਕਰ ਰਹੀ ਸੀ ਬਲਕਿ ਇਸ ਲਈ ਵੀ ਹੈ ਕਿ ਉਸ ਨੇ ਅਜਿਹੇ ਡਾਕਟਰਾਂ ਨੂੰ ਵੀ ਨੌਕਰੀ ਦਿੱਤੀ ਜੋ ਦੂਜੀਆਂ ਥਾਵਾਂ ਤੋਂ ਬਰਖ਼ਾਸਤ ਕੀਤੇ ਗਏ ਸਨ। ਇਨ੍ਹਾਂ ’ਚੋਂ ਇਕ ਕਸ਼ਮੀਰੀ ਡਾਕਟਰ ਨੂੰ ਤਾਂ ਅੱਤਵਾਦ ਅਤੇ ਵੱਖਵਾਦ ਦੀ ਖੁੱਲ੍ਹੀ ਤਰਫ਼ਦਾਰੀ ਕਰਨ ਲਈ ਬਰਖ਼ਾਸਤ ਕੀਤਾ ਗਿਆ ਸੀ। ਇਸ ਦਾ ਮਤਲਬ ਹੈ ਕਿ ਅਲ ਫਲਾਹ ਪ੍ਰਬੰਧਨ ਕਿਸੇ ਦੀ ਨਿਯੁਕਤੀ ਤੋਂ ਪਹਿਲਾਂ ਉਸ ਦਾ ਪਿਛੋਕੜ ਜਾਂਚਣ ਦਾ ਕੰਮ ਜਾਂ ਤਾਂ ਕਰਦਾ ਹੀ ਨਹੀਂ ਸੀ ਜਾਂ ਫਿਰ ਉਸ ਦੀ ਅਣਦੇਖੀ ਕਰਨੀ ਪਸੰਦ ਕਰਦਾ ਸੀ। ਇਸ ਨੂੰ ਦੇਖਦੇ ਹੋਏ ਇਸ ਵਿੱਦਿਅਕ ਅਦਾਰੇ ਦੀ ਡੂੰਘੀ ਜਾਂਚ ਜ਼ਰੂਰੀ ਹੋ ਜਾਂਦੀ ਹੈ। ਰਾਸ਼ਟਰੀ ਜਾਂਚ ਏਜੰਸੀ ਅਤੇ ਹੋਰ ਏਜੰਸੀਆਂ ਨੂੰ ਫਰੀਦਾਬਾਦ ਅੱਤਵਾਦੀ ਮਾਡਿਊਲ ਦੀ ਤਫ਼ਤੀਸ਼ ਕਰਦੇ ਹੋਏ ਉਨ੍ਹਾਂ ਕਾਰਨਾਂ ਦੀ ਵੀ ਤਹਿ ਤੱਕ ਜਾਣਾ ਹੋਵੇਗਾ ਜਿਨ੍ਹਾਂ ਕਾਰਨ ਮਜ਼ਹਬੀ ਜਨੂੰਨ ਤੋਂ ਗ੍ਰਸਤ ਹੋ ਕੇ ਅੱਤਵਾਦ ਦੇ ਰਸਤੇ ’ਤੇ ਚੱਲਣ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਹੁਣ ਅੱਤਵਾਦ ਦੇ ਰਸਤੇ ’ਤੇ ਕੋਈ ਵੀ ਚੱਲਦਾ ਮਿਲ ਸਕਦਾ ਹੈ, ਉਹ ਚਾਹੇ ਅਨਪੜ੍ਹ ਹੋਵੇ ਜਾਂ ਉੱਚ ਸਿੱਖਿਆ ਪ੍ਰਾਪਤ, ਗ਼ਰੀਬ ਹੋਵੇ ਜਾਂ ਧਨਵਾਨ। ਤੱਥ ਇਹ ਵੀ ਹੈ ਕਿ ਕੱਟੜ ਮਜ਼ਹਬੀ ਅਨਸਰਾਂ ਦੇ ਜ਼ਹਿਰੀਲੇ ਬਿਆਨ ਮਹਿਜ਼ ਕਿਸੇ ਨੂੰ ਅੱਤਵਾਦੀ ਨਹੀਂ ਬਣਾਉਂਦੇ। ਇਸ ਦੇ ਨਾਲ ਉਨ੍ਹਾਂ ਦਾ ਮਾਹੌਲ ਅਤੇ ਖ਼ਾਸ ਤੌਰ ’ਤੇ ਅਜਿਹਾ ਜ਼ਹਿਰੀਲਾ ਨਜ਼ਰੀਆ ਵੀ ਉਨ੍ਹਾਂ ਨੂੰ ਅੱਤਵਾਦ ਦੇ ਰਾਹ ’ਤੇ ਲਿਜਾਉਣ ਦਾ ਕੰਮ ਕਰਦਾ ਹੈ ਕਿ ਉਨ੍ਹਾਂ ਨੂੰ ਹਾਸ਼ੀਏ ’ਤੇ ਧੱਕਿਆ ਜਾ ਰਿਹਾ ਹੈ ਜਾਂ ਉਨ੍ਹਾਂ ਦੇ ਲੋਕਾਂ ਨਾਲ ਦੋਇਮ ਦਰਜੇ ਦਾ ਵਿਵਹਾਰ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਇਹ ਕੂੜ-ਪ੍ਰਚਾਰ ਵੀ ਉਨ੍ਹਾਂ ਨੂੰ ਜਨੂੰਨ ਅਤੇ ਬਦਲੇ ਦੀ ਅੱਗ ਨਾਲ ਭਰਦਾ ਹੈ ਕਿ ਉਨ੍ਹਾਂ ਦੀਆਂ ਮਜ਼ਹਬੀ ਮਾਨਤਾਵਾਂ ਜਾਂ ਫਿਰ ਮਜ਼ਹਬ ਹੀ ਖ਼ਤਰੇ ਵਿਚ ਹੈ। ਅਜਿਹਾ ਕੂੜ ਪ੍ਰਚਾਰ ਸਿਰਫ਼ ਕੱਟੜਪੰਥੀ ਅਨਸਰ ਹੀ ਨਹੀਂ ਕਰਦੇ ਸਗੋਂ ਵੋਟ ਬੈਂਕ ਦੀ ਸਸਤੀ ਸਿਆਸਤ ਕਾਰਨ ਪਾਰਟੀ ਵਿਸ਼ੇਸ਼ ਦੇ ਨੇਤਾ ਵੀ ਅਜਿਹਾ ਹੀ ਕੁਝ ਮਾਹੌਲ ਬਣਾਉਂਦੇ ਰਹਿੰਦੇ ਹਨ ਜੋ ਕੌਮੀ ਸੁਰੱਖਿਆ ਲਈ ਵੱਡਾ ਖ਼ਤਰਾ ਬਣ ਰਿਹਾ ਹੈ। ਇਹ ਮਾਹੌਲ ਜਨੂੰਨੀ ਅਨਸਰਾਂ ਲਈ ਵਿਕਟਿਮ ਕਾਰਡ ਖੇਡਣ ਅਤੇ ਕਈ ਵਾਰ ਅੱਤਵਾਦ ਦੇ ਰਾਹ ’ਤੇ ਚੱਲਣ ਦਾ ਜ਼ਰੀਆ ਬਣ ਜਾਂਦਾ ਹੈ।

# ਅਮਰੀਕੀ ਸ਼ਟਡਾਊਨ ਖ਼ਤਮ: ਹੁਣ ਕੀ-ਕੀ ਬਦਲ ਜਾਵੇਗਾ

ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਸ਼ਟਡਾਊਨ ਨੂੰ ਖ਼ਤਮ ਕਰਨ ਸਬੰਧੀ ਇੱਕ ਬਿੱਲ 'ਤੇ ਦਸਤਖਤ ਕਰ ਦਿੱਤੇ ਹਨ। ਇਸ ਤੋਂ ਪਹਿਲਾਂ ਅਮਰੀਕਾ ਦੇ 'ਹਾਉਸ ਆਫ਼ ਰਿਪ੍ਰੇਜ਼ੇਂਟਿਟਿਵ' ਨੇ ਇਸ ਬਿੱਲ ਨੂੰ ਪਾਸ ਕਰ ਦਿੱਤਾ ਸੀ। ਇਹ ਬਿੱਲ 222-209 ਵੋਟਾਂ ਨਾਲ ਪਾਸ ਹੋਇਆ ਹੈ। ਹਾਉਸ ਆਫ਼ ਰਿਪ੍ਰੇਜ਼ੇਂਟਿਟਿਵ, ਅਮਰੀਕੀ ਸੰਸਦ (ਕਾਂਗਰਸ) ਦਾ ਹੇਠਲਾ ਸਦਨ ਹੈ, ਜਦਕਿ ਸੈਨੇਟ ਉੱਚ ਸਦਨ ਹੈ। ਵੋਟਿੰਗ ਦੌਰਾਨ, ਅੰਤ ਵਿੱਚ ਛੇ ਡੈਮੋਕ੍ਰੇਟਿਕ ਮੈਂਬਰਾਂ ਨੇ ਇਸ ਰਿਪਬਲਿਕਨ ਬਿੱਲ ਦਾ ਸਮਰਥਨ ਕੀਤਾ। ਜਿਸ ਮਗਰੋਂ ਇਹ ਬਿੱਲ ਰਾਸ਼ਟਰਪਤੀ ਡੌਨਲਡ ਟਰੰਪ ਕੋਲ ਦਸਤਖਤ ਲਈ ਭੇਜਿਆ ਗਿਆ ਸੀ। ਰਾਸ਼ਟਰਪਤੀ ਦੀ ਪ੍ਰਵਾਨਗੀ ਤੋਂ ਬਾਅਦ ਅਧਿਕਾਰਿਤ ਤੌਰ 'ਤੇ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਲੰਬਾ ਸਰਕਾਰੀ ਸ਼ਟਡਾਊਨ ਖਤਮ ਹੋ ਗਿਆ ਹੈ। ਬਿੱਲ ਦੇ ਪਾਸ ਹੋਣ ਤੋਂ ਬਾਅਦ, ਹਾਉਸ ਆਫ਼ ਰਿਪ੍ਰੇਜ਼ੇਂਟਿਟਿਵ ਦੇ ਸਪੀਕਰ ਮਾਈਕ ਜੌਨਸਨ ਨੇ ਕਿਹਾ, "ਅਸੀਂ ਅੱਜ ਬਹੁਤ ਰਾਹਤ ਮਹਿਸੂਸ ਕਰ ਰਹੇ ਹਾਂ। ਡੈਮੋਕ੍ਰੇਟ ਸ਼ਟਡਾਊਨ ਹੁਣ ਆਖਰਕਾਰ ਖਤਮ ਹੋ ਗਿਆ ਹੈ।" ਜੌਨਸਨ ਨੇ ਸ਼ਟਡਾਊਨ ਲਈ ਵਿਰੋਧੀ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਸ਼ਟਡਾਊਨ ਤੋਂ ਬਾਅਦ ਕਈ ਸਰਕਾਰੀ ਕੰਮਕਾਜ ਰੁਕ ਗਏ ਹਨ। ਇਸ ਤੋਂ ਇਲਾਵਾ, ਵੱਡੀ ਗਿਣਤੀ ਵਿੱਚ ਸੰਘੀ ਸਰਕਾਰ ਦੇ ਕਰਮਚਾਰੀ ਜਾਂ ਤਾਂ ਛੁੱਟੀ 'ਤੇ ਚਲੇ ਗਏ ਹਨ ਜਾਂ ਸ਼ਟਡਾਊਨ ਖਤਮ ਕਰਨ ਸਬੰਧੀ ਬਿੱਲ 'ਤੇ ਦਸਤਖਤ ਕਰਨ ਤੋਂ ਬਾਅਦ ਟਰੰਪ ਨੇ ਸਭ ਤੋਂ ਪਹਿਲਾਂ ਡੈਮੋਕਰੇਟਸ ਦੀ ਆਲੋਚਨਾ ਕੀਤੀ। ਉਨ੍ਹਾਂ ਨੇ ਸ਼ਟਡਾਊਨ ਨੂੰ "ਜ਼ਬਰਦਸਤੀ" ਕਰਾਰ ਦਿੱਤਾ। ਉਨ੍ਹਾਂ ਅੱਗੇ ਕਿਹਾ ਕਿ ਇਹ ਸ਼ਟਡਾਊਨ "ਸਿਰਫ਼ ਸਿਆਸੀ ਕਾਰਨਾਂ ਕਰਕੇ" ਹੋਇਆ। ਬਿੱਲ 'ਤੇ ਦਸਤਖਤ ਕਰਨ ਤੋਂ ਠੀਕ ਪਹਿਲਾਂ ਰਾਸ਼ਟਰਪਤੀ ਨੇ ਕਿਹਾ "ਦੇਸ਼ ਕਦੇ ਵੀ ਬਿਹਤਰ ਸਥਿਤੀ ਵਿੱਚ ਨਹੀਂ ਰਿਹਾ।" "ਇਹ ਇੱਕ ਵਧੀਆ ਦਿਨ ਹੈ।"

ਇਸ ਦੇ ਨਾਲ ਹੀ ਉਨ੍ਹਾਂ ਅਮਰੀਕੀ ਵੋਟਰਾਂ ਨੂੰ ਇਹ ਪਲ ਯਾਦ ਰੱਖਣ ਲਈ ਵੀ ਕਿਹਾ। ਉਨ੍ਹਾਂ ਕਿਹਾ, "ਮੈਂ ਅਮਰੀਕੀ ਲੋਕਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਮੱਧਕਾਲੀ ਚੋਣਾਂ ਹੋਣਗੀਆਂ ਤਾਂ ਤੁਹਾਨੂੰ ਇਹ ਨਹੀਂ ਭੁੱਲਣਾ ਚਾਹੀਦਾ।" ਉਨ੍ਹਾਂ ਕਿਹਾ, ਡੈਮੋਕਰੇਟਸ "ਲੱਖਾਂ ਅਮਰੀਕੀਆਂ ਨੂੰ ਪਰੇਸ਼ਾਨ ਦੇਖ ਕੇ ਖੁਸ਼ ਸਨ।" ਟਰੰਪ ਦਾ ਕਹਿਣਾ ਹੈ ਕਿ ਇਸ ਸ਼ਟਡਾਊਨ ਨਾਲ 20,000 ਉਡਾਣਾਂ ਪ੍ਰਭਾਵਿਤ ਹੋਈਆਂ ਹਨ ਅਤੇ "ਲੋਕਾਂ ਨੂੰ ਬਹੁਤ ਜ਼ਿਆਦਾ ਨੁਕਸਾਨ ਹੋਇਆ"। ਉਨ੍ਹਾਂ ਕਿਹਾ, ਸ਼ਟਡਾਊਨ ਕਾਰਨ 20,000 ਤੋਂ ਵੱਧ ਉਡਾਣਾਂ ਵਿੱਚ ਦੇਰੀ ਹੋਈ ਜਾਂ ਫਲਾਇਟਸ ਰੱਦ ਕਰ ਦਿੱਤੀਆਂ ਗਈਆਂ ਅਤੇ ਭੋਜਨ ਲਾਭ ਕੱਟ ਦਿੱਤੇ ਗਏ ਅਤੇ ਸੰਘੀ ਕਰਮਚਾਰੀਆਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਜਾਂ ਉਨ੍ਹਾਂ ਨੂੰ ਤਨਖਾਹਾਂ ਨਹੀਂ ਮਿਲੀਆਂ। ਅਮਰੀਕੀ ਸਰਕਾਰ ਨੂੰ ਚਲਾਉਣ ਲਈ ਹਰ ਸਾਲ ਇੱਕ ਬਜਟ ਪਾਸ ਕਰਨਾ




ਉਹ ਬਿਨਾਂ ਤਨਖਾਹ ਦੇ ਕੰਮ ਕਰ ਰਹੇ ਹਨ। ਦਰਅਸਲ, ਸਰਕਾਰੀ ਖਰਚਿਆਂ ਨਾਲ ਸਬੰਧਤ ਇੱਕ ਬਿੱਲ ਸੈਨੇਟ ਵਿੱਚ ਪਾਸ ਨਹੀਂ ਹੋ ਸਕਿਆ ਸੀ। ਸੈਨੇਟ ਮੈਂਬਰਾਂ ਨੇ 14 ਵਾਰ ਇਸ ਬਿੱਲ ਨੂੰ ਖਾਰਿਜ ਕਰ ਦਿੱਤਾ ਸੀ। ਇਸ ਕਾਰਨ ਅਮਰੀਕਾ ਵਿੱਚ ਸ਼ਟਡਾਊਨ ਦੀ ਸਥਿਤੀ ਬਣੀ।

### ਸਭ ਕੁਝ ਆਮ ਹੋਣ ਵਿੱਚ ਕਿੰਨਾ ਸਮਾਂ ਲੱਗੇਗਾ?

ਸ਼ਟਡਾਊਨ ਖਤਮ ਹੋਣ ਦੇ ਨਾਲ ਹੀ ਕੁਝ ਸੰਘੀ ਕਰਮਚਾਰੀਆਂ ਅਤੇ ਠੇਕੇਦਾਰਾਂ ਦੇ ਵੀਰਵਾਰ ਸਵੇਰ ਤੋਂ ਹੀ ਕੰਮ 'ਤੇ ਵਾਪਸ ਆਉਣ ਦੀ ਉਮੀਦ ਹੈ। ਹਾਲਾਂਕਿ, ਉਮੀਦ ਹੈ ਕਿ 43 ਦਿਨਾਂ ਦੇ ਬੰਦ ਦਾ ਪੂਰਾ ਪ੍ਰਭਾਵ ਅਜੇ ਵੀ ਅਮਰੀਕੀਆਂ ਨੂੰ ਹਫ਼ਤਿਆਂ ਲਈ ਪ੍ਰਭਾਵਿਤ ਕਰੇਗਾ। ਬਾਈਪਾਰਟੀਸਨ ਪਾਲਿਸੀ ਸੈਂਟਰ ਦੇ ਅਨੁਸਾਰ, ਬੰਦ ਦੌਰਾਨ 6,70,000 ਸਰਕਾਰੀ ਕਰਮਚਾਰੀਆਂ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਸੀ। ਹੋਰ 7,30,000 ਨੂੰ ਬਿਨਾਂ ਤਨਖਾਹ ਦੇ ਕੰਮ ਕਰਨਾ ਪਿਆ। ਹੁਣ ਜਦੋਂ ਬੰਦ ਖਤਮ ਹੋ ਗਿਆ ਹੈ, ਤਾਂ ਉਹ ਆਉਣ ਵਾਲੇ ਦਿਨਾਂ ਵਿੱਚ ਕਰਮਚਾਰੀਆਂ ਨੂੰ ਤਨਖਾਹਾਂ ਪ੍ਰਾਪਤ ਕਰਨ ਦੀ ਉਮੀਦ ਹੈ ਅਤੇ ਜੋ ਕੰਮ ਨਹੀਂ ਕਰ ਰਹੇ ਸਨ ਉਨ੍ਹਾਂ ਦੇ ਦਫ਼ਤਰ ਵਾਪਸ ਆਉਣ ਦੀ ਉਮੀਦ ਹੈ। ਸੰਘੀ ਸਰਕਾਰ ਦੁਆਰਾ ਪ੍ਰਬੰਧਿਤ ਕੌਮੀ ਪਾਰਕ, ਜੰਗਲ, ਲੈਂਡਮਾਰਕ ਅਤੇ ਹੋਰ ਜਾਇਦਾਦਾਂ ਵੀ ਜਨਤਾ ਲਈ ਦੁਬਾਰਾ ਖੁੱਲ੍ਹ ਜਾਣਗੀਆਂ, ਸਟਾਫ ਆਪਣੀਆਂ ਆਮ ਡਿਊਟੀਆਂ 'ਤੇ ਵਾਪਸ ਆ ਜਾਵੇਗਾ। ਹਾਲਾਂਕਿ ਇਹ ਬਿਲਕੁਲ ਸਪਸ਼ਟ ਨਹੀਂ ਹੈ ਕਿ ਉਹ ਕਦੋਂ ਦੁਬਾਰਾ ਖੁੱਲ੍ਹਣਗੇ, ਪਰ ਪਿਛਲੀ ਵਾਰ ਹੋਏ ਸ਼ਟਡਾਊਨ ਤੋਂ ਬਾਅਦ ਸਮਿਥਸੋਨੀਅਨ ਅਜਾਇਬ ਘਰਾਂ ਨੂੰ ਦੁਬਾਰਾ ਖੋਲ੍ਹਣ ਵਿੱਚ ਚਾਰ ਦਿਨ ਲੱਗੇ ਸਨ, ਇਸ ਵਾਰ ਵੀ ਉਸੇ ਹਿਸਾਬ ਨਾਲ ਕੁਝ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਸਨੈਪ ਲਾਭ, ਜਿਨ੍ਹਾਂ ਨੂੰ ਫੂਡ ਸਟੈਂਪ ਵੀ ਕਿਹਾ ਜਾਂਦਾ ਹੈ, ਨੂੰ ਤੁਰੰਤ ਪੂਰੀ ਤਰ੍ਹਾਂ ਉਪਲੱਭਧ ਕਰਵਾਏ ਜਾਣ ਦੀ ਉਮੀਦ ਹੈ, ਜੋ ਲਗਭਗ 42 ਮਿਲੀਅਨ ਲੋਕਾਂ ਨੂੰ ਭੋਜਨ ਸਹਾਇਤਾ ਪ੍ਰਦਾਨ ਕਰਦੇ ਹਨ। ਕੁਝ ਸੰਘੀ ਪ੍ਰੋਗਰਾਮਾਂ ਨੂੰ ਮੁੜ ਚਾਲੂ ਹੋਣ ਵਿੱਚ ਜ਼ਿਆਦਾ ਸਮਾਂ ਲੱਗੇਗਾ। ਲਗਭਗ 6 ਮਿਲੀਅਨ ਘੱਟ ਆਮਦਨ ਵਾਲੇ ਪਰਿਵਾਰਾਂ ਦੁਆਰਾ ਵਰਤਿਆ ਜਾਣ ਵਾਲਾ ਹੀਟਿੰਗ ਸਬਸਿਡੀ ਪ੍ਰੋਗਰਾਮ, ਲੀਹੀਪ, ਹਫ਼ਤਿਆਂ ਲਈ ਉਪਲੱਬਧ ਨਹੀਂ ਹੋਵੇਗਾ। ਹੈੱਡ ਸਟਾਰਟ, ਮੁਢਲੀ ਸਿੱਖਿਆ ਸਬੰਧੀ ਪ੍ਰੋਗਰਾਮ ਨੂੰ ਵੀ ਮੁੜ ਸ਼ੁਰੂ ਹੋਣ ਵਿੱਚ ਹਫ਼ਤੇ ਲੱਗ ਸਕਦੇ ਹਨ। ਅਮਰੀਕੀ ਹਵਾਈ ਅੱਡਿਆਂ 'ਤੇ ਆਮ ਕੰਮਕਾਜ ਸ਼ੁਰੂ ਹੋ ਜਾਵੇਗਾ, ਪਰ ਇਸ ਵਿੱਚ ਕੁਝ ਸਮਾਂ ਲੱਗ ਸਕਦਾ ਹੈ। ਇਹ ਫੈਡਰਲ ਏਵੀਏਸ਼ਨ ਪ੍ਰਸ਼ਾਸਨ ਦੁਆਰਾ ਦੇਸ਼ ਦੇ 40 ਸਭ ਤੋਂ ਵੱਡੇ ਹਵਾਈ ਅੱਡਿਆਂ 'ਤੇ ਉਡਾਣਾਂ ਵਿੱਚ ਕਟੌਤੀ ਦੇ ਆਦੇਸ਼ ਦੇਣ ਤੋਂ ਬਾਅਦ ਆਇਆ ਹੈ, ਕਿਉਂਕਿ ਹਵਾਈ ਟ੍ਰੈਫਿਕ ਕੰਟਰੋਲਰਾਂ ਨੇ ਬਿਨਾਂ ਤਨਖਾਹ ਦੇ ਕੰਮ ਕਰਨ ਦੀ ਬਜਾਏ ਕੰਮ ਨਾ ਕਰਨ ਦਾ ਫੈਸਲਾ ਕੀਤਾ ਸੀ।

### ਅਮਰੀਕੀ ਇਤਿਹਾਸ ਦਾ ਸਭ ਤੋਂ ਲੰਬਾ ਸ਼ਟਡਾਊਨ

ਇਹ ਸ਼ਟਡਾਊਨ 1 ਅਕਤੂਬਰ ਨੂੰ ਸ਼ੁਰੂ ਹੋਇਆ ਸੀ, ਜੋ 43 ਦਿਨਾਂ ਲਈ ਜਾਰੀ ਰਿਹਾ ਹੈ। ਇਸ ਨੇ 35 ਦਿਨਾਂ ਦੇ ਪਿਛਲੇ ਸਭ ਤੋਂ ਲੰਬੇ ਸ਼ਟਡਾਊਨ ਦੇ ਰਿਕਾਰਡ ਨੂੰ ਤੋੜ ਦਿੱਤਾ ਹੈ, ਜੋ ਕਿ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਹੋਇਆ ਸੀ।

ਪੈਂਦਾ ਹੈ। ਜੇਕਰ ਸੈਨੇਟ ਅਤੇ ਹਾਊਸ ਫੰਡਿੰਗ ਬਿੱਲ 'ਤੇ ਅਸਹਿਮਤ ਹੁੰਦੇ ਹਨ, ਤਾਂ ਸਰਕਾਰੀ ਏਜੰਸੀਆਂ ਦੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਦਿੱਤੀਆਂ ਜਾ ਸਕਦੀਆਂ। ਨਤੀਜੇ ਵਜੋਂ, 'ਗੈਰ-ਜ਼ਰੂਰੀ' ਸੇਵਾਵਾਂ ਅਤੇ ਦਫ਼ਤਰ ਬੰਦ ਹੋ ਜਾਂਦੇ ਹਨ। ਇਸੇ ਨੂੰ ਫੈਡਰਲ ਸ਼ਟਡਾਊਨ ਕਿਹਾ ਜਾਂਦਾ ਹੈ।

### ਸਮੱਸਿਆ ਕੀ ਸੀ ਅਤੇ ਹਾਲਾਤ ਇੱਥੇ ਕਿਵੇਂ ਪਹੁੰਚੇ?

ਰਿਪਬਲਿਕਨ ਸਰਕਾਰ ਨੂੰ ਬਿਨ੍ਹਾਂ ਕਿਸੇ ਹੋਰ ਪਹਿਲਕਦਮੀ ਦੇ ਫੰਡ ਰਿਲੀਜ਼ ਕਰਨ ਵਾਲਾ ਬਿੱਲ ਪਾਸ ਕਰਨ ਲਈ ਜ਼ੋਰ ਪਾ ਰਹੇ ਸਨ, ਜਿਸ ਨੂੰ ਕਲੀਨ ਸੀਆਰ ਜਾਂ ਨਿਰੰਤਰ ਮਤਾ ਕਿਹਾ ਜਾਂਦਾ ਹੈ। ਪਰ ਉਨ੍ਹਾਂ ਕੋਲ ਸੈਨੇਟ ਵਿੱਚ ਸਿਰਫ਼ 53 ਸੀਟਾਂ ਸਨ ਅਤੇ ਅਜਿਹਾ ਬਿੱਲ ਪਾਸ ਕਰਨ ਲਈ ਉਨ੍ਹਾਂ ਨੂੰ 60 ਵੋਟਾਂ ਦੀ ਲੋੜ ਹੁੰਦੀ ਹੈ। ਇਸ ਲਈ, ਉਨ੍ਹਾਂ ਨੂੰ ਡੈਮੋਕਰੇਟਸ ਦੀ ਲੋੜ ਸੀ ਅਤੇ ਡੈਮੋਕਰੇਟ ਇਹ ਜਾਣਦੇ ਸਨ। ਉਹ ਸਿਹਤ ਸੰਭਾਲ ਵਿੱਚ ਆਪਣੇ ਨੀਤੀਗਤ ਟੀਚਿਆਂ ਨੂੰ ਅੱਗੇ ਵਧਾਉਣ ਲਈ ਇਸ ਦਾ ਲਾਭ ਉਠਾ ਰਹੇ ਸਨ। ਉਨ੍ਹਾਂ ਦੇ ਟੀਚਿਆਂ ਵਿੱਚ ਦੋ ਪੱਖ ਸ਼ਾਮਲ ਸਨ। ਇਹ ਯਕੀਨੀ ਬਣਾਉਣਾ ਕਿ ਘੱਟ ਆਮਦਨ ਵਾਲੇ ਲੋਕਾਂ ਲਈ ਸਿਹਤ ਬੀਮੇ ਲਈ ਸਬਸਿਡੀਆਂ ਦੀ ਮਿਆਦ ਖ਼ਤਮ ਨਾ ਹੋਵੇ, ਟਰੰਪ ਪ੍ਰਸ਼ਾਸਨ ਵੱਲੋਂ ਮੈਡੀਕੇਡ ਵਿੱਚ ਕਟੌਤੀਆਂ ਨੂੰ ਉਲਟਾਇਆ ਜਾ ਸਕੇ। ਡੈਮੋਕ੍ਰੇਟਸ ਨੇ ਟਰੰਪ ਵੱਲੋਂ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਅਤੇ ਰਾਸ਼ਟਰੀ ਸਿਹਤ ਸੰਸਥਾਵਾਂ ਨੂੰ ਦਿੱਤੀਆਂ ਜਾਣ ਵਾਲੀਆਂ ਕਟੌਤੀਆਂ ਬਾਰੇ ਵੀ ਚਿੰਤਾਵਾਂ ਜ਼ਾਹਰ ਕੀਤੀਆਂ ਸਨ। ਰਿਪਬਲਿਕਨ ਪੱਖ ਤੋਂ ਟਰੰਪ ਪ੍ਰਸ਼ਾਸਨ ਦੇ ਅਧਿਕਾਰੀ ਕੋਈ ਵੀ ਠੋਸ ਰਿਆਇਤਾਂ ਦੇਣ ਲਈ ਤਿਆਰ ਨਹੀਂ ਸਨ।

### ਪਿਛਲੇ ਸ਼ਟਡਾਊਨ ਕਿੰਨੇ ਲੰਬੇ ਚੱਲੇ ਸਨ?

ਅਮਰੀਕਾ ਵਿੱਚ ਸਰਕਾਰੀ ਸ਼ਟਡਾਊਨ ਆਮ ਹੁੰਦਾ ਜਾ ਰਿਹਾ ਹੈ, ਡੌਨਲਡ ਟਰੰਪ ਦੇ ਪਹਿਲੇ ਰਾਸ਼ਟਰਪਤੀ ਕਾਰਜਕਾਲ ਵਿੱਚ ਅਜਿਹੇ ਤਿੰਨ ਮਾਮਲੇ ਸਾਹਮਣੇ ਆਏ ਹਨ। ਟਰੰਪ ਤੋਂ ਪਹਿਲਾਂ ਬਿਲ ਕਲਿੰਟਨ ਦੇ ਰਾਸ਼ਟਰਪਤੀ ਦੌਰ ਦਾ ਰਿਕਾਰਡ ਸੀ। ਜਦੋਂ 1995 ਵਿੱਚ ਕਲਿੰਟਨ ਰਾਸ਼ਟਰਪਤੀ ਵਜੋਂ ਆਪਣੇ ਪਹਿਲੇ ਕਾਰਜਕਾਲ ਦੇ ਆਖ਼ਰੀ ਦਿਨ੍ਹਾਂ ਵਿੱਚ ਸਨ ਤਾਂ 21 ਦਿਨਾਂ ਦਾ ਫੈਡਰਲ ਸ਼ਟਡਾਊਨ ਰਿਹਾ ਸੀ।

ਰਿਪਬਲਿਕਨਾਂ ਨੇ ਕਲਿੰਟਨ ਦੇ ਪਹਿਲੇ ਕਾਰਜਕਾਲ ਦੇ ਅੱਧ ਵਿੱਚ ਹਾਊਸ ਅਤੇ ਸੈਨੇਟ ਦੋਵਾਂ ਦਾ ਕੰਟਰੋਲ ਲੈ ਲਿਆ ਸੀ ਅਤੇ ਉਹ ਇੱਕ ਅਜਿਹਾ ਬਜਟ ਪਾਸ ਕਰਨਾ ਚਾਹੁੰਦੇ ਸਨ ਜੋ, ਹੋਰ ਚੀਜ਼ਾਂ ਦੇ ਨਾਲ, ਮੈਡੀਕੇਅਰ ਲਈ ਖ਼ਰਚ ਨੂੰ ਸੀਮਤ ਕਰ ਸਕੇ। ਇਸੇ ਤਰ੍ਹਾਂ, ਬਰਾਕ ਬਾਮਾ ਨੇ 2013 ਵਿੱਚ ਤਤਕਾਲੀ ਰਾਸ਼ਟਰਪਤੀ ਦੇ ਪ੍ਰਸਤਾਵਿਤ ਸਿਹਤ ਸੰਭਾਲ ਕਾਨੂੰਨ ਨੂੰ ਲੈ ਕੇ 16 ਦਿਨਾਂ ਦਾ ਸ਼ਟਡਾਊਨ ਦਾ ਸਾਹਮਣਾ ਕੀਤਾ ਸੀ। ਰਿਪਬਲਿਕਨ ਰਾਸ਼ਟਰਪਤੀ ਰੌਨਾਲਡ ਰੀਗਨ ਨੇ ਆਪਣੇ ਰਾਸ਼ਟਰਪਤੀ ਕਾਰਜਕਾਲ ਦੌਰਾਨ ਸਭ ਤੋਂ ਵੱਧ ਸ਼ਟਡਾਊਨ ਦੇਖੇ। 1980 ਦੇ ਦਹਾਕੇ ਵਿੱਚ ਉਨ੍ਹਾਂ ਦੇ ਦੋ ਕਾਰਜਕਾਲਾਂ ਦੌਰਾਨ ਅੱਠ ਸ਼ਟਡਾਊਨ ਦਰਜ ਕੀਤੇ ਗਏ। ਹਾਲਾਂਕਿ, ਇਹ ਸਾਰੇ ਮੁਕਾਬਲਤਨ ਛੋਟੇ ਸਨ, ਸਭ ਤੋਂ ਲੰਬਾ ਫੰਡਿੰਗ ਸ਼ਟਡਾਊਨ ਵੀ ਮਹਿਜ਼ ਤਿੰਨ ਦਿਨਾਂ ਤੱਕ ਰਿਹਾ ਸੀ।

# ਭਾਰਤ ਦੀ ਰਣਨੀਤਕ ਪਹੁੰਚ

ਅਮਰੀਕਾ ਵੱਲੋਂ ਨਿਰੰਤਰ ਦਬਾਅ ਬਣਾਉਣ ਦੇ ਬਾਵਜੂਦ ਭਾਰਤ ਰੂਸ ਨਾਲ ਆਪਣਾ ਸਹਿਯੋਗ ਘਟਾਉਣ ਦੇ ਰੌਂਅ ਵਿੱਚ ਨਹੀਂ ਹੈ। ਭਾਰਤ ਦੀ ਸਰਕਾਰੀ ਕੰਪਨੀ ਹਿੰਦੁਸਤਾਨ ਐਰੋਨੌਟਿਕਸ ਲਿਮਟਿਡ ਨੇ ਰੂਸ ਦੀ ਜਨਤਕ ਪੱਧਰ ਦੀ ਸਾਂਝੀ ਸਟਾਕ ਕੰਪਨੀ ਯੂਨਾਈਟਿਡ ਏਅਰਕ੍ਰਾਫਟ ਕਾਰਪੋਰੇਸ਼ਨ (ਅਮਰੀਕਾ ਦੁਆਰਾ ਪਾਬੰਦੀਸ਼ੁਦਾ ਫਰਮ) ਨਾਲ ਭਾਰਤ ਵਿੱਚ ਐਸਜੇ-100 ਜੈੱਟ ਬਣਾਉਣ ਲਈ ਇੱਕ ਸਮਝੌਤਾ ਕੀਤਾ ਹੈ। ਇਸ ਪਹਿਲਕਦਮੀ ਨਾਲ ਭਾਰਤ ਦੇ ਸਿਵਲ ਹਵਾਬਾਜ਼ੀ ਖੇਤਰ ਵਿੱਚ ਆਤਮ-ਨਿਰਭਰਤਾ ਨੂੰ ਹੁਲਾਰਾ ਮਿਲਣ ਤੇ ਐਰੋਸਪੇਸ ਨਿਰਮਾਣ ਦਾ ਕੇਂਦਰ ਬਣਨ ਦੇ ਇਸ ਦੇ ਸੁਪਨੇ ਨੂੰ ਬਲ ਮਿਲਣ ਦੀ ਉਮੀਦ ਹੈ। ਇਹ ਸਮਝੌਤਾ, ਹਵਾਬਾਜ਼ੀ ਤੋਂ ਇਲਾਵਾ, ਨਵੀਂ ਦਿੱਲੀ ਦੀ ਮਾਸਕੋ ਨਾਲ ਰਣਨੀਤਕ ਸਬੰਧ ਬਣਾਈ ਰੱਖਣ ਦੀ ਵਿਹਾਰਕ ਪਹੁੰਚ ਨੂੰ ਉਜਾਗਰ ਕਰਦਾ ਹੈ, ਭਾਵੇਂ ਇਸ ਨਾਲ ਵਾਸ਼ਿੰਗਟਨ ਨਾਰਾਜ਼ ਵੀ ਹੋ ਜਾਵੇ। ਇਸੇ ਤਰ੍ਹਾਂ ਇੰਡੀਅਨ ਆਇਲ ਕਾਰਪੋਰੇਸ਼ਨ ਅਤੇ ਹੋਰ ਭਾਰਤੀ ਤੇਲ ਕੰਪਨੀਆਂ ਕੱਚੇ ਰੂਸੀ ਤੇਲ ਦੀ ਖ਼ਰੀਦ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕਰ ਸਕਦੀਆਂ। ਹਾਲੀਆ ਅਮਰੀਕੀ ਪਾਬੰਦੀਆਂ ਵਿੱਚ ਇੱਕ ਕਮੀ ਹੈ; ਇਹ ਕੁਝ ਖ਼ਾਸ ਰੂਸੀ ਸਪਲਾਇਰਾਂ ਨੂੰ ਹੀ ਪਾਬੰਦੀ ਦੇ ਘੇਰੇ ਵਿੱਚ ਲਿਆਉਂਦੀਆਂ ਹਨ, ਤੇਲ ਨੂੰ ਨਹੀਂ। ਇਸ ਦਾ ਮਤਲਬ ਹੈ ਕਿ ਰੂਸ ਦੀ ਧਰਤੀ ’ਚੋਂ ਕੱਚਾ ਤੇਲ ਉਨ੍ਹਾਂ ਫਰਮਾਂ ਰਾਹੀਂ ਮੰਗਵਾਇਆ ਜਾ ਸਕਦਾ ਹੈ ਜਿਨ੍ਹਾਂ ’ਤੇ ਪਾਬੰਦੀ ਨਹੀਂ ਲੱਗੀ, ਜਿਸ ਨਾਲ ਸਪਲਾਈ ਜਾਰੀ ਰਹਿ ਸਕਦੀ ਹੈ। ਇਹ ਬੰਦੋਬਸਤ ਭਾਰਤ ਦੇ ਨਾਲ-ਨਾਲ ਰੂਸ ਲਈ ਵੀ ਢੁੱਕਵਾਂ ਹੈ, ਜੋ ਸਜ਼ਾ ਵਰਗੀਆਂ ਪਾਬੰਦੀਆਂ ਦੇ ਅਸਰ ਨੂੰ ਘੱਟ ਕਰਦਾ ਹੈ।

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਮਜਬੂਰ ਹੋ ਕੇ ਮੰਨ ਲਿਆ ਹੈ ਕਿ ਰੂਸ ਦੇ ਮਾਮਲੇ ਵਿੱਚ ਆਪਣੀ ਗੱਲ ਮੰਨਵਾਉਣ ਲਈ ਭਾਰਤ ’ਤੇ ਦਬਾਅ ਬਣਾਉਣਾ ਔਖਾ ਹੈ। ਇੱਕ ਸ਼ੁਰੂਆਤੀ ਵਪਾਰਕ ਸਮਝੌਤੇ ਵੱਲ ਸੰਕੇਤ ਕਰਦਿਆਂ, ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ‘ਸਭ ਤੋਂ ਵਧੀਆ ਦਿਸਣ ਵਾਲਾ ਵਿਅਕਤੀ’ ਕਰਾਰ ਦਿੱਤਾ ਹੈ ਜੋ ‘ਬਹੁਤ ਸਖ਼ਤ ਸੁਭਾਅ’ ਰੱਖਦਾ ਹੈ। ਜ਼ਰੂਰੀ ਨਹੀਂ ਕਿ ਇਸ ਪ੍ਰਸ਼ੰਸਾ ਦਾ ਮਤਲਬ ਹੈ ਕਿ ਟਰੰਪ ਭਾਰਤ ਨੂੰ ਪਰਖਣਾ ਬੰਦ ਕਰ ਦੇਣਗੇ, ਪਰ ਇਸ ਵਿੱਚੋਂ ਉਨ੍ਹਾਂ ਦੀ ਲੈਣ-ਦੇਣ ਵਾਲੀ ਵਿਸ਼ੇਸ਼ ਕੂਟਨੀਤੀ ਝਲਕਦੀ ਹੈ। ਉਹ ਲੰਮੇ ਸਮੇਂ ਤੋਂ ਲਟਕ ਰਹੇ ਵਪਾਰਕ ਸਮਝੌਤੇ ਨੂੰ ਮੁੜ ਲੀਹ ’ਤੇ ਲਿਆਉਣਾ ਚਾਹੁੰਦੇ ਹਨ, ਭਾਵੇਂ ਕਿ ਉਨ੍ਹਾਂ ਵੱਲੋਂ ਭਾਰਤ-ਪਾਕਿਸਤਾਨ ਜੰਗਬੰਦੀ ਕਰਵਾਉਣ ਬਾਰੇ ਵਾਰ-ਵਾਰ ਕੀਤੇ ਗਏ ਦਾਅਵਿਆਂ ਨੂੰ ਮੋਦੀ ਸਰਕਾਰ ’ਚ ਕੋਈ ਮਾਨਤਾ ਨਹੀਂ ਦਿੰਦਾ।

ਭਾਰਤ ਨੇ ਟਰੰਪ ਦੀਆਂ ਠੰਢੀਆਂ-ਗਰਮ ਰਣਨੀਤੀਆਂ ਤੋਂ ਨਾ ਭੜਕ ਕੇ ਚੰਗਾ ਕੰਮ ਕੀਤਾ ਹੈ। ਨਵੀਂ ਦਿੱਲੀ ਵਿਆਪਕ ਨਜ਼ਰੀਆ ਰੱਖਦੀ ਹੈ, ਜਿੱਥੇ ਮਾਸਕੋ ਦਾ ਆਪਣਾ ਵਿਸ਼ੇਸ਼ ਸਥਾਨ ਹੈ, ਪਰ ਇਹ ਵਾਸ਼ਿੰਗਟਨ ਨਾਲ ਆਰਥਿਕ ਸਬੰਧਾਂ ਨੂੰ ਸਥਿਰ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ। ਭਾਰਤ ਦਾ ਫੌਰੀ ਟੀਚਾ ਹੋਣਾ ਚਾਹੀਦਾ ਹੈ ਕਿ ਬਿਨਾਂ ਜ਼ਿਆਦਾ ਢਿੱਲ ਦਿੱਤਿਆਂ ਟੈਰਿਫ ਮੋਰਚੇ ’ਤੇ ਅਤਿ ਲੋੜੀਂਦੀ ਰਾਹਤ ਹਾਸਲ ਕੀਤੀ ਜਾਵੇ।

# ਡਾਇਬਿਟੀਜ਼ ਕੰਟਰੋਲ ਕਰਨ ਲਈ ਜੀਵਨ ਸ਼ੈਲੀ 'ਚ ਬਦਲਾਅ ਕਰੋ

ਜਦੋਂ ਲੋਕ ਸ਼ੂਗਰ ਸ਼ਬਦ ਸੁਣਦੇ ਹਨ ਤਾਂ ਸਭ ਤੋਂ ਪਹਿਲਾਂ ਜੋ ਗੱਲ ਮਨ ਵਿੱਚ ਆਉਂਦੀ ਹੈ ਉਹ ਇਹ ਹੈ ਕਿ ਇਸਨੂੰ ਮਿਠਾਈਆਂ ਜਾਂ ਖੰਡ ਨੂੰ ਕੱਟ ਕੇ ਕੰਟਰੋਲ ਕੀਤਾ ਜਾ ਸਕਦਾ ਹੈ। ਹਾਲਾਂਕਿ, ਸ਼ੂਗਰ ਨੂੰ ਕੰਟਰੋਲ ਕਰਨ ਲਈ ਸਿਰਫ਼ ਮਿਠਾਈਆਂ ਤੋਂ ਪਰਹੇਜ਼ ਕਰਨਾ ਕਾਫ਼ੀ ਨਹੀਂ ਹੈ। ਜੀਵਨ ਸ਼ੈਲੀ ਵਿੱਚ ਹੋਰ ਬਦਲਾਅ ਕਰਨਾ ਵੀ ਮਹੱਤਵਪੂਰਨ ਹੈ। ਹਾਂ, ਸ਼ੂਗਰ ਇੱਕ ਜੀਵਨ ਸ਼ੈਲੀ ਨਾਲ ਸਬੰਧਤ ਬਿਮਾਰੀ ਹੈ। ਇਸ ਲਈ, ਇਸਨੂੰ ਕੰਟਰੋਲ ਕਰਨ ਲਈ ਜੀਵਨ ਸ਼ੈਲੀ ਵਿੱਚ ਸੁਧਾਰ ਜ਼ਰੂਰੀ ਹਨ। ਆ ਜਾਣਦੇ ਹਾਂ ਕਿ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ ਲਈ ਜੀਵਨ ਸ਼ੈਲੀ ਵਿੱਚ ਕਿਹੜੇ ਬਦਲਾਅ ਕੀਤੇ ਜਾਣੇ ਚਾਹੀਦੇ ਹਨ।

### ਸਿਹਤਮੰਦ ਅਤੇ ਸੰਤੁਲਿਤ ਖੁਰਾਕ


ਜਦੋਂ ਕਿ ਖੰਡ ਤੋਂ ਬਚਣਾ ਠੀਕ ਹੈ, ਪਰ ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਤੁਸੀਂ ਕੀ ਖਾਂਦੇ ਹੋ। ਚਿੱਟੀ ਰੋਟੀ, ਰਿਫਾਇੰਡ ਆਟਾ ਅਤੇ ਚੌਲਾਂ ਦੀ ਬਜਾਏ, ਆਪਣੀ ਖੁਰਾਕ ਵਿੱਚ ਜੌਂ, ਟਸ, ਭੂਰੇ ਚੌਲ ਅਤੇ ਰਾਗੀ ਵਰਗੇ ਸਾਬਤ ਅਨਾਜ ਸ਼ਾਮਲ ਕਰੋ। ਇਨ੍ਹਾਂ ਵਿੱਚ ਫਾਈਬਰ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜੋ ਖੰਡ ਨੂੰ ਹੌਲੀ-ਹੌਲੀ ਛੱਡਦੀ ਹੈ। ਹਰੀਆਂ ਪੱਤੇਦਾਰ ਸਬਜ਼ੀਆਂ, ਬੀਨਜ਼, ਦਾਲਾਂ ਅਤੇ ਫਲ ਫਾਈਬਰ ਦੇ ਵਧੀਆ ਸਰੋਤ ਹਨ। ਦਾਲਾਂ, ਅੰਡੇ, ਮੱਛੀ, ਟੋਫੂ ਅਤੇ ਗਿਰੀਆਂ ਵੀ ਖਾਣਾ ਯਕੀਨੀ ਬਣਾ । ਇਹ ਭੁੱਖ ਨੂੰ ਕੰਟਰੋਲ ਕਰਦਾ ਹੈ ਅਤੇ ਊਰਜਾ ਦੇ ਪੱਧਰ ਨੂੰ ਸਥਿਰ ਕਰਦਾ ਹੈ।

### ਨਿਯਮਤ ਸਰੀਰਕ ਗਤੀਵਿਧੀ

ਡਾਇਬੀਟੀਜ਼ ਪ੍ਰਬੰਧਨ ਲਈ ਕਸਰਤ ਬਹੁਤ ਜ਼ਰੂਰੀ ਹੈ। ਨਿਯਮਤ ਕਸਰਤ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਵਧਾਉਂਦੀ ਹੈ, ਜੋ ਕੁਦਰਤੀ ਤੌਰ 'ਤੇ ਬਲੱਡ ਸ਼ੂਗਰ ਨੂੰ ਕੰਟਰੋਲ ਕਰਦੀ ਹੈ। ਇਸ ਤੋਂ ਇਲਾਵਾ, ਕਸਰਤ ਭਾਰ ਘਟਾਉਣ ਵਿੱਚ ਮਦਦ ਕਰਦੀ ਹੈ। ਥੋੜ੍ਹੀ ਜਿਹੀ ਮਾਤਰਾ ਵਿੱਚ ਭਾਰ ਘਟਾਉਣ ਨਾਲ ਵੀ ਸ਼ੂਗਰ ਕੰਟਰੋਲ ਵਿੱਚ ਕਾਫ਼ੀ ਲਾਭ ਹੋ ਸਕਦਾ ਹੈ। ਇਸ ਲਈ, ਰੋਜ਼ਾਨਾ ਘੱਟੋ-ਘੱਟ 30-45 ਮਿੰਟ ਤੇਜ਼ ਸੈਰ, ਸਾਈਕਲਿੰਗ, ਤੈਰਾਕੀ, ਯੋਗਾ, ਜਾਂ ਹੋਰ ਐਰੋਬਿਕ ਕਸਰਤ ਯਕੀਨੀ ਬਣਾ ।

### ਭਾਰ ਕੰਟਰੋਲ

ਵਧੇਰੇ ਭਾਰ, ਖਾਸ ਕਰਕੇ ਪੇਟ ਦੀ ਚਰਬੀ, ਇਨਸੁਲਿਨ ਪ੍ਰਤੀਰੋਧ ਵਿੱਚ ਯੋਗਦਾਨ ਪਾਉਂਦੀ ਹੈ। ਭਾਰ ਨੂੰ ਕੰਟਰੋਲ ਕਰਨ ਲਈ, ਇੱਕ ਸਿਹਤਮੰਦ ਖੁਰਾਕ ਅਤੇ ਨਿਯਮਤ ਕਸਰਤ 'ਤੇ ਧਿਆਨ ਕੇਂਦਰਿਤ ਕਰੋ। ਆਪਣੇ ਭਾਰ ਦਾ ਸਿਰਫ਼ 5-10% ਘਟਾਉਣ ਨਾਲ ਵੀ ਬਲੱਡ ਸ਼ੂਗਰ ਦੇ ਪੱਧਰ 'ਤੇ ਸਕਾਰਾਤਮਕ ਪ੍ਰਭਾਵ ਪੈ ਸਕਦਾ ਹੈ।




### ਤਣਾਅ ਪ੍ਰਬੰਧਨ

ਤਣਾਅ ਕਾਰਨ ਬਲੱਡ ਸ਼ੂਗਰ ਦਾ ਪੱਧਰ ਵਧਦਾ ਹੈ। ਤਣਾਅ ਦੇ ਅਧੀਨ, ਸਰੀਰ ਕੋਰਟੀਸੋਲ ਅਤੇ ਐਡਰੇਨਾਲੀਨ ਵਰਗੇ ਹਾਰਮੋਨ ਛੱਡਦਾ ਹੈ, ਜੋ ਜਿਗਰ ਤੋਂ ਸ਼ੂਗਰ ਛੱਡਦੇ ਹਨ, ਬਲੱਡ ਸ਼ੂਗਰ ਦੇ ਪੱਧਰ ਨੂੰ ਵਧਾਉਂਦੇ ਹਨ। ਪ੍ਰਾਣਾਯਾਮ, ਧਿਆਨ ਅਤੇ ਯੋਗਾ ਤਣਾਅ ਨੂੰ ਘਟਾਉਣ ਦੇ ਵਧੀਆ ਤਰੀਕੇ ਹਨ। ਤਣਾਅ ਪ੍ਰਬੰਧਨ ਲਈ ਲੋੜੀਂਦੀ ਨੀਂਦ ਲੈਣਾ ਵੀ ਬਹੁਤ ਜ਼ਰੂਰੀ ਹੈ।

### ਪੂਰੀ ਨੀਂਦ ਲਓ

ਸਰੀਰ ਦੀ ਮੁਰੰਮਤ ਅਤੇ ਰੀਚਾਰਜ ਕਰਨ ਲਈ 7-8 ਘੰਟੇ ਸੌਣਾ ਜ਼ਰੂਰੀ ਹੈ। ਨੀਂਦ ਦੀ ਘਾਟ ਇਨਸੁਲਿਨ ਪ੍ਰਤੀਰੋਧ ਨੂੰ ਵਧਾਉਂਦੀ ਹੈ ਅਤੇ ਭੁੱਖ ਦੇ ਹਾਰਮੋਨਾਂ ਨੂੰ ਅਸੰਤੁਲਿਤ ਕਰਦੀ ਹੈ, ਜਿਸ ਨਾਲ ਮਿਠਾਈਆਂ ਦੀ ਲਾਲਸਾ ਵਧਦੀ ਹੈ। ਇਸ ਲਈ, ਰੋਜ਼ਾਨਾ 7-8 ਘੰਟੇ ਚੰਗੀ, ਡੂੰਘੀ ਨੀਂਦ ਲ । ਨਾਲ ਹੀ, ਇੱਕ ਨਿਸ਼ਚਿਤ ਸੌਣ ਦਾ ਸਮਾਂ ਬਣਾਈ ਰੱਖੋ।

# ਬਿਹਾਰ ਚੋਣਾਂ ਨੇ ਜਾਤੀ ਜੋੜ-ਤੋੜ ਦੀ ਰਾਜਨੀਤੀ ਨੂੰ ਨਕਾਰਿਆ



ਸੰਜੇ ਗੁਪਤ

ਬਿਹਾਰ 'ਚ ਰਾਸ਼ਟਰੀ ਲੋਕਤੰਤਰੀ ਗੱਠਜੋੜ ਦੀ ਜੋ ਵੱਡੀ ਜਿੱਤ ਹੋਈ, ਉਸ ਨੇ ਬਿਹਾਰ ਦਾ ਇਹ ਅਕਸ ਤੋੜਨ ਦਾ ਕੰਮ ਕੀਤਾ ਕਿ ਇੱਥੇ ਦੇ ਵੋਟਰ ਜਾਤ ਤੇ ਮਜ਼ਹਬ ਦੇ ਆਧਾਰ 'ਤੇ ਵੋਟ ਦਿੰਦੇ ਹਨ। ਜੇ ਬਿਹਾਰ ਦੇ ਨਤੀਜਿਆਂ 'ਚ ਸੱਤਾ ਵਿਰੋਧੀ ਅਸਰ ਨਹੀਂ ਦਿਖਾਈ ਦਿੱਤਾ ਤਾਂ ਇਸ ਦਾ ਮੁੱਖ ਕਾਰਨ ਇਹ ਰਿਹਾ ਕਿ ਇੱਥੇ ਦੇ ਵੋਟਰਾਂ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਾਅਦਿਆਂ 'ਤੇ ਵੱਧ ਭਰੋਸਾ ਕੀਤਾ।

ਇੱਥੇ ਆਰਜੇਡੀ ਵੱਲੋਂ ਔਰਤਾਂ ਨੂੰ ਤੀਹ ਹਜ਼ਾਰ ਰੁਪਏ ਸਾਲਾਨਾ ਤੇ ਹਰ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦਾ ਵਾਅਦਾ ਸੀ, ਉਥੇ ਭਾਜਪਾ-ਜੇਡੀਯੂ ਦੀ ਅਗਵਾਈ ਵਾਲੀ ਐਨਡੀਏ ਨੇ ਔਰਤਾਂ ਨੂੰ ਦਸ ਹਜ਼ਾਰ ਰੁਪਏ ਦੇਣ ਦਾ ਵਾਅਦਾ ਤਾਂ ਕੀਤਾ ਹੀ, ਉਸ 'ਤੇ ਅਮਲ ਵੀ ਸ਼ੁਰੂ ਕਰ ਕੇ ਇਹ ਸੁਨੇਹਾ ਦਿੱਤਾ ਕਿ ਉਹ ਜੋ ਕਹਿ ਰਿਹਾ ਹੈ, ਉਸ ਨੂੰ ਪੂਰਾ ਕਰਨ ਲਈ ਵਚਨਬੱਧ ਹੈ। ਮਹਾਗੱਠਜੋੜ ਦਾ ਵਾਅਦਾ ਵੱਧ ਲੁਭਾਉਣਾ ਤਾਂ ਸੀ, ਪਰ ਉਹ ਪੂਰਾ ਕੀਤੇ ਜਾਣ ਲਾਇਕ ਨਹੀਂ ਦਿਖਾਈ ਦੇ ਰਿਹਾ ਸੀ। ਕਿਸੇ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਆਖ਼ਰ ਹਰ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਣਾ ਕਿਵੇਂ ਸੰਭਵ ਹੈ?

ਸਿਆਸਤ 'ਚ ਲੋਕ-ਲੁਭਾਉਣੇ ਵਾਅਦੇ ਤੋਂ ਵੱਧ ਇਹ ਮਹੱਤਵ ਰੱਖਦਾ ਹੈ ਕਿ ਉਸ ਨੂੰ ਕਰ ਕੌਣ ਰਿਹਾ ਹੈ ਤੇ ਉਹ ਪੂਰਾ ਕਰਨ ਲਾਇਕ ਹੈ ਜਾਂ ਨਹੀਂ? ਇਸ ਮਾਮਲੇ 'ਚ ਬਿਹਾਰ ਦੀ ਜਨਤਾ ਨੇ ਨਿਤੀਸ਼ ਤੇ ਮੋਦੀ 'ਤੇ ਵੱਧ ਭਰੋਸਾ ਕੀਤਾ। ਅਜਿਹਾ ਉਨ੍ਹਾਂ ਨੇ ਉਨ੍ਹਾਂ ਦੇ ਪਿਛਲੇ ਰਿਕਾਰਡ ਦੇ ਕਾਰਨ ਕੀਤਾ। ਇਹ ਵੀ ਸਪੱਸ਼ਟ ਹੈ ਕਿ ਡਬਲ ਇੰਜਣ ਸਰਕਾਰ ਦੇ ਨਾਅਰੇ ਨੇ ਬਿਹਾਰ 'ਚ ਅਸਰ ਦਿਖਾਇਆ।



ਜੇਡੀਯੂ ਲਈ ਭਾਜਪਾ ਕਿਸ ਤਰ੍ਹਾਂ ਇਕ ਤਾਕਤ ਤੇ ਸਹਾਰਾ ਬਣੀ, ਇਸ ਦਾ ਸਬੂਤ ਇਹ ਹੈ ਕਿ ਉਹ ਸਭ ਤੋਂ ਵੱਡੀ ਪਾਰਟੀ ਦੇ ਰੂਪ 'ਚ ਸਾਹਮਣੇ ਆਈ।

ਦੂਜੇ ਪਾਸੇ ਐਨਡੀਏ ਲਈ ਕਾਂਗਰਸ ਬੋਝ ਸਾਬਿਤ ਹੋਈ। ਉਸ ਨੂੰ ਸਿਰਫ਼ ਛੇ ਸੀਟਾਂ ਮਿਲੀਆਂ। ਜੇ ਭਾਜਪਾ ਜੇਡੀਯੂ ਦੀ ਤਾਕਤ ਬਣੀ ਤਾਂ ਪ੍ਰਧਾਨ ਮੰਤਰੀ ਮੋਦੀ ਦੇ ਮਜ਼ਬੂਤ ਆਗੂ ਦੇ ਅਕਸ ਤੇ ਉਨ੍ਹਾਂ ਦੀ ਸਰਕਾਰ ਦੇ ਕੰਮਕਾਰ ਦੇ ਕਾਰਨ। ਐਨਡੀਏ ਦੀ ਜਿੱਤ 'ਚ ਮੋਦੀ ਦੀ ਹਰਮਨਪਿਆਰਤਾ ਇਕ ਵੱਡਾ ਕਾਰਨ ਰਹੀ। ਬਿਹਾਰ ਦੀ ਜਨਤਾ ਇਹ ਦੇਖ ਰਹੀ ਸੀ ਕਿ ਜਿੱਥੇ ਮੋਦੀ ਦੇ ਕਾਰਨ ਭਾਜਪਾ ਦੇਸ਼ ਭਰ 'ਚ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਦੀ ਜਾ ਰਹੀ ਹੈ, ਉਥੇ ਕਾਂਗਰਸ ਗੁਆਉਂਦੀ ਜਾ ਰਹੀ ਹੈ। ਰਾਹੁਲ ਗਾਂਧੀ ਨੇ ਜਿੱਥੇ ਵੋਟ ਚੋਰੀ ਦਾ ਮੁੱਦਾ ਚੁੱਕ ਕੇ ਬਿਹਾਰ ਦੇ ਲੋਕਾਂ ਨੂੰ ਭੁਲੇਖਾ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ, ਉਥੇ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣਾਂ ਨਾਲ ਸੂਬੇ ਦੇ ਲੋਕਾਂ ਦੀ ਨਬਜ਼ 'ਤੇ ਹੱਥ ਰੱਖਿਆ।

ਜਦ ਪ੍ਰਧਾਨ ਮੰਤਰੀ ਨੇ ਜੰਗਲ ਰਾਜ ਦੀ ਚਰਚਾ ਕੀਤੀ ਤਾਂ ਕਾਂਗਰਸ ਉਸ 'ਤੇ ਸਫ਼ਾਈ ਦਿੰਦੀ ਦਿਖਾਈ ਦਿੱਤੀ। ਜੰਗਲ ਰਾਜ ਦੀ ਚਰਚਾ ਨਾਲ ਆਰਜੇਡੀ ਨੂੰ ਇਸ ਲਈ ਵੀ ਨੁਕਸਾਨ ਉਠਾਉਣਾ ਪਿਆ, ਕਿਉਂਕਿ ਉਸ ਦੇ ਕਈ ਸਮਰਥਕਾਂ ਨੇ ਇਹ ਦਿਖਾਇਆ ਕਿ ਜੇ ਮਹਾਗੱਠਜੋੜ ਸੱਤਾ 'ਚ ਆਇਆ ਤਾਂ ਕਾਨੂੰਨ ਅਤੇ ਵਿਵਸਥਾ ਨੂੰ ਚੁਣੌਤੀ ਦਿੱਤੀ ਜਾਵੇਗੀ। ਆਰਜੇਡੀ ਦਾ ਜੋ ਅਕਸ ਲਾਲੂ ਯਾਦਵ ਦੇ ਸਮੇਂ ਬਣਿਆ, ਉਸ ਤੋਂ ਉਹ ਹੁਣ ਵੀ ਮੁਕਤ ਨਹੀਂ ਹੋ ਸਕਿਆ।

ਇਹ ਅਕਸ ਉਸ ਲਈ ਮੁੜ ਤੋਂ ਪਰੇਸ਼ਾਨੀ ਦਾ ਕਾਰਨ ਬਣਿਆ। ਤੇਜਸਵੀ ਯਾਦਵ ਤੋਂ ਉਮੀਦ ਸੀ ਕਿ ਉਹ ਵੀਹ ਸਾਲ ਪੁਰਾਣੇ ਆਰਜੇਡੀ ਦੇ ਅਕਸ ਨੂੰ ਤੋੜ ਕੇ ਇਕ ਸਾਰਥਕ ਤੇ ਤਾਲਮੇਲ ਵਾਲੀ ਰਾਜਨੀਤੀ ਵੱਲ ਅੱਗੇ ਵਧਣਗੇ, ਪਰ ਉਹ ਅਜਿਹਾ ਕਰ ਨਹੀਂ ਸਕੇ। ਉਹ ਆਪਣੇ ਸਮਰਥਕਾਂ ਨੂੰ ਧੀਰਜ ਵਾਲੇ ਵਤੀਰੇ ਲਈ ਵੀ ਸਮਝਾ ਨਹੀਂ ਸਕੇ। ਇਸ ਦਾ ਜ਼ਿਕਰ ਕਰਦੇ ਹੋਏ ਮੋਦੀ ਨੇ ਚੌਕਸ ਕੀਤਾ ਕਿ ਕੱਟੇ ਵਾਲੀ ਸਰਕਾਰ ਦੀ ਵਾਪਸੀ ਨਹੀਂ ਹੋਣੀ ਚਾਹੀਦੀ।

ਐਨਡੀਏ ਦੀ ਵੱਡੀ ਜਿੱਤ 'ਚ ਜਿੱਥੇ ਪ੍ਰਧਾਨ ਮੰਤਰੀ ਮੋਦੀ ਦੇ ਮਜ਼ਬੂਤ ਆਗੂ ਦਾ ਅਕਸ ਕੰਮ ਆਇਆ, ਉਥੇ ਮੁੱਖ ਮੰਤਰੀਂ ਨਤੀਸ਼ ਕੁਮਾਰ ਦਾ ਯੋਗ ਪ੍ਰਸ਼ਾਸਕ ਤੇ ਬੇਦਾਗ਼ ਆਗੂ ਦਾ ਅਕਸ ਵੀ ਇਕ ਵੱਡਾ ਆਧਾਰ ਬਣਿਆ। ਨਿਤੀਸ਼ ਨੇ ਵੋਟਰਾਂ ਦੇ ਇਕ ਵੱਡੇ ਵਰਗ ਨੂੰ ਆਪਣੇ ਪੱਖ 'ਚ ਗੋਲਬੰਦ ਕੀਤਾ ਹੈ। ਇਸ 'ਚ ਸਭ ਤੋਂ ਅਸਰਦਾਰ ਵਰਗ ਹੈ ਔਰਤਾਂ ਦਾ। ਮੋਦੀ ਦੀ ਤਰ੍ਹਾਂ ਨਿਤੀਸ਼ ਵੀ ਔਰਤਾਂ ਨੂੰ ਆਪਣੇ ਪੱਖ 'ਚ ਲਿਆਉਣ ਲਈ ਸਰਗਰਮ ਹਨ।

ਆਪਣੇ ਸ਼ਾਸਨ ਕਾਲ ਦੇ ਸ਼ੁਰੂ 'ਚ ਉਨ੍ਹਾਂ ਨੇ ਸਕੂਲੀ ਕੁੜੀਆਂ ਨੂੰ ਸਾਈਕਿਲ ਦੇ ਕੇ ਔਰਤ ਵੋਟਰਾਂ ਨੂੰ ਆਪਣੇ ਵੱਲ ਆਕਰਸ਼ਤ ਕੀਤਾ, ਫਿਰ ਉਨ੍ਹਾਂ ਨੇ ਸਥਾਨਕ ਸੰਸਥਾਵਾਂ ਦੇ ਨਾਲ ਨੌਕਰੀ 'ਚ ਰਾਖਵਾਂਕਰਨ ਦੇਣ ਦੇ ਨਾਲ ਉਨ੍ਹਾਂ ਦੇ ਹਿਤ 'ਚ ਹੋਰ ਕਈ ਫ਼ੈਸਲੇ ਕੀਤੇ। ਇਨ੍ਹਾਂ 'ਚ ਇਕ ਵੱਡਾ ਫ਼ੈਸਲਾ ਸ਼ਰਾਬ ਬੰਦੀ ਦਾ ਰਿਹਾ। ਸ਼ਰਾਬ ਬੰਦੀ ਚਾਹੇ ਹੀ ਅਸਰਦਾਰ ਢੰਗ ਨਾਲ ਲਾਗੂ ਨਾ ਹੋ ਸਕੀ ਹੋਵੇ, ਪਰ ਔਰਤਾਂ ਉਸ ਨੂੰ ਆਪਣੇ ਹਿਤ 'ਚ ਮੰਨਦੀਆਂ ਹਨ।

ਬਿਹਾਰ 'ਚ ਸੜਕਾਂ ਦਾ ਜੋ ਜਾਲ ਵਿਛਿਆ ਹੈ ਤੇ ਬਿਜਲੀ, ਪਾਣੀ ਦੀ ਸਹੂਲਤ ਵਧਣ ਦੇ ਨਾਲ ਕਾਨੂੰਨ ਅਤੇ ਵਿਵਸਥਾ 'ਚ ਜੋ ਸੁਧਾਰ ਹੋਇਆ ਹੈ, ਉਸ ਦਾ ਸਿਹਰਾ ਨਿਤੀਸ਼ ਕੁਮਾਰ ਨੂੰ ਜਾਂਦਾ ਹੈ। ਜੇਡੀਯੂ-ਭਾਜਪਾ ਨੇ ਇਹ ਜੋ ਦਿਖਾਇਆ ਕਿ ਨਿਤੀਸ਼ ਪਹਿਲਾਂ ਤੋਂ ਵੱਧ ਸਮਰੱਥ ਤੇ ਅਸਰਦਾਰ ਸਰਕਾਰ ਦੇ ਸਕਦੇ ਹਨ, ਉਸ ਕਾਰਨ ਹੀ ਐਨਡੀਏ ਨੂੰ ਵੱਡੀ ਜਿੱਤ ਮਿਲੀ।

ਐਨਡੀਏ ਦੇ ਮੁਕਾਬਲੇ ਮਹਾਗੱਠਜੋੜ ਨੇ ਜਿਨ੍ਹਾਂ ਮੁੱਦਿਆਂ ਨੂੰ ਚੋਣ ਮੁੱਦਾ ਬਣਾਇਆ, ਉਨ੍ਹਾਂ ਨੇ ਸੁਰਖੀਆਂ ਤਾਂ ਹਾਸਲ ਕੀਤੀਆਂ, ਪਰ ਜਨਤਾ ਨੇ ਉਨ੍ਹਾਂ ਨੂੰ ਅਹਿਮੀਅਤ ਨਹੀਂ ਦਿੱਤੀ। ਅਜਿਹਾ ਹੀ ਇਕ ਮੁੱਦਾ ਸੀ ਵੋਟ ਚੋਰੀ ਦਾ। ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀ ਦੀ ਵਿਸ਼ੇਸ਼ ਸਮੀਖਿਆ ਭਾਵ ਐਸਆਈਆਰ ਨੂੰ ਵੋਟ ਚੋਰੀ ਕਰਾਰ ਦਿੱਤਾ ਗਿਆ। ਇਸ ਨੂੰ ਲੈ ਕੇ ਰਾਹੁਲ ਅਤੇ ਤੇਜਸਵੀ ਨੇ ਵੋਟਰ ਅਧਿਕਾਰ ਯਾਤਰਾ ਕੱਢੀ ਤੇ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਚੋਣ ਕਮਿਸ਼ਨ ਗ਼ਲਤ ਕੰਮ ਕਰ ਰਿਹਾ ਹੈ। ਐਸਆਈਆਰ ਨੂੰ ਸੁਪਰੀਮ ਕੋਰਟ 'ਚ ਵੀ ਚੁਣੌਤੀ ਦਿੱਤੀ ਗਈ, ਪਰ ਵਿਰੋਧੀ ਧਿਰ ਨੂੰ ਉਥੋਂ ਵੀ ਕੋਈ ਰਾਹਤ ਨਹੀਂ ਮਿਲੀ। ਕਾਂਗਰਸ ਤੇ ਆਰਜੇਡੀ ਨੇ ਜਿਸ ਮੁੱਦੇ ਨੂੰ ਬਹੁਤ ਚੁੱਕਿਆ, ਉਸ ਦੀ ਚੋਣਾਂ ਆਉਂਦੇ-ਆਉਂਦੇ ਹਵਾ ਨਿਕਲ ਗਈ, ਕਿਉਂਕਿ ਬਿਹਾਰ ਦੇ ਲੋਕ ਸਮਝ ਗਏ ਕਿ ਐਸਆਈਆਰ ਇਕ ਜ਼ਰੂਰੀ ਪ੍ਰਕਿਰਿਆ ਹੈ।

ਬਿਹਾਰ 'ਚ ਐਨਡੀਏ ਦੀ ਜਿੱਤ ਸਿਰਫ਼ ਨਰਿੰਦਰ ਮੋਦੀ ਤੇ ਨਿਤੀਸ਼ ਕੁਮਾਰ ਦੀ ਕਮੈਸਟ੍ਰੀ ਦਾ ਹੀ ਨਤੀਜਾ ਨਹੀਂ, ਉਹ ਇਸ ਗੱਠਜੋੜ ਦੇ ਸਾਰੇ ਭਾਈਵਾਲਾਂ ਵਿਚਾਲੇ ਬਿਹਤਰ ਤਾਲਮੇਲ ਦਾ ਵੀ ਨਤੀਜਾ ਹੈ। ਐਨਡੀਏ ਦੇ ਮੁਕਾਬਲੇ ਮਹਾਗੱਠਜੋੜ ਵਿਵਾਦ ਤੇ ਗ਼ੈਰਯਕੀਨੀ ਨਾਲ ਭਰਿਆ ਦਿਖਾਈ ਦਿੱਤਾ। ਇਸ ਦਾ ਇਕ ਨਤੀਜਾ ਇਹ ਰਿਹਾ ਕਿ 11 ਸੀਟਾਂ 'ਤੇ ਉਸ ਦੇ ਉਮੀਦਵਾਰ ਆਹਮੋ-ਸਾਹਮਣੇ ਸਨ। ਇਸ ਦੀ ਤੁਲਨਾ 'ਚ ਐਨਡੀਏ ਨੇ ਸੀਟ ਬਟਵਾਰੇ ਤੋਂ ਲੈ ਕੇ ਚੋਣ ਪ੍ਰਚਾਰ 'ਚ ਤਾਲਮੇਲ ਦਿਖਾਇਆ। ਇਸੇ ਕਾਰਨ ਭਾਜਪਾ, ਜੇਡੀਯੂ ਦੇ ਨਾਲ-ਨਾਲ ਚਿਰਾਗ ਪਾਸਵਾਨ, ਜੀਤਨ ਰਾਮ ਮਾਂਝੀ, ਉਪੇਂਦਰ ਕੁਸ਼ਵਾਹਾ ਦੀਆਂ ਪਾਰਟੀਆਂ ਨੇ ਵੀ ਬਿਹਤਰ ਪ੍ਰਦਰਸ਼ਨ ਕੀਤਾ। ਪਿਛਲੀ ਵਾਰ ਜੇਡੀਯੂ ਇਸ ਲਈ ਕਮਜ਼ੋਰ ਸਾਬਿਤ ਹੋਇਆ ਸੀ, ਕਿਉਂਕਿ ਚਿਰਾਗ ਪਾਸਵਾਨ ਨੇ ਨਿਤੀਸ਼ ਨੂੰ ਨਿਸ਼ਾਨੇ 'ਤੇ ਲੈਂਦੇ ਹੋਏ ਚੋਣ ਲੜੀ ਸੀ।

ਕਿਉਂਕੀ ਐਨਡੀਏ ਨੇ ਵੱਡੀ ਜਿੱਤ ਹਾਸਲ ਕੀਤੀ ਹੈ, ਇਸ ਲਈ ਬਿਹਾਰ ਦੇ ਲੋਕਾਂ ਦੀਆਂ ਨਿਤੀਸ਼ ਸਰਕਾਰ ਤੋਂ ਉਮੀਦਾਂ ਬਹੁਤ ਵਧ ਗਈਆਂ ਹਨ। ਬਿਹਾਰ ਅਜੇ ਵੀ ਇਕ ਪੱਛੜਿਆ ਹੋਇਆ ਸੂਬਾ ਹੈ ਤੇ ਇੱਥੇ ਬਹੁਤ ਕੁਝ ਕਰਨਾ ਬਾਕੀ ਹੈ। ਇੰਨੀ ਵੱਡੀ ਜਿੱਤ ਦੇ ਨਾਲ ਜੋ ਸਰਕਾਰ ਬਣੇਗੀ, ਉਸ ਨੂੰ ਲੋਕਾਂ ਦੀਆਂ ਵਧੀਆਂ ਹੋਈਆਂ ਉਮੀਦਾਂ ਨੂੰ ਪੂਰਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਠੀਕ ਹੈ ਕਿ ਹੌਲੀ-ਹੌਲੀ ਬਿਹਾਰ ਸਹੀ ਰਾਹ 'ਤੇ ਆ ਗਿਆ ਹੈ, ਪਰ ਉਸ ਨੂੰ ਪੱਛੜੇ ਸੂਬੇ ਦੇ ਅਕਸ ਤੋਂ ਮੁਕਤ ਹੋਣ ਦੀ ਜ਼ਰੂਰਤ ਹੈ। ਬਿਹਾਰ ਦੇ ਲੋਕਾਂ 'ਚ ਜੋ ਸਮਝ ਹੈ, ਉਸ ਦਾ ਕੋਈ ਮੁਕਾਬਲਾ ਨਹੀਂ, ਪਰ ਉਦਯੋਗ-ਧੰਦਿਆਂ ਦੀ ਥੁੜ੍ਹ ਨਾਲ ਸੂਬਾ ਪੱਛੜ ਗਿਆ ਹੈ। ਹੁਣ ਇੱਥੇ ਦੀ ਡਬਲ ਇੰਜਣ ਦੀ ਸਰਕਾਰ ਤੋਂ ਉਮੀਦ ਹੈ ਕਿ ਉਹ ਬਿਹਾਰ ਨੂੰ ਤੇਜ਼ੀ ਨਾਲ ਵਿਕਾਸ ਵੱਲ ਲੈ ਕੇ ਜਾਏ।

# ਧਰਮ ਪਰਿਵਰਤਨ ਦਾ ਮਸਲਾ ਕੀ ਹੈ?

ਪ੍ਰਣਯ ਕੁਮਾਰ

ਰਾਜਸਥਾਨ ਸਰਕਾਰ ਨੇ ਧੋਖੇ-ਤਾਕਤ ਜਾਂ ਲੋਭ ਜ਼ਰੀਏ ਕੀਤੇ ਜਾਣ ਵਾਲੇ ਧਰਮ ਪਰਿਵਰਤਨ 'ਤੇ ਰੋਕ ਲਗਾਉਣ ਦੇ ਮਕਸਦ ਨਾਲ ਜੋ 'ਧਰਮ ਪਰਿਵਰਤਨ ਰੋਕੂ ਬਿੱਲ' ਪਾਸ ਕੀਤਾ ਸੀ ਉਹ ਹੁਣ ਰਾਜਪਾਲ ਦੀ ਮਨਜ਼ੂਰੀ ਤੋਂ ਬਾਅਦ ਕਾਨੂੰਨ ਬਣ ਗਿਆ ਹੈ। ਇਸ ਕਾਨੂੰਨ ਵਿਚ ਜ਼ਬਰਦਸਤੀ ਜਾਂ ਧੋਖੇ ਨਾਲ ਕੀਤੇ ਜਾਣ ਵਾਲੇ ਧਰਮ ਪਰਿਵਰਤਨ ਖ਼ਿਲਾਫ਼ ਬਹੁਤ ਹੀ ਕਠੋਰ ਸਜ਼ਾ ਦੀਆਂ ਵਿਵਸਥਾਵਾਂ ਕੀਤੀਆਂ ਗਈਆਂ ਹਨ। ਇਸ ਕਾਨੂੰਨ ਅਨੁਸਾਰ ਧਰਮ ਪਰਿਵਰਤਨ ਨਾਲ ਜੁੜੇ ਸਾਰੇ ਅਪਰਾਧ ਗ਼ੈਰ-ਜ਼ਮਾਨਤੀ ਹੋਣਗੇ ਜਿਨ੍ਹਾਂ ਦੀ ਸੁਣਵਾਈ ਸੈਸ਼ਨ ਕੋਰਟ ਵਿਚ ਕੀਤੀ ਜਾਵੇਗੀ ਅਤੇ ਦੋਸ਼ੀਆਂ ਨੂੰ ਆਸਾਨੀ ਨਾਲ ਜ਼ਮਾਨਤ ਨਹੀਂ ਮਿਲੇਗੀ। ਧਰਮ ਪਰਿਵਰਤਨ ਦਾ ਸਵਾਲ ਸਿਰਫ਼ ਆਸਥਾ ਜਾਂ ਨਿੱਜੀ ਆਜ਼ਾਦੀ ਦਾ ਮਾਮਲਾ ਨਹੀਂ ਹੈ ਬਲਕਿ ਇਹ ਸਮਾਜ ਦੀ ਏਕਤਾ, ਸੱਭਿਆਚਾਰਕ ਸੰਤੁਲਨ ਅਤੇ ਰਾਸ਼ਟਰੀ ਸੁਰੱਖਿਆ ਨਾਲ ਵੀ ਡੂੰਘਾਈ ਨਾਲ ਜੁੜਿਆ ਹੋਇਆ ਹੈ। ਪਿਛਲੇ ਕੁਝ ਸਾਲਾਂ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਧੋਖੇ, ਲੋਭ ਜਾਂ ਲਾਲਚ ਜ਼ਰੀਏ ਧਰਮ ਪਰਿਵਰਤਨ ਕਰਨ ਦੇ ਕਈ ਮਾਮਲੇ ਸਾਹਮਣੇ ਆਏ ਹਨ। ਭਾਰਤ ਜਿਹੇ ਸੰਸਕ੍ਰਿਤਕ ਤੌਰ 'ਤੇ ਖ਼ੁਸ਼ਹਾਲ ਦੇਸ਼ ਵਿਚ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾ ਸਿਰਫ਼ ਧਾਰਮਿਕ ਅਤੇ ਸੰਸਕ੍ਰਿਤਕ



ਵੰਨ-ਸੁਵੰਨਤਾ ਲਈ ਚੁਣੌਤੀ ਬਣੀਆਂ ਹਨ ਸਗੋਂ ਇਹ ਸਮਾਜਿਕ ਸਮਰਸੱਤਾ ਨੂੰ ਵੀ ਕਮਜ਼ੋਰ ਕਰ ਰਹੀਆਂ ਹਨ। ਇਸੇ ਪਿਛੋਕੜ ਵਿਚ ਰਾਜਸਥਾਨ ਸਰਕਾਰ ਨੇ ਇਹ ਕਾਨੂੰਨ ਬਣਾ ਕੇ ਸੁਨੇਹਾ ਦਿੱਤਾ ਹੈ ਕਿ ਕਿਸੇ ਵੀ ਤਰ੍ਹਾਂ ਦਾ ਧੱਕੇ ਜਾਂ ਧੋਖੇ ਨਾਲ ਕੀਤਾ ਧਰਮ ਪਰਿਵਰਤਨ ਨਾ ਤਾਂ ਨਿੱਜੀ ਅਧਿਕਾਰਾਂ ਦੇ ਨਾਂ 'ਤੇ ਸਵੀਕਾਰਯੋਗ ਹੋਵੇਗਾ ਅਤੇ ਨਾ ਹੀ ਸਮਾਜ ਦੇ ਹਿੱਤ ਵਿਚ ਸਹਿਣਯੋਗ। ਦੇਸ਼ ਦੇ ਲਗਪਗ ਦਸ ਰਾਜਾਂ ਨੇ ਧਰਮ ਪਰਿਵਰਤਨ ਰੋਕਣ ਲਈ ਕਾਨੂੰਨ ਬਣਾਏ ਹਨ। ਇਨ੍ਹਾਂ ਵਿੱਚੋਂ ਕੁਝ ਰਾਜਾਂ ਨੇ ਰਾਜਸਥਾਨ ਦੀ ਤਰ੍ਹਾਂ ਆਪਣੇ ਧਰਮ ਪਰਿਵਰਤਨ ਰੋਕਣ ਵਾਲੇ ਕਾਨੂੰਨ ਨੂੰ ਸਖ਼ ਵੀ ਕੀਤਾ ਹੈ।

ਉੱਤਰ ਪ੍ਰਦੇਸ਼ ਵੀ ਇਸ ਵਿਚ ਸ਼ਾਮਲ ਹੈ ਪਰ ਇਸ ਦੇ ਬਾਵਜੂਦ ਧਰਮ ਪਰਿਵਰਤਨ ਦੀਆਂ ਖ਼ਬਰਾਂ ਹਰ ਰੋਜ਼ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਾਲ ਹੀ ਵਿਚ ਬਰੇਲੀ ਤੋਂ ਖ਼ਬਰ ਆਈ ਹੈ ਕਿ ਸੁਮਿਤ ਮੈਸੀ ਨਾਂ ਵਾਲੇ ਪਾਦਰੀ ਨੂੰ ਉਸ ਦੇ ਸਾਥੀਆਂ ਸਮੇਤ ਧਰਮ ਪਰਿਵਰਤਨ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਅਨੁਸਾਰ ਇਹ ਲੋਕ ਸਮਾਜਿਕ ਤੌਰ 'ਤੇ ਕਮਜ਼ੋਰ ਵਰਗ ਨੂੰ ਨਿਸ਼ਾਨਾ ਬਣਾ ਰਹੇ ਸਨ। ਸਪਸ਼ਟ ਹੈ ਕਿ ਧਰਮ ਪਰਿਵਰਤਨ ਰੋਕਣ ਵਾਲੇ ਕਾਨੂੰਨਾਂ ਨੂੰ ਸਖ਼ਤ ਕਰਨ ਦੀਆਂ ਆਪਣੀਆਂ ਸੀਮਾਵਾਂ ਹਨ। ਜੇਕਰ ਅਸੀਂ ਧਰਮ ਪਰਿਵਰਤਨ ਰੋਕਣ ਵਾਲੇ ਕਾਨੂੰਨਾਂ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕਰੀਏ ਤਾਂ ਪਤਾ ਲੱਗਦਾ ਹੈ ਕਿ ਕਾਨੂੰਨ ਤਾਂ ਬਣ ਜਾਂਦੇ ਹਨ ਅਤੇ ਉਨ੍ਹਾਂ ਨੂੰ ਸਖ਼ਤ ਵੀ ਕਰ ਦਿੱਤਾ ਜਾਂਦਾ ਹੈ ਪਰ ਉਨ੍ਹਾਂ ਨੂੰ ਠੀਕ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾਂਦਾ। ਧਰਮ ਪਰਿਵਰਤਨ ਵਿਚ ਸ਼ਾਮਲ ਲੋਕ ਸਮਾਜ ਦੇ ਜਿਨ੍ਹਾਂ ਵਰਗਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਹਨ, ਉਨ੍ਹਾਂ ਵਿਚ ਇੰਨੀ ਜਾਗਰੂਕਤਾ ਨਹੀਂ ਹੁੰਦੀ ਕਿ ਉਹ ਸਮੇਂ ਸਿਰ ਉਨ੍ਹਾਂ ਖ਼ਿਲਾਫ਼ ਸਹੀ ਕਾਨੂੰਨੀ ਕਾਰਵਾਈ ਕਰ ਸਕਣ ਜਾਂ ਉਨ੍ਹਾਂ ਦੀਆਂ ਤਿਕੜਮਾਂ ਨੂੰ ਵੇਲੇ ਸਿਰ ਸਮਝ ਸਕਣ।

# ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਥਾਣਾ ਧਨੌਲਾ ਵਿਖੇ ਮਨਾਇਆ ਗਿਆ





ਧਨੌਲਾ ਮੰਡੀ- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਥਾਣਾ ਧਨੌਲਾ ਦੇ ਮੁੱਖੀ ਇੰਸਪੈਕਟਰ ਲਖਵੀਰ ਸਿੰਘ ਤੇ ਸਮੂਹ ਸਟਾਫ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟ ਆਸਰਾ ਲੈਂਦਿਆਂ ਥਾਣਾ ਧਨੌਲਾ ਵਿਖੇ ਬਣੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ ਜਿੱਥੇ ਜ਼ਿਲ੍ਹਾ ਬਰਨਾਲਾ ਦੇ ਐਸਐਸਪੀ ਮੁਹੰਮਦ ਸਰਫਰਾਜ ਆਲਮ੍ਰਜੀ, ਐਸਪੀ ਡੀ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਅਤੇ ਹੋਰ ਉੱਚ ਅਧਿਕਾਰੀਆਂ ਨੇ ਹਾਜਰੀ ਲਗਵਾਈ। ਇਸ ਜਿੱਥੇ ਕੇ ਰਾਗੀ ਸਿੰਘਾਂ ਵੱਲੋਂ ਕੀਰਤਨ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ। ਥਾਣਾ ਧਨੌਲਾ ਦੇ ਮੁਖੀ ਇੰਸਪੈਕਟਰ ਲਖਬੀਰ ਸਿੰਘ ਵੱਲੋਂ ਆਏ ਮਹਿਮਾਨਾਂ ਦਾ ਇਲਾਕੇ ਦੀਆਂ ਪੰਚਾਇਤਾਂ ਪੰਚਾਂ ਸਰਪੰਚਾਂ ਅਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਆਏ ਮਹਿਮਾਨਾਂ ਦਾ ਸਰੋਪਿਆ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਐਸਐਸਪੀ ਸ੍ਰੀ ਮਾਨ ਮੁਹੰਮਦ ਸਰਫਰਾਜ ਆਲਮ ਨੇ ਕਿਹਾ ਕਿ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸੱਚ ਦਾ ਰਸਤਾ ਅਤੇ ਸੱਚ ਦੀ ਕਿਰਤ ਕਮਾਈ ਕਰਨ ਲਈ ਅਤੇ ਸਰਬੱਤ ਦੇ ਭਲੇ ਲਈ ਚਾਰ ਉਦਾਸੀਆਂ ਕੀਤੀਆਂ ਜਿੱਥੇ ਉਹਨਾਂ ਨੇ ਇੱਕ ਮਨੁੱਖ ਨੂੰ ਸੱਚੇ ਰਾਹ ਤੇ ਚੱਲਣ ਦਾ ਰਸਤਾ ਦਿਖਾਇਆ। ਐਸਪੀਡੀ ਸ੍ਰੀ ਅਸ਼ੋਕ ਕੁਮਾਰ ਸ਼ਰਮਾ ਨੇ ਆਈਆਂ ਸੰਗਤਾਂ ਨੂੰ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਮਾਰਗ ਤੇ ਚਲਣਾ ਹੀ ਸਮੇਂ ਦੀ ਲੋੜ ਹੈ। ਇਸ ਸਮੇਂ ਡੀਐਸਪੀ ਸ. ਸਤਬੀਰ ਸਿੰਘ ਬੈਂਸ, ਡੀਐਸਪੀ ਸ. ਬਲਜੀਤ ਸਿੰਘ ਢਿੱਲੋਂ, ਡੀਐਸਪੀ ਸ. ਕੁਲਵੰਤ ਸਿੰਘ, ਸੀਆਈਏ ਸਟਾਫ ਇੰਚਾਰਜ ਇੰਸ. ਬਲਜੀਤ ਸਿੰਘ, ਇੰਸਪੈਕਟਰ ਸਰਦਾਰ ਜਗਜੀਤ ਸਿੰਘ, ਐਸਆਈ ਸਰੀਫ ਖਾਨ, ਐਸਆਈ ਚਰਨਜੀਤ ਸਿੰਘ ਏਐਸ ਆਈ ਨਵਜੋਤ ਸਿੰਘ ਥਾਣਾ ਸਾਈਬਰ, ਸਹਾਇਕ ਹੌਲਦਾਰ ਅਵਤਾਰ ਸਿੰਘ ਸਿੱਧੂ, ਗੁਰਦੀਪ ਸਿੰਘ ਮੁੱਖ ਮੁਣਸ਼ੀ ਥਾਣਾ ਸਾਈਬਰ, ਅਕਾਊਂਟੈਂਟ ਨਿਰਮਲ ਸਿੰਘ, ਏਐਸਆਈ ਬੀਰਬਲ ਸ਼ਰਮਾ,ਏਐਸਆਈ ਜਸਬੀਰ ਸਿੰਘ, ਏਐਸਆਈ ਬਲਵਿੰਦਰ ਕੁਮਾਰ ਭੱਠਲ, ਏਐਸਆਈ ਜਗਦੇਵ ਸਿੰਘ, ਮੁੱਖ ਮੁਨਸ਼ੀ ਪਰਮਦੀਪ ਸਿੰਘ ਪੰਮਾ, ਕਾਂਸਟੇਬਲ ਕਮਲਦੀਪ ਸ਼ਰਮਾ, ਕਾਂਸਟੇਬਲ ਅਨਮੋਲ ਸਿੰਘ, ਕਾਂਸਟੇਬਲ ਗੁਰਦੀਪ ਸਿੰਘ, ਕਾਂਸਟੇਬਲ ਪ੍ਰਗਟ ਸਿੰਘ, ਹੌਲਦਾਰ ਰੇਸ਼ਮ ਸਿੰਘ, ਹੌਲਦਾਰ ਰਣਜੀਤ ਸਿੰਘ, ਹੌਲਦਾਰ ਜਸਪਾਲ ਸਿੰਘ, ਹੌਲਦਾਰ ਸੰਦੀਪ ਸਿੰਘ, ਹੌਲਦਾਰ ਜਗਦੀਪ ਸਿੰਘ ਧਨੌਲਾ, ਕੁਲਵੰਤ ਸਿੰਘ ਤੋਂ ਇਲਾਵਾ ਜਿਲਾ ਦੇ ਸਮੂਹ ਪੁਲਿਸ ਮੁਲਾਜ਼ਮ,ਅਧਿਕਾਰੀ, ਅਤੇ ਪੰਚ, ਸਰਪੰਚ ਮੌਜੂਦ ਸਨ। **– ਸੰਜੀਵ ਗਰਗ ਕਾਲੀ**

# ਬਿਨਾਂ ਰਾਜ ਪਲਟੇ ਦੇ ਪਾਕਿਸਤਾਨ 'ਤੇ ਫ਼ੌਜ ਹੋਈ ਕਾਬਜ਼



ਬਲਰਾਜ ਸਿੰਘ ਸਿੱਧੂ

ਪਾਕਿਸਤਾਨ 'ਚ ਫ਼ੌਜੀ ਤਾਨਾਸ਼ਾਹਾਂ ਦੁਆਰਾ ਦੇਸ਼ 'ਤੇ ਕਬਜ਼ਾ ਕਰਨ ਦਾ ਲੰਬਾ ਇਤਿਹਾਸ ਰਿਹਾ ਹੈ। ਆਜ਼ਾਦੀ ਤੋਂ ਸਿਰਫ਼ 11 ਸਾਲਾਂ ਬਾਅਦ ਹੀ 1958 'ਚ ਜਨਰਲ ਅਯੂਬ ਖ਼ਾਨ ਨੇ ਦੇਸ਼ 'ਤੇ ਕਬਜ਼ਾ ਕਰ ਲਿਆ ਸੀ। ਸੰਨ 1969 ਵਿਚ ਉਸ ਨੂੰ ਜਨਰਲ ਯਾਹੀਆ ਖ਼ਾਨ ਨੇ ਗੱਦੀ ਤੋਂ ਉਤਾਰ ਦਿੱਤਾ ਸੀ ਪਰ 1971 ਦੀ ਭਾਰਤ-ਪਾਕਿ ਜੰਗ 'ਚ ਮਿਲੀ ਲੱਕ ਤੋੜਵੀਂ ਹਾਰ ਤੋਂ ਬਾਅਦ ਯਾਹੀਆ ਖ਼ਾਨ ਨੂੰ ਅਸਤੀਫ਼ਾ ਦੇਣਾ ਪਿਆ ਤੇ ਜ਼ੁਲਫਿਕਾਰ ਅਲੀ ਭੁੱਟੋ ਪੀਐੱਮ ਬਣ ਗਿਆ। ਸੰਨ 1977 'ਚ ਭੁੱਟੋ ਦਾ ਤਖ਼ਤਾ ਪਲਟ ਕੇ ਜਨਰਲ ਜ਼ਿਆ ਗੱਦੀ 'ਤੇ ਬੈਠ ਗਿਆ ਸੀ ਤੇ ਉਹ ਪਹਿਲਾਂ ਵਾਲੇ ਸਾਰੇ ਤਾਨਾਸ਼ਾਹਾਂ ਤੋਂ ਵੱਧ ਜ਼ਾਲਮ ਸੀ।

ਚਾਰ ਅਪ੍ਰੈਲ 1979 ਨੂੰ ਭੁੱਟੋ ਨੂੰ ਫਾਂਸੀ 'ਤੇ ਲਟਕਾਉਣ ਤੋਂ ਇਲਾਵਾ ਭਾਰਤ ਵਿਚ ਪੰਜਾਬ ਅਤੇ ਕਸ਼ਮੀਰ ਦਾ ਅੱਤਵਾਦ ਉਸ ਦੀ ਹੀ ਦੇਣ ਸੀ। ਸੰਨ 1988 ਵਿਚ ਹਵਾਈ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਸੰਨ 1999 ਵਿਚ ਨਵਾਜ਼ ਸ਼ਰੀਫ਼ ਨੂੰ ਗੱਦੀ ਤੋਂ ਉਤਾਰ ਕੇ ਕਾਰਗਿਲ ਦੀ ਜੰਗ ਦਾ ਸੂਤਰਧਾਰ ਪਰਵੇਜ਼ ਮੁਸ਼ੱਰਫ ਪਾਕਿਸਤਾਨ ਦਾ ਤਾਨਾਸ਼ਾਹ ਬਣ ਗਿਆ। ਜਨਤਕ ਵਿਦਰੋਹ ਕਾਰਨ 2008 ਵਿਚ ਮੁਸ਼ੱਰਫ ਨੂੰ ਅਸਤੀਫ਼ਾ ਦੇਣਾ ਪਿਆ ਤੇ ਜਲਾਵਤਨੀ ਦੀ ਹਾਲਤ ਵਿਚ ਦੁਬਈ ਵਿਖੇ ਉਸ ਦੀ ਮੌਤ ਹੋ ਗਈ। ਪਰ ਪਾਕਿਸਤਾਨ ਦਾ ਮੌਜੂਦਾ ਫੀਲਡ ਮਾਰਸ਼ਲ ਆਸਿਫ ਮੁਨੀਰ ਉਪਰੋਕਤ ਸਾਰੇ ਤਾਨਾਸ਼ਾਹਾਂ ਨਾਲੋਂ ਕਿਤੇ ਵੱਧ ਸ਼ਾਤਰ ਅਤੇ ਘਾਗ ਸਾਬਿਤ ਹੋਇਆ ਹੈ। ਉਹ ਦੁਨੀਆ ਦਾ ਅਜਿਹਾ ਪਹਿਲਾ ਸੈਨਾ ਮੁਖੀ ਹੈ ਜਿਸ ਨੇ ਕਿ ਕਿਸੇ ਦੇਸ਼ ਖ਼ਿਲਾਫ਼ ਯੁੱਧ ਵਿਚ ਕਰਾਰੀ ਹਾਰ ਚੱਖੀ ਹੋਵੇ (ਆਪ੍ਰੇਸ਼ਨ ਸਿੰਧੂਰ 'ਚ) ਪਰ ਸਜ਼ਾ ਮਿਲਣ ਦੀ ਬਜਾਏ ਤਰੱਕੀ ਹਾਸਲ ਕਰ ਗਿਆ ਹੋਵੇ। ਉਸ ਨੂੰ ਆਰਜ਼ੀ ਫੀਲਡ ਮਾਰਸ਼ਲ ਬਣਾ ਦਿੱਤਾ ਗਿਆ ਸੀ ਜੋ ਹੁਣ ਸੰਵਿਧਾਨ ਵਿਚ ਸੋਧ ਕਰ ਕੇ ਪੱਕਾ ਕਰ ਦਿੱਤਾ ਗਿਆ ਹੈ। ਇਮਰਾਨ ਖ਼ਾਨ ਦੀ ਪਾਰਟੀ ਤਹਿਰੀਕ-ਏ-ਇਨਸਾਫ਼ ਦੇ ਭਾਰੀ ਵਿਰੋਧ ਦੇ ਬਾਵਜੂਦ ਕੁਝ ਦਿਨ ਪਹਿਲਾਂ ਪਾਕਿਸਤਾਨੀ ਪਾਰਲੀਮੈਂਟ ਨੇ 27ਵੀਂ ਸੰਵਿਧਾਨਕ ਸੋਧ ਕਰ ਕੇ ਆਰਟੀਕਲ 243 ਨੂੰ ਬਦਲ ਦਿੱਤਾ ਹੈ ਜਿਸ ਕਾਰਨ ਹੁਣ ਪਾਕਿਸਤਾਨੀ ਫ਼ੌਜ ਦੇ ਕਮਾਂਡ ਅਤੇ ਕੰਟਰੋਲ ਦਾ ਸਰੂਪ ਬਦਲ ਗਿਆ ਹੈ। ਪਾਕਿਸਤਾਨੀ ਫ਼ੌਜ ਸਰਕਾਰ ਦੇ ਕੰਟਰੋਲ ਤੋਂ ਬਿਲਕੁਲ ਆਜ਼ਾਦ ਹੋ ਗਈ ਹੈ। ਅਸਲ ਵਿਚ ਆਪ੍ਰੇਸ਼ਨ ਸਿੰਧੂਰ ਨੂੰ ਪਾਕਿਸਤਾਨੀ ਸਰਕਾਰ ਅਤੇ ਮੀਡੀਆ ਦੁਆਰਾ ਜਿੱਤ ਦੇ ਰੂਪ ਵਿਚ ਐਨਾ ਪ੍ਰਚਾਰਿਆ ਗਿਆ ਸੀ ਕਿ ਮੁਨੀਰ ਹੀਰੋ ਬਣ ਗਿਆ ਸੀ। ਉਸ ਨੇ ਇਸ ਮੌਕੇ ਦਾ ਫ਼ਾਇਦਾ ਉਠਾਇਆ ਤੇ ਆਪਣੇ ਹੀਰੋ ਵਾਲੇ ਬਣੇ ਅਕਸ ਦਾ ਇਸਤੇਮਾਲ ਕਰ ਕੇ ਆਰਮੀ, ਏਅਰ ਫੋਰਸ, ਨੇਵੀ ਤੇ ਸਰਕਾਰ ਨੂੰ ਆਪਣੇ ਪ੍ਰਭਾਵ ਹੇਠ ਲੈ ਲਿਆ ਤੇ 27ਵੀਂ ਸੰਵਿਧਾਨਕ ਸੋਧ ਕਰਨ ਲਈ ਮਜਬੂਰ ਕਰ ਦਿੱਤਾ।

ਇਸ ਸੋਧ ਦੁਆਰਾ ਫੀਲਡ ਮਾਰਸ਼ਲ ਨਾਂ ਵਾਲੇ ਅਹੁਦੇ ਦੀ ਸਥਾਪਨਾ ਕੀਤੀ ਗਈ ਹੈ ਜਿਸ ਅਧੀਨ ਮਿਲਟਰੀ ਦੇ ਤਿੰਨੇ ਅੰਗ ਆਰਮੀ, ਏਅਰ ਫੋਰਸ ਅਤੇ ਨੇਵੀ ਹੋਣਗੇ। ਫੀਲਡ ਮਾਰਸ਼ਲ ਹਮੇਸ਼ਾ ਆਰਮੀ ਦਾ ਉੱਚਤਮ ਅਫ਼ਸਰ ਹੋਵੇਗਾ ਤੇ ਉਸ ਦੀ ਤਾਇਨਾਤੀ ਪੰਜ ਸਾਲਾਂ ਲਈ ਕੀਤੀ ਜਾਵੇਗੀ। ਇਸ ਅਹੁਦੇ ਨੂੰ ਤਾਕਤ ਦੇਣ ਲਈ ਚੇਅਰਮੈਨ ਜੁਆਇੰਟ ਚੀਫਜ਼ ਆਫ ਸਟਾਫ ਕਮੇਟੀ (ਸੀਜੇਸੀਐੱਸਸੀ) ਦੇ ਅਹੁਦੇ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਮੌਜੂਦਾ ਸੀਜੇਸੀਐੱਸਸੀ ਜਰਨਲ ਸਾਹਿਰ ਸ਼ਮਸ਼ਾਦ ਮਿਰਜ਼ਾ 30 ਨਵੰਬਰ ਨੂੰ ਰਿਟਾਇਰ ਹੋ ਰਿਹਾ ਹੈ ਤੇ ਉਸ ਦੇ ਨਾਲ ਹੀ ਇਹ ਅਹੁਦਾ ਵੀ ਖ਼ਤਮ ਹੋ ਜਾਵੇਗਾ। ਇਹ ਇਕ ਸਜਾਵਟੀ ਅਹੁਦਾ ਸੀ ਤੇ ਇਸ ਕੋਲ ਕੋਈ ਖ਼ਾਸ ਤਾਕਤਾਂ ਨਹੀਂ ਸਨ। ਇਹ ਫ਼ੌਜ ਦਾ ਪ੍ਰਭਾਵ ਹੀ ਹੈ ਕਿ ਆਰਮੀ, ਨੇਵੀ ਜਾਂ ਏਅਰ ਫੋਰਸ ਦੇ ਚੀਫ ਨੂੰ ਸਿਰਫ਼ ਮਹਾਦੋਸ਼ ਦੁਆਰਾ ਹੀ ਹਟਾਇਆ ਜਾ ਸਕਦਾ ਹੈ। ਪਾਕਿਸਤਾਨ ਮਿਲਟਰੀ ਕਮਾਂਡਰਾਂ ਨੂੰ ਐਨੀ ਸੁਰੱਖਿਆ ਦੇਣ ਵਾਲਾ ਦੁਨੀਆ ਦਾ ਇੱਕੋ-ਇੱਕ ਦੇਸ਼ ਹੈ। ਇਸ ਸੰਵਿਧਾਨਕ ਸੋਧ ਦਾ ਇਕ ਬਹੁਤ ਹੀ ਖ਼ਤਰਨਾਕ ਪਹਿਲੂ ਇਹ ਹੈ ਕਿ ਇਸ ਕਾਰਨ ਸਾਰੇ ਪਰਮਾਣੂ ਅਤੇ ਗ਼ੈਰ-ਪਰਮਾਣੂ ਹਥਿਆਰਾਂ ਦਾ ਸਿੱਧਾ ਕੰਟਰੋਲ ਮਿਲਟਰੀ ਦੇ ਅਧੀਨ ਚਲਾ ਜਾਵੇਗਾ। ਇਸ ਲਈ ਕਮਾਂਡਰ ਆਫ ਨੈਸ਼ਨਲ ਸਟ੍ਰੈਟੇਜਿਕ ਕਮਾਂਡ ਨਾਂ ਦੇ ਇਕ ਅਹੁਦੇ ਦੀ ਸਥਾਪਨਾ ਕੀਤੀ ਗਈ ਹੈ। ਇਸ ਕਮਾਂਡਰ ਦੀ ਨਿਯੁਕਤੀ ਵੀ ਫੀਲਡ ਮਾਰਸ਼ਲ ਦੀ ਸਿਫ਼ਾਰਸ਼ 'ਤੇ ਪ੍ਰਧਾਨ ਮੰਤਰੀ ਦੁਆਰਾ ਕੀਤੀ ਜਾਵੇਗੀ ਤੇ ਇਹ ਅਫ਼ਸਰ ਵੀ ਆਰਮੀ ਤੋਂ ਹੀ ਹੋਵੇਗਾ। ਪ੍ਰਧਾਨ ਮੰਤਰੀ ਨੂੰ ਇਹ ਸਿਫ਼ਾਰਸ਼ ਮੰਨਣੀ ਪਵੇਗੀ ਤੇ ਉਸ 'ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰ ਸਕਦਾ। ਇਸ ਨਾਲ ਫੀਲਡ ਮਾਰਸ਼ਲ ਨੂੰ ਕਿਸੇ ਦੇਸ਼ ਖ਼ਿਲਾਫ਼ ਪਰਮਾਣੂ ਹਥਿਆਰ, ਹਵਾਈ ਤੇ ਸਮੁੰਦਰੀ ਜੰਗੀ ਜਹਾਜ਼, ਪਣਡੁੱਬੀਆਂ ਤੇ ਮਿਜ਼ਾਈਲਾਂ ਆਦਿ ਵਰਤਣ ਲਈ ਸਿਵਲ ਸਰਕਾਰ ਦੀ ਆਗਿਆ ਲੈਣ ਦੀ ਕੋਈ ਜ਼ਰੂਰਤ ਨਹੀਂ ਹੋਵੇਗੀ।

ਉਹ ਹਰ ਤਰ੍ਹਾਂ ਦੇ ਹਥਿਆਰਾਂ ਦੇ ਵਿਕਾਸ, ਨਿਰਮਾਣ, ਦਰਾਮਦ ਅਤੇ ਬਰਾਮਦ ਕਰਨ ਲਈ ਆਜ਼ਾਦ ਹੋਵੇਗਾ। ਇਸ ਤੋਂ ਇਲਾਵਾ ਰਿਟਾਇਰ ਹੋ ਰਿਹਾ ਫੀਲਡ ਮਾਰਸ਼ਲ ਆਪਣਾ ਜਾਨਸ਼ੀਨ ਚੁਣਨ ਦਾ ਹੱਕਦਾਰ ਹੋਵੇਗਾ। ਪਾਕਿਸਤਾਨੀ ਫ਼ੌਜ ਦੀ ਐਨੀ ਚੜ੍ਹਤ ਤਾਂ ਅਯੂਬ ਖ਼ਾਨ, ਯਾਹੀਆ ਖ਼ਾਨ, ਜ਼ਿਆ-ਉਲ-ਹੱਕ ਅਤੇ ਪਰਵੇਜ਼ ਮੁਸ਼ੱਰਫ ਦੀ ਤਾਨਾਸ਼ਾਹੀ ਵੇਲੇ ਵੀ ਨਹੀਂ ਸੀ ਹੋਈ। ਇਸ ਤੋਂ ਇਲਾਵਾ ਫੀਲਡ ਮਾਰਸ਼ਲ ਵਿਰੁੱਧ ਅਹੁਦੇ 'ਤੇ ਰਹਿੰਦਿਆਂ ਤੇ ਰਿਟਾਇਰ ਹੋਣ ਤੋਂ ਬਾਅਦ ਵੀ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਜਾ ਸਕਦਾ। ਇਹੋ ਜਿਹੀ ਰਿਆਇਤ ਪਾਕਿਸਤਾਨੀ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਵੀ ਪ੍ਰਾਪਤ ਨਹੀਂ ਹੈ। ਪਾਕਿਸਤਾਨੀ ਪਾਰਲੀਮੈਂਟ ਦੁਆਰਾ ਕੀਤੀ ਗਈ ਇਹ ਬੱਜਰ ਗ਼ਲਤੀ ਕਿਸੇ ਵੀ ਸਮੇਂ ਪਾਕਿਸਤਾਨ ਅਤੇ ਭਾਰਤ ਲਈ ਮੁਸੀਬਤ ਪੈਦਾ ਕਰ ਸਕਦੀ ਹੈ ਕਿਉਂਕਿ ਅਜਿਹੇ ਭਾਰੀ ਹਥਿਆਰ ਮੁਨੀਰ ਨੇ ਅਫ਼ਗਾਨਿਸਤਾਨ ਜਾਂ ਚੀਨ ਦੇ ਖ਼ਿਲਾਫ਼ ਤਾਂ ਵਰਤਣੇ ਨਹੀਂ ਹਨ। ਇਸ ਸੋਧ ਕਾਰਨ ਜਨਰਲ ਮੁਨੀਰ ਪਾਕਿਸਤਾਨੀ ਇਤਿਹਾਸ ਦਾ ਸਭ ਤੋਂ ਤਾਕਤਵਰ ਨੌਕਰਸ਼ਾਹ ਬਣ ਗਿਆ ਹੈ।



ਉਹ ਕੁਝ ਮਹੀਨਿਆਂ ਬਾਅਦ ਰਿਟਾਇਰ ਹੋ ਰਿਹਾ ਸੀ ਪਰ ਇਸ ਸੰਵਿਧਾਨਕ ਸੋਧ ਨਾਲ ਉਸ ਨੇ ਆਪਣਾ ਕਾਰਜਕਾਲ ਵੀ ਵਧਾ ਲਿਆ ਹੈ ਤੇ ਅਸੀਮਤ ਤਾਕਤਾਂ ਵੀ ਹਾਸਲ ਕਰ ਲਈਆਂ ਹਨ। ਇਸ ਤੋਂ ਇਲਾਵਾ ਉਸ ਕੋਲ ਸਿਰਫ਼ ਤਾਕਤ ਹੀ ਤਾਕਤ ਹੈ, ਜ਼ਿੰਮੇਵਾਰੀ ਕੋਈ ਵੀ ਨਹੀਂ। ਦੇਸ਼ ਦੀ ਆਰਥਿਕ ਬਰਬਾਦੀ ਲਈ ਲੋਕਾਂ ਦਾ ਗੁੱਸਾ ਚੁਣੀ ਹੋਈ ਸਰਕਾਰ ਝੱਲੇਗੀ ਤੇ ਮੁਨੀਰ ਫ਼ੌਜ ਦੇ ਅਥਾਹ ਬਜਟ ਅਤੇ ਵਸੀਲਿਆਂ ਦੇ ਸਿਰ 'ਤੇ ਐਸ਼ ਕਰੇਗਾ। ਭਵਿੱਖ ਵਿਚ ਵੀ ਬਣਨ ਵਾਲੀ ਕਿਸੇ ਸਰਕਾਰ ਦੀ ਹਿੰਮਤ ਨਹੀਂ ਹੋਵੇਗੀ ਕਿ ਉਹ ਇਹ ਸੋਧ ਵਾਪਸ ਲੈ ਕੇ ਫ਼ੌਜ ਨੂੰ ਨਾਰਾਜ਼ ਕਰ ਸਕੇ। ਮੁਨੀਰ ਦੀ ਤਰੱਕੀ ਦੀ ਕਹਾਣੀ ਕਾਫ਼ੀ ਦਿਲਚਸਪ ਹੈ। ਉਹ ਨਵੰਬਰ 2022 ਵਿਚ ਆਰਮੀ ਚੀਫ ਬਣਿਆ ਸੀ ਪਰ ਮਾਰਚ 2025 ਵਿਚ ਉਸ ਦੇ ਦਿੱਤੇ ਇਕ ਬਿਆਨ ਕਿ ਹਿੰਦੂ ਅਤੇ ਮੁਸਲਮਾਨ ਅਲੱਗ-ਅਲੱਗ ਕੌਮਾਂ ਹਨ ਜੋ ਕਦੇ ਵੀ ਇਕੱਠੀਆਂ ਨਹੀਂ ਚੱਲ ਸਕਦੀਆਂ, ਤੋਂ ਪਹਿਲਾਂ ਉਸ ਨੂੰ ਭਾਰਤ ਵਿਚ ਕੋਈ ਨਹੀਂ ਸੀ ਜਾਣਦਾ। ਇਸ ਬਿਆਨ ਤੋਂ ਠੀਕ ਇਕ ਮਹੀਨੇ ਬਾਅਦ 22 ਅਪ੍ਰੈਲ ਨੂੰ ਅੱਤਵਾਦੀਆਂ ਨੇ ਪਹਿਲਗਾਮ ਵਿਖੇ ਭਿਆਨਕ ਕਤਲੇਆਮ ਕਰ ਦਿੱਤਾ ਸੀ ਜਿਸ ਵਿਚ 26 ਭਾਰਤੀ ਮਾਰੇ ਗਏ ਸਨ। ਇਸ ਤੋਂ ਬਾਅਦ ਆਪ੍ਰੇਸ਼ਨ ਸਿੰਧੂਰ ਵਿਚ ਹੋਈ ਸ਼ਰਮਨਾਕ ਹਾਰ ਨੂੰ ਵੀ ਮੁਨੀਰ ਨੇ ਆਪਣੇ ਮੁਫ਼ਾਦ ਲਈ ਵਰਤਿਆ ਤੇ ਦੁਨੀਆ ਭਰ 'ਚ ਇਹ ਪ੍ਰਾਪੇਗੰਡਾ ਚਲਾਇਆ ਕਿ ਇਸ ਯੁੱਧ 'ਚ ਪਾਕਿ ਨੇ ਭਾਰਤ ਨੂੰ ਹਰਾ ਦਿੱਤਾ ਹੈ। ਇਸ ਨਾਲ ਉਹ ਪਾਕਿਸਤਾਨ ਵਿਚ ਹੀਰੋ ਬਣ ਗਿਆ ਤੇ ਫੀਲਡ ਮਾਰਸ਼ਲ ਦਾ ਅਹੁਦਾ ਵੀ ਹਥਿਆ ਲਿਆ।

ਸਾਊਦੀ ਅਰਬ ਨੇ ਤਾਂ ਉਸ ਦੀ ਇਸ ਕਥਿਤ ਬਹਾਦਰੀ ਨੂੰ ਵੇਖਦੇ ਹੋਏ ਪਾਕਿਸਤਾਨ ਨਾਲ ਸੁਰੱਖਿਆ ਸੰਧੀ ਵੀ ਕਰ ਲਈ ਜਿਸ ਅਧੀਨ ਇਕ ਦੇਸ਼ 'ਤੇ ਕੀਤਾ ਗਿਆ ਹਮਲਾ ਦੂਸਰੇ ਦੇਸ਼ 'ਤੇ ਹੋਇਆ ਸਮਝਿਆ ਜਾਵੇਗਾ। ਸਵੈ-ਘੋਸ਼ਿਤ ਹੀਰੋ ਮੁਨੀਰ ਨੇ ਆਪ੍ਰੇਸ਼ਨ ਸਿੰਧੂਰ ਤੋਂ ਸਿਰਫ਼ ਅੱਠ ਮਹੀਨਿਆਂ ਦੇ ਅੰਦਰ ਹੀ ਆਰਟੀਕਲ 243 ਵਿਚ ਸੋਧ ਕਰਵਾ ਲਈ ਹੈ। ਮਿਲਟਰੀ ਪਹਿਲਾਂ ਹੀ ਇਕ ਤਰ੍ਹਾਂ ਨਾਲ ਪਾਕਿਸਤਾਨ 'ਤੇ ਰਾਜ ਕਰ ਰਹੀ ਸੀ ਤੇ ਹੁਣ ਇਸ ਦੀ ਪਕੜ ਹੋਰ ਮਜ਼ਬੂਤ ਹੋ ਜਾਵੇਗੀ। ਇਸ ਸੋਧ ਨਾਲ ਪਾਕਿਸਤਾਨ ਤੁਰਕੀ ਤੋਂ ਬਾਅਦ ਸੰਸਾਰ ਦਾ ਦੂਸਰਾ ਅਜਿਹਾ ਦੇਸ਼ ਬਣ ਜਾਵੇਗਾ ਜਿਸ ਦਾ ਸੰਵਿਧਾਨ ਮਿਲਟਰੀ ਨੂੰ ਇੰਨੀਆਂ ਸ਼ਕਤੀਆਂ ਦਿੰਦਾ ਹੈ। ਤੁਰਕੀ ਦੇ ਸੰਵਿਧਾਨ ਵਿਚ ਦਰਜ ਹੈ ਕਿ ਜੇ ਸਰਕਾਰ ਠੀਕ ਤਰ੍ਹਾਂ ਨਾਲ ਕੰਮ ਨਾ ਕਰੇ ਤਾਂ ਫ਼ੌਜ ਉਸ ਨੂੰ ਭੰਗ ਕਰ ਸਕਦੀ ਹੈ। ਪਾਕਿਸਤਾਨ ਵਿਚ ਮੁਨੀਰ ਦਾ ਇੱਕੋ-ਇੱਕ ਦੁਸ਼ਮਣ ਇਮਰਾਨ ਖ਼ਾਨ ਹੈ ਜਿਸ ਨੂੰ ਉਹ ਪਹਿਲਾਂ ਹੀ ਜੇਲ੍ਹ ਭਿਜਵਾ ਚੁੱਕਾ ਹੈ। ਇਹ ਸ਼ਕਤੀਆਂ ਤਾਂ ਹੀ ਵਾਪਸ ਹੋ ਸਕਦੀਆਂ ਹਨ ਜੇ ਕਿਤੇ ਭਵਿੱਖ ਵਿਚ ਭਾਰੀ ਬਹੁਮਤ ਨਾਲ ਇਮਰਾਨ ਖ਼ਾਨ ਦੀ ਸਰਕਾਰ ਬਣ ਜਾਵੇ। ਮੁਨੀਰ ਦੀ ਤਰੱਕੀ ਦਾ ਇੱਕੋ-ਇੱਕ ਕਾਰਨ ਉਸ ਦਾ ਭਾਰਤ ਵਿਰੋਧੀ ਕੱਟੜ ਸਟੈਂਡ ਹੈ। ਭਾਰਤ ਨੂੰ ਮੁਨੀਰ ਤੋਂ ਸਾਵਧਾਨ ਰਹਿਣਾ ਪਵੇਗਾ ਕਿਉਂਕਿ ਉਹ ਆਪਣੀ ਸਥਿਤੀ ਕਾਇਮ ਰੱਖਣ ਲਈ ਕੋਈ ਘਟੀਆ ਹਰਕਤ ਕਰ ਸਕਦਾ ਹੈ।

# ਤਕਨੀਕੀ ਯੁੱਗ ਦੀ ਗ਼ੁਲਾਮੀ

ਅੱਜ ਦਾ ਮਨੁੱਖ ਤਕਨੀਕ ਦੇ ਸੁਵਿਧਾਜਨਕ ਜਗਤ ਵਿਚ ਰਹਿੰਦਾ ਹੋਇਆ ਵੀ ਇਕ ਅਜਿਹੇ ਅਦਿੱਖ ਕੈਦਖਾਨੇ ਦਾ ਬੰਦੀ ਬਣ ਗਿਆ ਹੈ ਜਿਸ ਦੀਆਂ ਜੰਜ਼ੀਰਾਂ ਉਸ ਨੇ ਆਪਣੇ ਹੀ ਹੱਥਾਂ ਨਾਲ ਬੰਨ੍ਹੀਆਂ ਹਨ ਤੇ ਇਹ ਜੰਜ਼ੀਰਾਂ ਹਨ ਮੋਬਾਈਲ ਅਤੇ ਸੋਸ਼ਲ ਮੀਡੀਆ ਦੀ ਚੇਟਕ ਦੀਆਂ। ਜਿੱਥੇ ਇਕ ਪਾਸੇ ਮੋਬਾਈਲ ਨੇ ਸਾਨੂੰ ਪੂਰੀ ਦੁਨੀਆ ਨਾਲ ਜੋੜਿਆ ਹੈ, ਉੱਥੇ ਦੂਜੇ ਪਾਸੇ ਇਸ ਨੇ ਸਾਡੇ ਮਨ ਨੂੰ ਬੇਹਿਸਾਬ ਬੰਧਨਾਂ ਵਿਚ ਵੀ ਜਕੜ ਦਿੱਤਾ ਹੈ।

ਪਹਿਲਾਂ ਮਨੁੱਖ ਜੋ ਕਦੇ ਘੜੀਆਂ ਦਾ ਗ਼ੁਲਾਮ ਸੀ, ਅੱਜ ਨੋਟੀਫਿਕੇਸ਼ਨਾਂ ਦੀ ਕੈਦ ਵਿਚ ਬੰਦ ਹੋ ਕੇ ਰਹਿ ਗਿਆ ਹੈ। ਕਿਸੇ ਵਕਤ ਚਿੱਠੀ-ਪੱਤਰਾਂ ਦੀ ਉਡੀਕ ਕਰਨ ਵਾਲਾ ਇਨਸਾਨ, ਹੁਣ ਹਰ ਵੇਲੇ ਦੂਜੇ ਦੇ 'ਆਨਲਾਈਨ' ਹੋਣ ਦਾ ਇੰਤਜ਼ਾਰ ਕਰਦਾ ਰਹਿੰਦਾ ਹੈ। ਹੁਣ ਹਰ ਸਵੇਰ ਦੀ ਸ਼ੁਰੂਆਤ ਸੂਰਜ ਦੀ ਕਿਰਨ ਦੇ ਨਾਲ-ਨਾਲ ਫੋਨ ਦੀ ਚਮਕ ਨਾਲ ਹੁੰਦੀ ਹੈ। ਖਾਣੇ ਤੋਂ ਪਹਿਲਾਂ ਤਸਵੀਰ ਖਿੱਚਣੀ, ਦੁੱਖ ਤੋਂ ਪਹਿਲਾਂ ਸਟੇਟਸ ਲਾਉਣਾ ਅਤੇ ਖ਼ੁਸ਼ੀ ਤੋਂ ਪਹਿਲਾਂ ਰੀਲ੍ਹ ਬਣਾਉਣਾ ਇਹ ਸਾਡੀ ਨਵੀਂ ਜ਼ਿੰਦਗੀ ਦਾ ਪੱਕਾ ਨਿਯਮ ਬਣ ਗਿਆ ਹੈ।

ਸੋਸ਼ਲ ਮੀਡੀਆ ਨੇ ਸਾਨੂੰ ਇਕ ਅਜਿਹੀ ਭੀੜ ਦਾ ਹਿੱਸਾ ਬਣਾ ਦਿੱਤਾ ਹੈ ਜਿੱਥੇ ਹਰ ਕੋਈ ਚੀਖ ਰਿਹਾ ਹੈ ਪਰ ਸਾਡੇ ਕੰਨਾਂ ਨੂੰ ਕਿਸੇ ਦੀ ਆਵਾਜ਼ ਸੁਣਾਈ ਨਹੀਂ ਦਿੰਦੀ। ਅਸੀਂ ਆਪਣੀ ਇਕ ਵੱਖਰੀ ਦਿੱਖ ਨੂੰ ਦਿਖਾਉਣ ਦੀ ਦੌੜ ਵਿਚ ਆਪਣੇ ਅਸਲੀ ਰੂਪ ਨੂੰ ਭੁਲਾ ਬੈਠੇ ਹਾਂ। ਅੱਜ ਇੰਸਟਾਗ੍ਰਾਮ ਦੇ ਲਾਈਕ ਤੇ ਫੇਸਬੁੱਕ ਦੀਆਂ ਟਿੱਪਣੀਆਂ ਨੇ ਮਨੁੱਖੀ ਕਦਰਾਂ-ਕੀਮਤਾਂ ਦੇ ਮਾਪ ਦੀ ਇਕ ਨਵੀਂ ਇਕਾਈ ਤਿਆਰ ਕਰ ਕੇ ਰੱਖ ਦਿੱਤੀ ਹੈ। ਅੱਜ ਦੀ ਜਵਾਨੀ ਆਪਣੀ ਕਾਬਲੀਅਤ ਤੋਂ ਵੱਧ ਫਿਲਟਰਾਂ ਵਿੱਚੋਂ ਸੁੰਦਰਤਾ ਅਤੇ ਆਪਣੀ ਪਹਿਚਾਣ ਤੋਂ ਵੱਧ ਪ੍ਰੋਫਾਈਲ ਵਿਚ ਸਤਿਕਾਰ ਲੱਭ ਰਹੀ ਹੈ।

ਇਹ ਇਕ ਅਜੀਬ ਵਿਡੰਬਨਾ ਹੈ ਕਿ ਜਿੰਨਾ ਅਸੀਂ ਤਰੱਕੀ ਕਰ ਕੇ ਆਨਲਾਈਨ ਹੋਏ ਹਾਂ, ਨਾ ਹੀ ਆਫਲਾਈਨ ਅਤੇ ਖ਼ੁਸ਼ੀਆਂ ਭਰੇ ਜੀਵਨ ਤੋਂ ਦੂਰ ਹੋ ਗਏ ਹਾਂ। ਮੋਬਾਈਲ ਨੇ ਪਰਿਵਾਰਾਂ ਦੇ ਵਿਚਕਾਰ ਦੀਆਂ ਗੱਲਾਂ-ਬਾਤਾਂ ਨੂੰ ਖ਼ਾਮੋਸ਼ ਕਰ ਦਿੱਤਾ ਹੈ ਤੇ ਅੱਜ ਮਾਪੇ ਵੀ ਆਪਣੇ ਬੱਚਿਆਂ ਦੇ ਖਿੜੇ ਹੋਏ ਚਿਹਰੇ ਦੇਖਣ ਦੀ ਬਜਾਏ ਮੋਬਾਈਲ ਵਿਚ ਉਨ੍ਹਾਂ ਦਾ 'ਲਾਸਟ ਸੀਨ' ਦੇਖਦੇ ਹਨ। ਜਿਸ ਤਕਨੀਕ ਨੇ ਸਾਨੂੰ ਆਜ਼ਾਦੀ ਦੇਣੀ ਸੀ, ਉਸ ਨੇ ਹੀ ਸਾਡੇ ਵਿਚਾਰਾਂ, ਸਮੇਂ ਅਤੇ ਭਾਵਨਾਵਾਂ ਨੂੰ ਪੂਰੀ ਤਰ੍ਹਾਂ ਕੈਦ ਕਰ ਲਿਆ ਹੈ। ਅਸੀਂ ਮੋਬਾਈਲ ਫੋਨ ਉੱਪਰ 'ਸਕ੍ਰੋਲ' ਕਰਦੇ-ਕਰਦੇ ਆਪਣੀ ਸੂਝ-ਬੂਝ, ਆਪਣਾ ਧੀਰਜ ਅਤੇ ਕੀਮਤੀ ਸਮਾਂ



ਖ਼ਤਮ ਕਰ ਰਹੇ ਹਾਂ। ਅਜਿਹੇ ਹਾਲਾਤ ਵਿਚ ਸੋਸ਼ਲ ਮੀਡੀਆ ਹੁਣ ਸਿਰਫ਼ ਸੰਚਾਰ ਦਾ ਸਾਧਨ ਨਹੀਂ, ਬਲਕਿ ਮਨੁੱਖੀ ਮਨੋਵਿਗਿਆਨ 'ਤੇ ਰਾਜ ਕਰਨ ਵਾਲੀ ਇਕ ਵੱਡੀ ਤਾਕਤ ਬਣ ਚੁੱਕਾ ਹੈ।

ਇਸ ਨੇ ਸਾਡੀ ਸੋਚ ਨੂੰ ਇੰਨਾ ਪ੍ਰਭਾਵਿਤ ਕਰ ਦਿੱਤਾ ਹੈ ਕਿ ਅਸੀਂ ਕਿਸੇ ਵੀ ਸੱਚ ਨੂੰ ਹੁਣ ਲਾਈਕ ਅਤੇ ਵਿਊਜ਼ ਦੀ ਗਿਣਤੀ-ਮਿਣਤੀ ਨਾਲ ਮਾਪਣ ਲੱਗ ਪਏ ਹਾਂ। ਅੱਜਕੱਲ੍ਹ ਖ਼ਬਰਾਂ ਤੋਂ ਵੱਧ ਅਫ਼ਵਾਹਾਂ ਅਤੇ ਗਿਆਨ ਤੋਂ ਵੱਧ ਪ੍ਰਦਰਸ਼ਨ ਪ੍ਰਸਿੱਧ ਹੁੰਦਾ ਹੈ ਤੇ ਹਰ ਪਾਸੇ ਸੱਚਾਈ ਤੋਂ ਵੱਧ ਝੂਠ ਦੀ ਚਮਕ ਚਮਕਦੀ ਹੈ। ਅਸੀਂ ਇਸ ਡਿਜੀਟਲ ਦੁਨੀਆ ਵਿਚ ਇੰਨੇ ਗੁਆਚ ਗਏ ਹਾਂ ਕਿ ਸਾਡੇ ਲਈ ਚੁੱਪ ਦਾ ਮਤਲਬ ਹੁਣ ਸਿਗਨਲ ਨਾ ਹੋਣਾ ਬਣ ਗਿਆ ਹੈ। ਬਿਨਾਂ ਪਾਣੀ ਦੇ ਮੱਛੀ ਵਾਂਗ ਹੀ ਮੋਬਾਈਲ ਬਿਨਾਂ ਰਹਿਣਾ ਅੱਜ ਦੇ ਮਨੁੱਖ ਲਈ ਉਸੇ ਤਰ੍ਹਾਂ ਦਾ ਡਰ ਬਣਿਆ ਹੋਇਆ ਹੈ।

ਇਹ ਗ਼ੁਲਾਮੀ ਸਾਡੇ ਸਰੀਰ ਦੀ ਨਹੀਂ ਸਾਡੇ ਮਨ ਦੀ ਹੈ ਤੇ ਇਸ ਗ਼ੁਲਾਮੀ ਤੋਂ ਆਜ਼ਾਦੀ ਸਿਰਫ਼ ਤਕਨੀਕ ਨੂੰ ਛੱਡਣ ਨਾਲ ਨਹੀਂ, ਸਗੋਂ ਆਪਣੇ ਆਪ ਨੂੰ ਦੁਬਾਰਾ ਸਮਝਣ ਨਾਲ ਮਿਲੇਗੀ। ਸਾਨੂੰ ਇਹ ਗੱਲ ਪੂਰੀ ਗੰਭੀਰਤਾ ਨਾਲ ਸਮਝਣੀ ਪਵੇਗੀ ਕਿ ਮੋਬਾਈਲ ਸਾਡੀ ਸਹੂਲਤ ਲਈ ਬਣਿਆ ਹੈ। ਜਦ ਤੱਕ ਅਸੀਂ ਇਸ ਗੱਲ ਨੂੰ ਨਹੀਂ ਸਮਝਾਂਗੇ, ਤਦ ਤੱਕ ਅਸੀਂ ਇਸ ਦੇ ਗ਼ੁਲਾਮ ਤੇ ਨਚਾਰ ਬਣ ਕੇ ਹੀ ਰਹਾਂਗੇ।

ਹੁਣ ਸਮਾਂ ਆ ਗਿਆ ਹੈ ਕਿ ਅਸੀਂ ਤਕਨੀਕ ਨੂੰ ਦੋਸ਼ ਦੇਣ ਦੀ ਬਜਾਏ ਆਪਣੇ ਆਪ 'ਤੇ ਕਾਬੂ ਕਰੀਏ, ਕਿਉਂਕਿ ਜੇ ਅਸੀਂ ਆਪਣੇ ਮੋਬਾਈਲ ਦਾ ਸਮਾਂ ਤੈਅ ਨਹੀਂ ਕਰਾਂਗੇ ਤਾਂ ਮੋਬਾਈਲ ਸਾਡੀ ਜ਼ਿੰਦਗੀ ਦਾ ਸਮਾਂ ਤੈਅ ਕਰ ਦੇਵੇਗਾ। ਇਹ ਯੁੱਗ ਤਾਂ ਮਨੁੱਖੀ ਪ੍ਰਗਤੀ ਦਾ ਹੋਣਾ ਚਾਹੀਦਾ ਸੀ, ਪਰ ਅਫ਼ਸੋਸ ਅੱਜ ਇਹ ਆਭਾਸੀ ਪ੍ਰਸਿੱਧੀ ਦਾ ਹੋ ਕੇ ਰਹਿ ਗਿਆ ਹੈ। ਹੁਣ ਸਾਡੇ ਲਈ ਇਕ ਨਵੀਂ ਜਾਗਰੂਕਤਾ ਦੀ ਜ਼ਰੂਰਤ ਹੈ ਜਿੱਥੇ ਮਨੁੱਖ ਦੁਬਾਰਾ ਮਨੁੱਖ ਬਣੇ, ਸਕ੍ਰੀਨ ਤੋਂ ਪਰੇ ਨਜ਼ਰ ਹਟਾ ਕੇ ਆਪਣੇ ਜੀਵਨ ਦੇ ਅਸਲ ਰੰਗ ਦੇਖੇ ਅਤੇ ਇਹ ਸਮਝੇ ਕਿ ਅਸਲ ਖ਼ੁਸ਼ੀ ਸਿਰਫ਼ ਆਨਲਾਈਨ ਨਹੀਂ ਸਗੋਂ ਸਾਡੇ ਆਸ-ਪਾਸ ਦੀ ਦੁਨੀਆ ਵਿਚ ਹੈ। ਇਹ ਉਹੀ ਦੁਨੀਆ ਹੈ ਜਿੱਥੇ ਹਾਸੇ, ਪਿਆਰ ਅਤੇ ਕਈ ਅਣਮੁੱਲੇ ਰਿਸ਼ਤੇ ਅੱਜ ਵੀ ਸਿਰਫ਼ ਸਾਡੀ ਇਕ ਛੋਹ ਦੀ ਉਡੀਕ ਵਿਚ ਜੀ ਰਹੇ ਹਨ।

-ਗੁਰਦੀਪ ਸਿੰਘ 'ਭੁੱਲਰ'

# ਦੇਖਣ-ਸੁਣਨ ਨਾਲ ਨਹੀਂ, ਛੂਹਣ ਨਾਲ ਹੁੰਦੀ ਹੈ ਸਰੀਰ 'ਚ ਸਭ ਤੋਂ ਵੱਡੀ ਹਲਚਲ

ਇਕ ਅਧਿਐਨ 'ਚ ਵਿਸ਼ਲੇਸ਼ਣ ਕੀਤਾ ਗਿਆ ਕਿ ਮਨੁੱਖੀ ਚਮੜੀ ਤਸਵੀਰ, ਆਵਾਜ਼ ਤੇ ਛੋਹ ਦੇ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦੀ ਹੈ। ਇਸ ਵਿਚ ਪਤਾ ਲੱਗਾ ਹੈ ਕਿ ਨਰਵਸ ਸਿਸਟਮ ਛੋਹ ਸਬੰਧੀ ਸੰਵੇਦਨਾਵਾਂ ਦੇ ਪ੍ਰਤੀ ਸਭ ਤੋਂ ਵੱਧ ਦ੍ਰਿੜ੍ਹਤਾ ਨਾਲ ਪ੍ਰਤੀਕਿਰਿਆ ਦਿੰਦਾ ਹੈ।

ਹਾਲਾਂਕਿ, ਇਹ ਵੀ ਸਾਹਮਣੇ ਆਇਆ ਕਿ ਨਰਵਸ ਸਿਸਟਮ ਦੀਆਂ ਪ੍ਰਤੀਕਿਰਿਆਵਾਂ ਆਵਾਜ਼ ਤੇ ਸੰਗੀਤ ਪ੍ਰਤੀ ਸਭ ਤੋਂ ਮਜ਼ਬੂਤ ਹੁੰਦੀਆਂ ਹਨ। ਇਹ ਦਰਸਾਉਂਦਾ ਹੈ ਕਿ ਦਿਮਾਗ਼ ਉਤੇਜਨਾ ਜਾਂ ਜਾਗਰੂਕਤਾ ਨੂੰ ਕਿਵੇਂ ਸਮਝਦਾ ਹੈ ਤੇ ਸਰੀਰ ਆਪਣੇ ਆਪ ਨੂੰ ਕਿਵੇਂ ਉਤੇਜਨਾ ਦੇ ਪ੍ਰਤੀ ਕਿਵੇਂ ਪ੍ਰਤੀਕਿਰਿਆ ਕਰਦਾ ਹੈ, ਇਹ ਹਮੇਸ਼ਾ ਪੂਰੀ ਤਰ੍ਹਾਂ ਮੇਲ ਨਹੀਂ ਖਾ ਸਕਦਾ। ਨਿਊਯਾਰਕ ਯੂਨੀਵਰਸਿਟੀ ਦੇ ਟੈਂਡਨ ਸਕੂਲ ਆਫ ਇੰਜੀਨੀਅਰਿੰਗ ਦੇ ਖੋਜੀਆਂ ਦੀ ਅਗਵਾਈ 'ਚ ਟੀਮ ਨੇ ਕਿਹਾ ਕਿ ਅਸਲ 'ਚ ਇਹ ਅਧਿਐਨ ਸਰੀਰ ਵਿਗਿਆਨ ਤੇ ਧਾਰਨਾ ਵਿਚਾਲੇ ਇਕ ਸੂਖ਼ਮ ਅੰਤਰ ਨੂੰ ਦੂਰ ਕਰਦਾ ਹੈ। ਖੋਜ ਦੇ ਸਿੱਟੇ ਪੀਐੱਲ ਐੱਸ ਮੈਂਟਲ ਹੈਲਥ ਮੈਗ਼ਜ਼ੀਨ 'ਚ ਪ੍ਰਕਾਸ਼ਿਤ ਕੀਤੇ ਗਏ ਹਨ।

ਸੈਰਫ ਨਰਵਸ ਸਿਸਟਮ ਬਾਹਰੀ ਉਤੇਜਨਾਵਾਂ ਦੇ ਪ੍ਰਤੀ ਸਰੀਰ ਦੀ ਗ਼ੈਰ-ਇੱਛੁਕ ਪ੍ਰਤੀਕਿਰਿਆ ਲਈ ਜ਼ਿੰਮੇਵਾਰ ਹੁੰਦਾ ਹੈ ਤੇ ਇਸਦੇ ਸਿੱਟੇ ਵਜੋਂ ਚਮੜੀ 'ਚ ਸੂਖ਼ਮ ਬਿਜਲਈ ਸੰਕੇਤ ਪੈਦਾ ਹੁੰਦੇ ਹਨ। ਇਨ੍ਹਾਂ 'ਚ ਦਿਲ ਦੀ ਰਫ਼ਤਾਰ ਤੇਜ਼ ਹੋਣਾ ਜਾਂ ਹਥੇਲੀਆਂ 'ਚ ਪਸੀਨਾ ਆਉਣਾ ਆਦਿ ਸ਼ਾਮਲ ਹਨ। ਖੋਜੀਆਂ ਨੇ ਪਤਾ ਲਗਾਇਆ ਕਿ ਤੰਤਰਿਕਾ ਤੰਤਰ ਤੋਂ ਆਉਣ ਵਾਲੇ ਸਰੀਰਕ ਸੰਕੇਤ ਮਾਨਸਿਕ ਤੇ ਭਾਵਨਾਤਮਕ ਸਰਗਰਮੀ ਦੇ ਪੱਧਰ ਦੇ ਬਿਨਾਂ ਕਿਸੇ ਬਦਲਾਅ ਦੀ ਸੂਚਨਾ ਦਿੱਤੇ ਪ੍ਰਗਟ ਕਰਨ 'ਚ ਕਿਵੇਂ ਮਦਦ ਕਰ ਸਕਦੇ ਹਨ। ਅਧਿਐਨ 'ਚ ਚਮੜੀ ਚਾਲਕਤਾ ਦਾ ਅਧਿਐਨ ਕੀਤਾ ਗਿਆ, ਜਿਸ ਨੂੰ ਸੈਰਫ ਨਰਵਸ ਸਿਸਟਮ ਦੀ ਸਰਗਰਮੀ ਦਾ ਇਕ ਸੰਕੇਤਕ ਮੰਨਿਆ ਜਾਂਦਾ ਹੈ। ਜਦੋਂ ਪਸੀਨੇ ਦੀਆਂ ਗ੍ਰੰਥੀਆਂ ਉਤੇਜਿਤ ਹੁੰਦੀਆਂ ਹਨ ਤਾਂ ਚਮੜੀ ਦੀ ਬਿਜਲਈ ਪਰਵਾਹ ਦੀ ਸਮਰੱਥਾ ਬਦਲ ਜਾਂਦੀ ਹੈ।

## ਰਾਖਵੇਂਕਰਨ 'ਚ ਕ੍ਰੀਮੀ ਲੇਅਰ

ਸੁਪਰੀਮ ਕੋਰਟ ਦੇ ਚੀਫ ਜਸਟਿਸ ਬੀਆਰ ਗਵਈ ਨੇ ਅਨੁਸੂਚਿਤ ਜਾਤੀ ਰਾਖਵੇਂਕਰਨ 'ਚ ਕ੍ਰੀਮੀ ਲੇਅਰ ਦੇ ਸਿਧਾਂਤ ਨੂੰ ਲਾਗੂ ਕਰਨ ਦੀ ਜ਼ਰੂਰਤ ਨੂੰ ਲੈ ਕੇ ਜੋ ਵਿਚਾਰ ਜ਼ਾਹਰ ਕੀਤੇ, ਉਹ ਨਵੇਂ ਨਹੀਂ ਹਨ। ਉਹ ਇਸ ਤੋਂ ਪਹਿਲਾਂ ਵੀ ਅਜਿਹਾ ਕਹਿ ਚੁੱਕੇ ਹਨ। ਤੱਥ ਇਹ ਵੀ ਹਨ ਕਿ ਸੁਪਰੀਮ ਕੋਰਟ ਨੇ ਕੁਝ ਸਮਾਂ ਪਹਿਲਾਂ ਅਨੁਸੂਚਿਤ ਜਾਤੀ-ਜਨਜਾਤੀ ਦੇ ਰਾਖਵੇਂਕਰਨ 'ਚ ਉਪ-ਵਰਗੀਕਰਨ ਨੂੰ ਮਾਨਤਾ ਪ੍ਰਦਾਨ ਕੀਤੀ ਸੀ।

ਸੁਪਰੀਮ ਕੋਰਟ ਦੇ ਇਸ ਬੈਂਚ 'ਚ ਜਸਟਿਸ ਗਵਈ ਵੀ ਸਨ। ਸਪੱਸ਼ਟ ਹੈ ਕਿ ਉਹ ਇਸ ਦੇ ਮੁੱਖ ਪੱਖਕਾਰ ਹਨ ਕਿ ਕ੍ਰੀਮੀ ਲੇਅਰ ਦਾ ਜੋ ਸਿਧਾਂਤ ਹੋਰ ਪੱਛੜਿਆ ਵਰਗ ਭਾਵ ਬੀਸੀ ਰਾਖਵੇਂਕਰਨ 'ਚ ਲਾਗੂ ਹੈ, ਉਹੀ ਹੋਰ ਰਾਖਵੇਂ ਵਰਗਾਂ ਭਾਵ ਅਨੁਸੂਚਿਤ ਜਾਤੀ ਤੇ ਜਨਜਾਤੀ ਦੇ ਰਾਖਵੇਂਕਰਨ 'ਚ ਵੀ ਲਾਗੂ ਕੀਤਾ ਜਾਵੇ। ਇਹ ਸੁਭਾਵਿਕ ਹੈ ਕਿ ਉਨ੍ਹਾਂ ਦੇ ਇਸ ਕਥਨ 'ਤੇ ਵੱਖ-ਵੱਖ ਵਿਚਾਰ ਸਾਹਮਣੇ ਆਉਣਗੇ ਤੇ ਐੱਸਸੀ-ਐੱਸਟੀ



ਰਾਖਵੇਂਕਰਨ 'ਚ ਕ੍ਰੀਮੀ ਲੇਅਰ ਲਾਗੂ ਕਰਨ ਦੇ ਉਨ੍ਹਾਂ ਦੇ ਵਿਚਾਰ ਦੀ ਨਿੰਦਾ ਵੀ ਹੋਵੇਗੀ, ਪਰ ਇਨਸਾਫ਼ ਤੇ ਨੀਤੀ ਇਹੀ ਕਹਿੰਦੀ ਹੈ ਕਿ ਰਾਖਵੇਂਕਰਨ ਦੀ ਵਿਵਸਥਾ ਨੂੰ ਇਸ ਤਰ੍ਹਾਂ ਲਾਗੂ ਕੀਤਾ ਜਾਵੇ ਕਿ ਯੋਗ ਲੋਕਾਂ ਨੂੰ ਹੀ ਉਸ ਦਾ ਲਾਭ ਮਿਲਣਾ ਯਕੀਨੀ ਬਣ ਸਕੇ।

ਅਜਿਹਾ ਤਦ ਹੋਵੇਗਾ, ਜਦ ਵਾਂਝੇ ਵਰਗਾਂ ਦੇ ਸਮਰੱਥ ਭਾਵ ਕ੍ਰੀਮੀ ਲੇਅਰ ਵਾਲੇ ਲੋਕਾਂ ਨੂੰ ਰਾਖਵੇਂਕਰਨ ਦਾ ਲਾਭ ਲੈਣ ਤੋਂ ਰੋਕਿਆ ਜਾਵੇਗਾ। ਐੱਸਸੀ-ਐੱਸਟੀ ਰਾਖਵੇਂਕਰਨ 'ਚ ਕ੍ਰੀਮੀ ਲੇਅਰ ਦੀ ਵਿਵਸਥਾ ਬਣਾਏ ਜਾਣ ਦੇ ਪੱਖ 'ਚ ਜਸਟਿਸ ਗਵਈ ਨੇ ਇਹ ਬਿਲਕੁਲ ਸਹੀ ਕਿਹਾ ਕਿ ਆਈਏਐੱਸ ਤੇ ਗ਼ਰੀਬ ਮਜ਼ਦੂਰ ਦੇ ਪੁੱਤਰਾਂ ਨੂੰ ਇਕੋ ਜਿਹਾ ਨਹੀਂ ਮੰਨਿਆ ਜਾ ਸਕਦਾ। ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਰਾਖਵੇਂਕਰਨ ਦਾ ਟੀਚਾ ਵਾਂਝੇ ਅਤੇ ਪੱਛੜੇ ਤਬਕਿਆਂ ਦੇ ਉਨ੍ਹਾਂ ਲੋਕਾਂ ਦੀ ਤਰੱਕੀ ਦੀ ਵਿਸ਼ੇਸ਼ ਕੋਸ਼ਿਸ਼ ਹੈ, ਜੋ ਅਸਲ 'ਚ ਸਮਾਜਿਕ ਰੂਪ ਨਾਲ ਪੱਛੜੇ ਹੋਏ ਹਨ। ਆਮ ਤੌਰ 'ਤੇ ਸਮਾਜਿਕ ਰੂਪ ਨਾਲ ਅਜਿਹੇ ਪੱਛੜੇ ਲੋਕ ਆਰਥਿਕ ਰੂਪ ਨਾਲ ਵੀ ਕਮਜ਼ੋਰ ਹੁੰਦੇ ਹਨ।

ਰਾਖਵੇਂਕਰਨ 'ਚ ਕ੍ਰੀਮੀ ਲੇਅਰ ਦੇ ਸਿਧਾਂਤ ਨੂੰ ਲਾਗੂ ਕਰਨ ਦੇ ਵਿਰੋਧ 'ਚ ਇਹ ਤਰਕ ਦਿੱਤਾ ਜਾਂਦਾ ਹੈ ਕਿ ਰਾਖਵੇਂ ਵਰਗ ਦੇ ਕਿਸੇ ਵਿਅਕਤੀ ਦੇ ਉੱਚ ਅਹੁਦੇ 'ਤੇ ਪੁੱਜ ਜਾਣ ਤੋਂ ਬਾਅਦ ਵੀ ਕਈ ਵਾਰ ਉਸ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ ਜਾਂ ਉਸ ਨਾਲ ਪੱਖਪਾਤ ਕੀਤਾ ਜਾਂਦਾ ਹੈ। ਇਸ ਤਰਕ ਨੂੰ ਖ਼ਾਰਜ ਨਹੀਂ ਕੀਤਾ ਜਾ ਸਕਦਾ, ਪਰ ਇਸ ਨਾਲ ਇਹੀ ਤਾਂ ਸਿੱਧ ਹੁੰਦਾ ਹੈ ਕਿ ਰਾਖਵਾਂਕਰਨ ਸਮਾਜਿਕ ਤੇ ਆਰਥਿਕ ਅਸਮਾਨਤਾ ਦੂਰ ਕਰਨ ਦਾ ਇੱਕੋ-ਇਕ ਤਰੀਕਾ ਨਹੀਂ ਹੈ।

ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਦੇਸ਼ 'ਚ ਕਮਜ਼ੋਰ ਵਰਗਾਂ ਦੇ ਸਾਰੇ ਲੋਕ ਬਿਨਾਂ ਰਾਖਵੇਂਕਰਨ ਦੇ ਸਮਾਜਿਕ-ਆਰਥਿਕ ਰੂਪ ਨਾਲ ਸਮਰੱਥ ਬਣੇ ਹਨ। ਰਾਖਵਾਂਕਰਨ ਅਸਲ 'ਚ ਕਮਜ਼ੋਰ ਲੋਕਾਂ ਦੀ ਤਰੱਕੀ 'ਚ ਸਹਾਇਕ ਬਣੇ, ਇਸ ਲਈ ਹੋਰ ਤਰੀਕਿਆਂ ਦੇ ਨਾਲ ਜਿਵੇਂ ਐੱਸਸੀ-ਐੱਸਟੀ ਰਾਖਵੇਂਕਰਨ 'ਚ ਉਪ-ਵਰਗੀਕਰਨ ਨੂੰ ਮਾਨਤਾ ਦਿੱਤੀ ਗਈ, ਇਵੇਂ ਹੀ ਕ੍ਰੀਮੀ ਲੇਅਰ ਦੇ ਸਿਧਾਂਤ ਨੂੰ ਵੀ ਅਪਣਾਇਆ ਜਾਣਾ ਚਾਹੀਦਾ ਹੈ। ਇਸੇ ਸਿਲਸਿਲੇ 'ਚ ਜੇ ਰਾਖਵੇਂ ਵਰਗਾਂ ਦੇ ਸਮਰੱਥ ਲੋਕ ਜੋ ਰਾਖਵੇਂਕਰਨ ਦਾ ਲਾਭ ਲੈ ਕੇ ਉੱਚ ਅਹੁਦਿਆਂ 'ਤੇ ਪੁੱਜ ਚੁੱਕੇ ਹਨ, ਆਪਣੀ ਇੱਛਾ ਨਾਲ ਉਸ ਦਾ ਤਿਆਗ ਕਰਨ ਤਾਂ ਸਕਾਰਾਤਮਕ ਮਾਹੌਲ ਦਾ ਨਿਰਮਾਣ ਹੋਵੇਗਾ ਤੇ ਚੀਫ ਜਸਟਿਸ ਨੇ ਜੋ ਵਿਚਾਰ ਜ਼ਾਹਰ ਕੀਤੇ, ਉਨ੍ਹਾਂ ਨੂੰ ਹੋਰ ਬਲ ਮਿਲੇਗਾ।

# ਪੰਜਾਬੀ ਫ਼ਿਲਮਾਂ ਦੀ ਪਹਿਲੀ ਅਦਾਕਾਰਾ ਖ਼ੁਰਸ਼ੀਦ ਬਾਨੋ

ਕਿਸੇ ਖੇਤਰ ਵਿੱਚ ਨਵੀਆਂ ਪੈੜਾਂ ਪਾਉਣ ਵਾਲੇ, ਨਵੇਂ ਰਾਹ ਬਣਾਉਣ ਵਾਲੇ ਲੋਕ ਇਤਿਹਾਸ ਦੇ ਪੰਨਿਆਂ ਵਿੱਚ ਅਮਿੱਟ ਛਾਪ ਛੱਡ ਜਾਂਦੇ ਹਨ। ਪੰਜਾਬੀ ਸਿਨੇਮਾ ਦੇ ਇਤਿਹਾਸਕ ਪੰਨਿਆਂ 'ਤੇ ਇਸੇ ਤਰ੍ਹਾਂ ਦਰਜ ਹੈ ਖੁਰਸ਼ੀਦ ਬਾਨੋ ਦਾ ਨਾਮ। ਉਨ੍ਹਾਂ ਨੂੰ ਪੰਜਾਬੀ ਸਿਨੇਮਾ ਦੀ ਪਹਿਲੀ ਅਦਾਕਾਰਾ ਹੋਣ ਦਾ ਮਾਣ ਹਾਸਿਲ ਹੈ। ਖੁਰਸ਼ੀਦ ਬਾਨੋ ਨੇ ਅਦਾਕਾਰੀ ਦੇ ਨਾਲ-ਨਾਲ ਗਾਇਕੀ ਖੇਤਰ ਵਿੱਚ ਵੀ ਆਪਣਾ ਲੋਹਾ ਮਨਵਾਇਆ। ਖੁਰਸ਼ੀਦ ਬਾਨੋ ਦਾ ਅਸਲ ਨਾਮ ਇਰਸ਼ਾਦ ਸੀ। ਉਨ੍ਹਾਂ ਦਾ ਜਨਮ ਜ਼ਿਲ੍ਹਾ ਲਾਹੌਰ ਵਿੱਚ ਪੈਂਦੇ ਚੂਣੀਆਂ (ਜੋ ਹੁਣ ਜ਼ਿਲ੍ਹਾ ਕਸੂਰ ਵਿੱਚ ਆਉਂਦਾ ਹੈ) ਦੇ ਇੱਕ ਮੁਸਲਿਮ ਪੰਜਾਬੀ ਪਰਿਵਾਰ ਵਿੱਚ ਹੋਇਆ ਸੀ। ਉਹ ਇੱਕ ਪੜ੍ਹੇ-ਲਿਖੇ ਰਸੂਖਦਾਰ ਪਰਿਵਾਰ ਨਾਲ ਸੰਬੰਧ ਰੱਖਦੇ ਸੀ। ਉਨ੍ਹਾਂ ਦੇ ਪਿਤਾ ਅਦਾਲਤ ਵਿੱਚ ਮੁਲਾਜ਼ਮ ਸਨ। ਪੰਜਾਬੀ ਫ਼ਿਲਮ ਇਤਿਹਾਸਕਾਰ ਮਨਦੀਪ ਸਿੰਘ ਸਿੱਧੂ ਨੇ ਉਨ੍ਹਾਂ ਬਾਰੇ ਕਾਫ਼ੀ ਜਾਣਕਾਰੀ ਇਕੱਠੀ ਕੀਤੀ ਹੈ। ਉਹ ਦੱਸਦੇ ਹਨ ਕਿ ਬਚਪਨ ਤੋਂ ਹੀ ਇਰਸ਼ਾਦ ਉਰਫ਼ ਖੁਰਸ਼ੀਦ ਨੂੰ ਫ਼ਿਲਮਾਂ ਦੇਖਣ ਦਾ ਸ਼ੌਕ ਸੀ। ਉਹ ਅਕਸਰ ਆਪਣੇ ਪਿਤਾ ਨਾਲ ਫ਼ਿਲਮਾਂ ਦੇਖ ਕੇ ਆਉਂਦੇ ਸਨ ਅਤੇ ਘਰ ਆ ਕੇ ਐਕਟਰਾਂ ਦੀ ਅਦਾਕਾਰੀ ਦੀ ਨਕਲ ਕਰਦੇ ਸੀ। ਖੁਰਸ਼ੀਦ ਬਾਨੋ ਬਾਰੇ ਕਿਹਾ ਜਾਂਦਾ ਹੈ ਕਿ ਉਹ ਧਾਰਮਿਕ ਖ਼ਿਆਲਾਂ ਵਾਲੇ ਅਤੇ ਪੜ੍ਹਨ ਲਿਖਣ ਵਾਲੇ ਸਨ। ਉਨ੍ਹਾਂ ਨੇ ਕੁਰਾਨ ਸ਼ਰੀਫ਼ ਪੜ੍ਹਿਆ ਹੋਇਆ ਸੀ। ਉਹ ਪੰਜਾਬੀ, ਹਿੰਦੀ ਤੇ ਉਰਦੂ ਤੋਂ ਇਲਾਵਾ ਅੰਗਰੇਜ਼ੀ ਵੀ ਸੋਹਣੀ ਬੋਲਦੇ ਸੀ। ਮਨਦੀਪ ਸਿੱਧੂ ਨੇ ਆਪਣੀ ਖੋਜ ਦੇ ਅਧਾਰ 'ਤੇ ਸਾਨੂੰ ਦੱਸਿਆ, "ਖੁਰਸ਼ੀਦ ਦਾ ਪਰਿਵਾਰ ਅਗਾਂਹਵਧੂ ਸੋਚ ਰੱਖਦਾ ਸੀ। ਤਤਕਾਲੀ ਸਮਾਜ ਦੇ ਉਲਟ ਉਨ੍ਹਾਂ ਦੀ ਨਜ਼ਰ ਵਿੱਚ ਸਿਨੇਮਾ ਬੁਰਾ ਨਹੀਂ ਸੀ। ਉਸ ਜ਼ਮਾਨੇ ਵਿੱਚ ਜਦੋਂ ਕੁੜੀਆਂ ਲਈ ਸਿਨੇਮਾ ਵਿੱਚ ਕੰਮ ਕਰਨਾ ਬਹੁਤਾ ਚੰਗਾ ਨਹੀਂ ਸੀ ਸਮਝਿਆ ਜਾਂਦਾ, ਖੁਰਸ਼ੀਦ ਦੇ ਪਰਿਵਾਰ ਨੇ ਉਸ ਦਾ ਪੂਰੀ ਤਰ੍ਹਾਂ ਸਾਥ ਦਿੱਤਾ।" ਉਰਦੂ ਦੇ ਮਹਾਨ ਸ਼ਾਇਰ ਅਲਾਮਾ ਇਕਬਾਲ ਦਾ ਘਰ ਖੁਰਸ਼ੀਦ ਦੇ ਘਰ ਨੇੜੇ ਹੀ ਸੀ। ਖੁਰਸ਼ੀਦ ਨੇ ਬਚਪਨ ਵਿੱਚ ਕਾਫ਼ੀ ਵਖਤ ਅਲਾਮਾ ਇਕਬਾਲ ਦੇ ਘਰ ਬਿਤਾਇਆ ਅਤੇ ਇਸ ਮਹਾਨ ਸ਼ਾਇਰ ਦੀ ਸ਼ਖ਼ਸੀਅਤ ਨੇ ਖੁਰਸ਼ੀਦ ਬਾਨੋ 'ਤੇ ਵੀ ਛਾਪ ਛੱਡੀ।


### ਕਿਵੇਂ ਹਾਸਲ ਹੋਇਆ ਪੰਜਾਬੀ ਸਿਨੇਮਾ ਦੀ ਪਹਿਲੀ ਹੀਰੋਇਨ ਬਣਨ ਦਾ ਮਾਣ?

ਭਾਵੇਂ ਸਾਂਝੇ ਪੰਜਾਬ ਦੇ ਲਾਹੌਰ ਵਿੱਚ ਵਿੱਚ ਫ਼ਿਲਮਾਂ ਬਣਾਏ ਜਾਣ ਦਾ ਸਿਲਸਿਲਾ 1929 ਵਿੱਚ ਰਿਲੀਜ਼ ਹੋਈ ਚੁੱਪ ਫ਼ਿਲਮ 'ਡਾਟਰਜ਼ ਆਫ ਟੂਡੇ' ਉਰਫ਼ 'ਪ੍ਰੇਮ ਪ੍ਰੀਕਸ਼ਾ' ਨਾਲ ਸ਼ੁਰੂ ਹੋ ਗਿਆ ਸੀ। ਪਰ ਇਨ੍ਹਾਂ ਚੁੱਪ ਫ਼ਿਲਮਾਂ ਦੀ ਕੋਈ ਭਾਸ਼ਾ ਨਹੀਂ ਹੁੰਦੀ ਇਸ ਲਈ ਇਸ ਨੂੰ ਪੰਜਾਬੀ ਫ਼ਿਲਮ ਨਹੀਂ ਕਿਹਾ ਜਾ ਸਕਦਾ। ਸਾਲ 1932 ਵਿੱਚ 'ਹੀਰ ਰਾਂਝਾ' ਉਰਫ਼ 'ਹੂਰ-ਏ-ਪੰਜਾਬ' ਨਾਮੀ ਪਹਿਲੀ ਉਰਦੂ ਫ਼ਿਲਮ ਵੀ ਪੰਜਾਬ ਵਿੱਚ ਬਣੀ। ਫ਼ਿਲਮ ਇਤਿਹਾਸਕਾਰ ਮਨਦੀਪ ਸਿੱਧੂ ਦੀ ਖੋਜ ਮੁਤਾਬਕ ਇੱਥੇ ਬਣੀ ਪਹਿਲੀ ਪੰਜਾਬੀ ਫ਼ਿਲਮ 'ਇਸ਼ਕ-ਏ-ਪੰਜਾਬ' ਉਰਫ਼ 'ਮਿਰਜ਼ਾ ਸਾਹਿਬਾਂ' ਸੀ ਅਤੇ ਇਸ ਪਹਿਲੀ ਪੰਜਾਬੀ ਫ਼ਿਲਮ ਵਿੱਚ ਹੀਰੋਇਨ ਦਾ ਕਿਰਦਾਰ ਨਿਭਾਉਣ ਵਾਲੀ ਪਹਿਲੀ ਅਦਾਕਾਰਾ ਖੁਰਸ਼ੀਦ ਬਾਨੋ ਸਨ ਇਸ ਲਈ ਉਨ੍ਹਾਂ ਨੂੰ ਪੰਜਾਬੀ ਸਿਨੇਮਾ ਦਾ ਪਹਿਲੀ ਹੀਰੋਇਨ ਮੰਨਿਆ ਜਾਂਦਾ ਹੈ।

ਸਿੱਧੂ ਨੇ ਸਾਨੂੰ ਦੱਸਿਆ ਕਿ ਬੰਬੇ ਦੀ ਫ਼ਿਲਮ ਕੰਪਨੀ ਹਿੰਦਮਤਾ ਸਿਨੇਟੋਨ, ਪੰਜਾਬੀ ਲੋਕ ਗਾਥਾ ਮਿਰਜ਼ਾ-ਸਾਹਿਬਾਂ 'ਤੇ ਅਧਾਰਿਤ ਫ਼ਿਲਮ ਬਣਾਉਣ ਲਈ ਲਾਹੌਰ ਆਈ ਅਤੇ ਉਨ੍ਹਾਂ ਨੂੰ ਫ਼ਿਲਮ ਲਈ ਨਵੇਂ ਚਿਹਰਿਆਂ ਦੀ ਭਾਲ ਸੀ। ਪਤਾ ਲੱਗਣ 'ਤੇ ਖੁਰਸ਼ੀਦ ਦਾ ਵੱਡਾ ਭਰਾ ਖੁਦ ਉਨ੍ਹਾਂ ਨੂੰ ਕੰਪਨੀ ਦੇ ਦਫ਼ਤਰ ਲੈ ਕੇ ਗਿਆ। ਖੁਰਸ਼ੀਦ ਬਾਨੋ ਇੰਨੀ ਖ਼ੂਬਸੂਰਤ ਸੀ ਕਿ ਉਨ੍ਹਾਂ ਨੂੰ ਫ਼ਿਲਮ ਦੀ ਮੁੱਖ ਭੂਮਿਕਾ ਯਾਨੀ ਸਾਹਿਬਾਂ ਦੇ ਕਿਰਦਾਰ ਲਈ ਚੁਣ ਲਿਆ ਗਿਆ। ਫ਼ਿਲਮ ਵਿੱਚ ਖੁਰਸ਼ੀਦ ਦੇ ਰੂਬਰੂ ਮਿਰਜ਼ੇ ਦਾ ਕਿਰਦਾਰ ਨਿਭਾਉਣ ਲਈ ਅੰਮ੍ਰਿਤਸਰ ਦੇ ਰਬਾਬੀਆਂ ਦਾ ਮੁੰਡਾ ਭਾਈ ਦੇਸਾ ਚੁਣਿਆ ਗਿਆ ਯਾਨੀ ਪਹਿਲੀ ਪੰਜਾਬੀ ਫ਼ਿਲਮ ਦੇ ਹੀਰੋ ਭਾਈ ਦੇਸਾ ਰਹੇ। ਇਹ ਫ਼ਿਲਮ 1933 ਵਿੱਚ ਬਣਨੀ ਸ਼ੁਰੂ ਹੋਈ ਸੀ, ਜੋ ਕਿ 1935 ਵਿੱਚ ਰਿਲੀਜ਼ ਹੋਈ। 29 ਮਾਰਚ, 1935 ਨੂੰ ਲਾਹੌਰ ਦੇ ਨਿਰੰਜਣ ਟਾਕੀਜ਼ ਵਿੱਚ ਇਹ ਫ਼ਿਲਮ ਰਿਲੀਜ਼ ਹੋਈ ਸੀ। ਜੀ.ਆਰ.ਸੇਠੀ ਇਸ ਫ਼ਿਲਮ ਦੇ ਡਾਇਰੈਕਟਰ ਸਨ।



ਜਿਸ ਤਰ੍ਹਾਂ ਉਸ ਵੇਲੇ ਫ਼ਿਲਮੀ ਨਾਮ, ਅਸਲ ਨਾਮ ਤੋਂ ਕੁਝ ਵੱਖਰਾ ਰੱਖਣ ਦਾ ਰੁਝਾਨ ਹੁੰਦਾ ਸੀ, ਇਰਸ਼ਾਦ ਦਾ ਫ਼ਿਲਮੀ ਨਾਮ ਵੀ ਖੁਰਸ਼ੀਦ ਚੁਣਿਆ ਗਿਆ। ਕਿਸੇ ਫ਼ਿਲਮ ਵਿੱਚ ਖੁਰਸ਼ੀਦ, ਕਿਸੇ ਵਿੱਚ ਖੁਰਸ਼ੀਦ ਬਾਨੋ ਅਤੇ ਕਿਤੇ ਖੁਰਸ਼ੀਦ ਬੇਗਮ ਵਜੋਂ ਉਨ੍ਹਾਂ ਦਾ ਨਾਮ ਲਿਖਿਆ ਗਿਆ। ਮਾੜੀ ਗੱਲ ਇਹ ਰਹੀ ਕਿ ਇਹ ਪਹਿਲੀ ਪੰਜਾਬੀ ਫ਼ਿਲਮ ਬੁਰੀ ਤਰ੍ਹਾਂ ਫਲਾਪ ਹੋਈ। ਮਨਦੀਪ ਸਿੱਧੂ ਨੇ ਦੱਸਿਆ, " ਫ਼ਿਲਮ ਸਾਜ਼ ਕੰਪਨੀ ਬੰਬੇ ਦੀ ਸੀ, ਉਨ੍ਹਾਂ ਨੂੰ ਲਾਹੌਰ ਵਿੱਚ ਆ ਕੇ ਪੰਜਾਬੀ ਫ਼ਿਲਮ ਬਣਾਉਣ ਦਾ ਤਜਰਬਾ ਨਹੀਂ ਸੀ। ਹੈ ਵੀ ਪਹਿਲੀ ਪੰਜਾਬੀ ਫ਼ਿਲਮ ਸੀ, ਇਸ ਲਈ ਇਨ੍ਹਾਂ ਸਿਤਾਰਿਆਂ ਨੂੰ ਉਸ ਫ਼ਿਲਮ ਤੋਂ ਉਹ ਪਛਾਣ ਨਹੀਂ ਮਿਲ ਸਕੀ ਸੀ ਜੋ ਮਿਲ ਜਾਣੀ ਚਾਹੀਦੀ ਸੀ।" ਇਹ ਜ਼ਰੂਰ ਰਿਹਾ ਕਿ ਫ਼ਿਲਮ ਦੀ ਰਿਲੀਜ਼ ਤੋਂ ਬਾਅਦ ਖੁਰਸ਼ੀਦ ਬਾਨੋ ਨੇ ਫ਼ਿਲਮ ਦੇ ਹੀਰੋ ਭਾਈ ਦੇਸਾ ਨਾਲ ਵਿਆਹ ਕਰਵਾ ਲਿਆ ਸੀ, ਜੋ ਕਿ ਬਾਅਦ ਵਿੱਚ ਟੁੱਟ ਗਿਆ ਸੀ।




### ਦੇਵ ਆਨੰਦ ਦੀ ਪਹਿਲੀ ਫ਼ਿਲਮ ਵਿੱਚ ਹੀਰੋਇਨ ਸੀ ਖੁਰਸ਼ੀਦ

ਲਾਹੌਰ ਫ਼ਿਲਮ ਸਨਅਤ ਤੋਂ ਇਲਾਵਾ ਉਸ ਵੇਲੇ ਬੰਬੇ ਅਤੇ ਕਲਕੱਤਾ ਵਿੱਚ ਵੱਡੀਆਂ ਫ਼ਿਲਮ ਸਨਅਤਾਂ ਸਨ। ਲਾਹੌਰ ਵਿੱਚ ਕੰਮ ਕਰਦੇ ਅਦਾਕਾਰਾਂ ਦੀ ਸੋਚ ਹੁੰਦੀ ਸੀ ਕਿ ਕੁਝ ਫ਼ਿਲਮਾਂ ਇੱਥੇ ਕਰਕੇ ਬੰਬੇ ਜਾਇਆ ਜਾਵੇ। ਭਾਵੇਂ ਖੁਰਸ਼ੀਦ ਦੀ ਪਹਿਲੀ ਪੰਜਾਬੀ ਫ਼ਿਲਮ ਬਹੁਤੀ ਨਾ ਚੱਲ ਸਕੀ, ਪਰ ਇਸ ਫ਼ਿਲਮ ਨੇ ਖੁਰਸ਼ੀਦ ਨੂੰ ਬੰਬੇ ਦੇ ਫ਼ਿਲਮਸਾਜ਼ਾਂ ਦੀ ਨਜ਼ਰ ਵਿੱਚ ਲਿਆ ਦਿੱਤਾ ਸੀ। ਹਿੰਦੀ ਫ਼ਿਲਮਸਾਜ਼ਾਂ ਅਤੇ ਸੰਗੀਤਕਾਰਾਂ ਨੇ ਕਾਬਲੀਅਤ ਪਛਾਣਦਿਆਂ ਉਸ ਨੂੰ ਹਿੰਦੀ ਫ਼ਿਲਮਾਂ ਵਿਚ ਮੌਕਾ ਦਿੱਤਾ। ਖੁਰਸ਼ੀਦ ਨੇ ਇਸ ਤੋਂ ਬਾਅਦ 1935 ਵਿੱਚ ਪਹਿਲੀ ਹਿੰਦੀ ਫ਼ਿਲਮ 'ਸਵਰਗ ਕੀ ਸੀੜੀ' ਉਰਫ਼ 'ਸਤੀ ਵਿਮਲਾ' ਵਿੱਚ ਕੰਮ ਕੀਤਾ। ਲਾਹੌਰ ਵਿੱਚ ਹੀ ਬਣੀ ਇਸ ਫ਼ਿਲਮ ਵਿੱਚ ਖੁਰਸ਼ੀਦ ਨੇ ਖਲਨਾਇਕਾ ਦਾ ਕਿਰਦਾਰ ਨਿਭਾਇਆ ਸੀ। ਪਰ ਇਸ ਤੋਂ ਬਾਅਦ ਖੁਰਸ਼ੀਦ ਬੰਬੇ ਚਲੇ ਗਏ ਅਤੇ ਕਈ ਹਿੰਦੀ ਫ਼ਿਲਮਾਂ ਵਿੱਚ ਬਤੌਰ ਨਾਇਕਾ ਕੰਮ ਕੀਤਾ। ਬੰਬੇ ਜਾ ਕੇ 1935 ਵਿੱਚ ਹੀ ਚਿਰਾਗ਼-ਏ-ਹੁਸਨ ਸਮੇਤ ਪਹਿਲੇ ਹੀ ਸਾਲ ਪੰਜ ਫ਼ਿਲਮਾਂ ਕੀਤੀਆਂ।

ਖੁਰਸ਼ੀਦ ਹਰ ਫ਼ਿਲਮਸਾਜ਼ ਦੀ ਪਸੰਦ ਬਣ ਗਈ ਸੀ। ਉਸ ਵੇਲੇ ਦੇ ਕਲਾਕਾਰਾਂ ਦਾ ਸੁਫ਼ਨਾ ਹੁੰਦਾ ਸੀ ਸ੍ਰੀ ਰਣਜੀਤ ਮੂਵੀਟੋਨ ਬੰਬੇ ਦੀਆਂ ਫ਼ਿਲਮਾਂ ਵਿੱਚ ਕੰਮ ਕਰਨਾ ਅਤੇ ਖੁਰਸ਼ੀਦ ਨੇ ਇਸ ਫ਼ਿਲਮ ਕੰਪਨੀ ਨਾਲ ਅਨੇਕਾਂ ਫ਼ਿਲਮਾਂ ਕੀਤੀਆਂ। ਖੁਰਸ਼ੀਦ ਨੇ ਇੱਕ ਤੋਂ ਬਾਅਦ ਇੱਕ ਸੁਪਰਹਿੱਟ ਫ਼ਿਲਮਾਂ ਦਿੱਤੀਆਂ, ਇਨ੍ਹਾਂ ਵਿੱਚ ਕੁੰਦਨ ਲਾਲ ਸਹਿਗਲ ਨਾਲ ਤਾਨਸੇਨ(1943) ਅਤੇ ਭਗਤ ਸੂਰਦਾਸ (1942 ਜਿਹੀਆਂ ਫ਼ਿਲਮਾਂ ਦਾ ਖਾਸ ਜ਼ਿਕਰ ਕਰਨਾ ਇੱਥੇ ਬਣਦਾ ਹੈ। ਜਿਨ੍ਹਾਂ ਨੇ ਖੁਰਸ਼ੀਦ ਨੂੰ ਕਾਮਯਾਬੀ ਦੀ ਬੇਮਿਸਾਲ ਸਿਖਰ 'ਤੇ ਪਹੁੰਚਾ ਦਿੱਤਾ ਸੀ।)

ਫ਼ਿਲਮ ਇਤਿਹਾਸਕਾਰ ਮਨਦੀਪ ਸਿੱਧੂ ਮੁਤਾਬਕ ਇਸੇ ਦੌਰਾਨ ਭਾਈ ਦੇਸਾ ਨਾਲ ਤਲਾਕ ਤੋਂ ਬਾਅਦ ਖੁਰਸ਼ੀਦ ਨੇ ਮਸ਼ਹੂਰ ਹਿੰਦੀ ਫ਼ਿਲਮ ਅਦਾਕਾਰ ਲਾਲਾ ਯਾਕੂਬ ਨਾਲ ਦੂਜਾ ਵਿਆਹ ਕਰਵਾ ਲਿਆ ਸੀ। ਵਿਆਹ ਤੋਂ ਬਾਅਦ ਦੋਹਾਂ ਨੇ ਮਾਡਰਨ ਪਿਕਚਰਜ਼ ਬੰਬੇ ਨਾਮੀ ਫ਼ਿਲਮ ਸਾਜ਼ ਅਦਾਰਾ ਸਥਾਪਿਤ ਕੀਤਾ ਅਤੇ 1942 ਵਿੱਚ ਪੰਜਾਬੀ ਫ਼ਿਲਮ 'ਪਟੋਲਾ' ਬਣਾਈ। ਇਹ ਫ਼ਿਲਮ ਖੁਰਸ਼ੀਦ ਬਾਨੋ ਦੀ ਦੂਜੀ ਪੰਜਾਬੀ ਫ਼ਿਲਮ ਸੀ।

ਇਸ ਵਿੱਚ ਖੁਰਸ਼ੀਦ ਮੁੱਖ ਭੂਮਿਕਾ ਵਿਚ ਸਨ ਅਤੇ ਉਨ੍ਹਾਂ ਦੇ ਨਾਲ ਹੀਰੋ ਵਜੋਂ ਗੁਲਸ਼ਨ ਸਿੰਘ ਅਹੂਜਾ ਉਰਫ਼ ਅਰੁਣ ਨੇ ਕੰਮ ਕੀਤਾ ਸੀ। ਦੱਸ ਦੇਈਏ ਕਿ ਅਰੁਣ ਕੁਮਾਰ, ਬਾਲੀਵੁੱਡ ਅਦਾਕਾਰ ਗੋਵਿੰਦਾ ਦੇ ਪਿਤਾ ਸਨ। ਖੁਰਸ਼ੀਦ ਬਾਨੋ ਦੀਆਂ ਫ਼ਿਲਮਾਂ ਦੀ ਸੂਚੀ ਵਿੱਚ ਹਿੰਦੀ ਮਿਥਿਹਾਸਕ ਕਹਾਣੀਆਂ 'ਤੇ ਅਧਾਰਿਤ 'ਮਹਾਰਾਣਾ ਪ੍ਰਤਾਪ', 'ਬਾਬਰ' ਜਿਹੀਆਂ ਫ਼ਿਲਮਾਂ ਵੀ ਸ਼ਾਮਲ ਹਨ। ਖੁਰਸ਼ੀਦ ਦੀਆਂ ਸੁਪਰਹਿੱਟ ਫ਼ਿਲਮਾਂ ਦਾ ਸਿਲਸਿਲਾ ਜਾਰੀ ਰਿਹਾ। ਸਾਲ 1947 ਵਿੱਚ ਜਦੋਂ ਅੱਗੇ ਜਾ ਕੇ ਸੁਪਰਸਟਾਰ ਬਣੇ ਦੇਵ ਆਨੰਦ ਨੇ ਫ਼ਿਲਮਾਂ ਵਿੱਚ ਡੈਬਿਊ ਕੀਤਾ ਤਾਂ ਉਨ੍ਹਾਂ ਦੀ ਪਹਿਲੀ ਫ਼ਿਲਮ 'ਆਗੇ ਬੜ੍ਹੋ' ਵਿੱਚ ਖੁਰਸ਼ੀਦ ਉਨ੍ਹਾਂ ਦੀ ਪਹਿਲੀ ਹੀਰੋਇਨ ਸਨ।

ਜਦੋਂ 1947 ਵਿੱਚ ਦੇਸ਼ ਦੀ ਵੰਡ ਹੋਈ, ਤਾਂ ਬਹੁਤੇ ਮੁਸਲਿਮ ਪੰਜਾਬੀ ਪਰਿਵਾਰਾਂ ਨੂੰ ਪਾਕਿਸਤਾਨ ਵਾਲੇ ਪਾਸੇ ਜਾਣਾ ਪਿਆ, ਇਨ੍ਹਾਂ ਵਿੱਚ ਬੰਬੇ ਕੰਮ ਕਰਦੇ ਫ਼ਿਲਮ ਸਨਅਤ ਨਾਲ ਜੁੜੇ ਕਈ ਲੋਕ ਸਨ ਅਤੇ ਖੁਰਸ਼ੀਦ ਬਾਨੋ ਵੀ ਉਨ੍ਹਾਂ ਵਿਚੋਂ ਹੀ ਇੱਕ ਸੀ। ਅਧੂਰੀਆਂ ਪਈਆਂ ਫ਼ਿਲਮਾਂ ਪੂਰੀਆਂ ਕਰਨ ਲਈ ਇਨ੍ਹਾਂ ਨੂੰ ਇੱਕ-ਦੋ ਸਾਲ ਤੱਕ ਬੰਬੇ ਆਉਣ ਦਿੱਤਾ ਗਿਆ ਪਰ ਫ਼ਿਰ ਅਖ਼ੀਰ ਪਾਕਿਸਤਾਨ ਵਾਲੇ ਪਾਸੇ ਵਸਣਾ ਪਿਆ। ਮਨਦੀਪ ਸਿੱਧੂ ਨੇ ਦੱਸਿਆ ਕਿ 1948 ਵਿੱਚ ਆਈ ਫ਼ਿਲਮ 'ਆਪ ਬੀਤੀ' ਖੁਰਸ਼ੀਦ ਦੀ ਭਾਰਤ ਵਿੱਚ ਆਖਰੀ ਫ਼ਿਲਮ ਸੀ। ਖੁਰਸ਼ੀਦ ਬਾਨੋ ਵੱਲੋਂ ਕੀਤੀਆਂ ਹਿੰਦੀ ਫ਼ਿਲਮਾਂ ਦੀ ਕੁੱਲ ਗਿਣਤੀ ਬਾਰੇ ਫ਼ਿਲਹਾਲ ਕੁਝ ਦਾਅਵੇ ਨਾਲ ਨਹੀਂ ਕਿਹਾ ਜਾ ਸਕਦਾ।

ਪਾਕਿਸਤਾਨ ਆਉਣ ਬਾਅਦ ਖੁਰਸ਼ੀਦ ਨੇ ਦੋ-ਤਿੰਨ ਫ਼ਿਲਮਾਂ ਹੀ ਕੀਤੀਆਂ। ਸੱਸੀ (1954), ਮੰਡੀ (1956), ਫ਼ਨਕਾਰ (1956) ਉਨ੍ਹਾਂ ਫ਼ਿਲਮਾਂ ਵਿੱਚੋਂ ਹਨ। ਇਸੇ ਦੌਰਾਨ ਖੁਰਸ਼ੀਦ ਦਾ ਲਾਲਾ ਯਾਕੂਬ ਨਾਲ ਵੀ 1947 ਤੋਂ ਪਹਿਲਾਂ ਤਲਾਕ ਹੋ ਗਿਆ ਸੀ। ਪਾਕਿਸਤਾਨ ਪਹੁੰਚ ਕੇ ਖੁਰਸ਼ੀਦ ਬਾਨੋ ਦਾ ਤੀਜਾ ਵਿਆਹ ਵੱਡੇ ਸ਼ਿਪਿੰਗ ਕਾਰੋਬਾਰੀ ਯੂਸਫ਼ ਭਾਈ ਮੀਆਂ ਨਾਲ ਹੋਇਆ।

ਇਸ ਤੋਂ ਬਾਅਦ ਖੁਰਸ਼ੀਦ ਨੇ ਫ਼ਿਲਮਾਂ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਲਿਆ ਸੀ ਅਤੇ ਪਰਿਵਾਰਕ ਜ਼ਿੰਦਗੀ ਨੂੰ ਸਮਰਪਿਤ ਹੋ ਗਏ ਸਨ। ਫ਼ਿਲਮ ਇਤਿਹਾਸਕਾਰ ਮਨਦੀਪ ਸਿੰਘ ਸਿੱਧੂ ਨੇ ਇੱਕ ਪੁਰਾਣੇ ਫ਼ਿਲਮ ਮੈਗਜ਼ੀਨ ਵਿੱਚ ਖੁਰਸ਼ੀਦ ਦੀ ਇੱਕ ਇੰਟਰਵਿਊ ਦੇ ਹਵਾਲੇ ਨਾਲ ਦੱਸਿਆ ਕਿ ਖੁਰਸ਼ੀਦ ਦਾ ਕਿਰਦਾਰ ਕਿੰਨਾ ਉੱਚਾ ਸੀ। ਸਿੱਧੂ ਨੇ ਦੱਸਿਆ, "ਉਸ ਇੰਟਰਵਿਊ ਵਿੱਚ ਖੁਰਸ਼ੀਦ ਨੇ ਕਿਹਾ ਸੀ ਕਿ ਫ਼ਿਲਮੀ ਦੁਨੀਆਂ ਦੇ ਗਲਤ ਮਨਸੂਬਿਆਂ ਵਾਲੇ ਲੋਕਾਂ ਦੀਆਂ ਗੱਲਾਂ ਵਿੱਚ ਉਹ ਕਦੇ ਨਹੀਂ ਆਈ। ਜਿਨ੍ਹਾਂ ਚਿਰ ਫ਼ਿਲਮ ਸਨਅਤ ਵਿੱਚ ਕੰਮ ਕੀਤਾ, ਪਾਕ ਪਵਿੱਤਰ ਰਹੀ ਅਤੇ ਆਪਣੇ ਇਖ਼ਲਾਕ ਨੂੰ ਕਦੇ ਹੇਠਾਂ ਨਹੀਂ ਡਿੱਗਣ ਦਿੱਤਾ।"

### 'ਖੁਰਸ਼ੀਦ ਦੀ ਤਸਵੀਰ ਬਿਨ੍ਹਾਂ ਫ਼ਿਲਮ ਦਾ ਪੋਸਟਰ ਨਹੀਂ ਸੀ ਬਣਦਾ'

ਖੁਰਸ਼ੀਦ ਸਿਰਫ਼ ਅਦਾਕਾਰਾ ਹੀ ਨਹੀਂ, ਬਲਕਿ ਗਾਇਕਾ ਵੀ ਸੀ। ਇਸ਼ਕ-ਏ-ਪੰਜਾਬ ਤੋਂ ਲੈ ਕੇ ਜਿੰਨੀਆਂ ਵੀ ਫ਼ਿਲਮਾਂ ਖੁਰਸ਼ੀਦ ਨੇ ਕੀਤੀਆਂ, ਜ਼ਿਆਦਾਤਰ ਫ਼ਿਲਮਾਂ ਵਿੱਚ ਖੁਰਸ਼ੀਦ ਵੱਲੋਂ ਗਾਏ ਜਾਂ ਗਾਇਆ ਗੀਤ ਜ਼ਰੂਰ ਹੁੰਦਾ ਸੀ। ਫ਼ਿਲਮ ਇਤਿਹਾਸਕਾਰ ਮਨਦੀਪ ਸਿੱਧੂ ਨੇ ਦੱਸਿਆ ਕਿ ਖੁਰਸ਼ੀਦ ਦੇ ਗਾਏ ਗੀਤ ਵੀ ਬੇਹਦ ਮਕਬੂਲ ਹੁੰਦੇ ਸਨ। ਫ਼ਿਲਮ 'ਤਾਨਸੇਨ' ਵਿੱਚ ਖੁਰਸ਼ੀਦ ਦਾ ਗਾਇਆ 'ਘਟਾ ਘਣ ਘੋਰ' ਸੁਪਰਹਿੱਟ ਗੀਤ ਰਿਹਾ।

ਲੋਕਾਂ ਵਿੱਚ ਖੁਰਸ਼ੀਦ ਬਾਨੋ ਦੀ ਬਹੁਤ ਦੀਵਾਨਗੀ ਸੀ। ਰੇਡੀ ਦੇ ਫਰਮਾਇਸ਼ੀ ਗੀਤਾਂ ਦੇ ਪ੍ਰੋਗਰਾਮਾਂ ਵਿੱਚ ਅਕਸਰ ਖੁਰਸ਼ੀਦ ਦੇ ਗਾਏ ਜਾਂ ਉਨ੍ਹਾਂ 'ਤੇ ਫ਼ਿਲਮਾਏ ਗੀਤ ਵੱਜਦੇ ਸਨ। ਉਸ ਵੇਲੇ ਦੇ ਮਸ਼ਹੂਰ ਫ਼ਿਲਮ ਮੈਗਜ਼ੀਨਾਂ ਦੇ ਕਵਰ ਪੇਜ ਖੁਰਸ਼ੀਦ ਦੀਆਂ ਤਸਵੀਰਾਂ ਨਾਲ ਸਜੇ ਹੁੰਦੇ ਸਨ। ਹਿੰਦੀ ਫ਼ਿਲਮਾਂ ਵਿੱਚ ਖੁਰਸ਼ੀਦ ਦਾ ਕੱਦ ਇੰਨਾ ਵੱਡਾ ਹੋ ਗਿਆ ਸੀ ਕਿ ਫ਼ਿਲਮਾਂ ਦੇ ਪੋਸਟਰਾਂ 'ਤੇ ਖੁਰਸ਼ੀਦ ਦਾ ਨਾਮ ਅਤੇ ਤਸਵੀਰ ਮੁੱਖ ਹੁੰਦੀ ਸੀ। ਕਈ ਫ਼ਿਲਮਾਂ ਦੇ ਪੋਸਟਰਾਂ 'ਤੇ ਸਿਰਫ਼ ਖੁਰਸ਼ੀਦ ਦੀ ਤਸਵੀਰ ਹੀ ਹੁੰਦੀ ਸੀ। ਖੁਰਸ਼ੀਦ ਨੇ ਆਪਣੇ ਸਮੇਂ ਦੇ ਵੱਡੇ ਫ਼ਿਲਮਸਾਜ਼ਾਂ ਤੋਂ ਇਲਾਵਾ ਸੁਪਰਸਟਾਰ ਅਦਾਕਾਰਾਂ ਨਾਲ ਕੰਮ ਕੀਤਾ।

ਇਨ੍ਹਾਂ ਵਿੱਚ ਭਾਈ ਦੇਸਾ, ਕੁੰਦਨ ਲਾਲ ਸਹਿਗਲ, ਚੰਦਰ ਮੋਹਨ, ਮੋਤੀ ਲਾਲ, ਤ੍ਰਿਲੋਕ ਕਪੂਰ, ਸੁਰਿੰਦਰ ਨਾਥ, ਈਸ਼ਵਰ ਲਾਲ, ਅਰੁਣ ਅਹੂਜਾ, ਆਸ਼ਿਕ ਹੁਸੈਨ, ਮਜ਼ਹਰ ਖਾਨ, ਅਜ਼ੀਜ਼, ਪੀ. ਜੈਰਾਜ, ਪ੍ਰਭਾ ਸ਼ੰਕਰ ਜਿਹੇ ਅਦਾਕਾਰ ਸ਼ਾਮਲ ਰਹੇ। ਗਾਇਕੀ ਦੇ ਸਫ਼ਰ ਵਿੱਚ ਸੁੰਦਰ ਦਾਸ, ਅਨਿਲ ਵਿਸ਼ਵਾਸ, ਰਫ਼ੀਕ ਗਜ਼ਨਵੀ, ਪੰਡਿਤ ਖੇਮਚੰਦ ਪ੍ਰਕਾਸ਼, ਗਿਆਨ ਦੱਤ ਜਿਹੇ ਸੰਗੀਤਕਾਰਾਂ ਨਾਲ ਖੁਰਸ਼ੀਦ ਨੇ ਕੰਮ ਕੀਤਾ। ਖੁਰਸ਼ੀਦ ਬਾਨੋ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀਆਂ ਅਨੇਕਾਂ ਗਾਇਕਾਵਾਂ ਅਤੇ ਅਦਾਕਾਰਾਵਾਂ 'ਤੇ ਉਨ੍ਹਾਂ ਦੀ ਸ਼ਖ਼ਸੀਅਤ ਦਾ ਪ੍ਰਭਾਵ ਰਿਹਾ। 18 ਅਪ੍ਰੈਲ, 2001 ਨੂੰ ਪਾਕਿਸਤਾਨ ਦੇ ਕਰਾਚੀ ਵਿੱਚ ਖੁਰਸ਼ੀਦ ਬਾਨੋ ਫ਼ੌਤ ਹੋ ਗਏ ਸਨ। ਉਹ ਉਸ ਵੇਲੇ 87 ਵਰ੍ਹਿਆਂ ਦੇ ਸੀ।




## ਪੈਰਾਂ 'ਚ ਨਜ਼ਰ ਆ ਜਾਂਦੇ ਹਨ ਵਿਟਾਮਿਨ ਬੀ12 ਦੀ ਕਮੀ ਦੇ ਸੰਕੇਤ

ਕੀ ਤੁਸੀਂ ਜਾਣਦੇ ਹੋ ਕਿ ਜੇ ਤੁਹਾਡੇ ਸਰੀਰ ਵਿਚ ਵਿਟਾਮਿਨ-ਬੀ12 ਦੀ ਕਮੀ ਹੋ ਜਾਵੇ, ਤਾਂ ਕੀ ਹੋ ਸਕਦਾ ਹੈ? ਇਹ ਵਿਟਾਮਿਨ ਨਰਵ ਸਿਹਤ, ਰੈੱਡ ਬਲੱਡ ਕੋਸ਼ਿਕਾਵਾਂ ਬਣਾਉਣ, ਡੀਐਨਏ ਸੰਸਲੇਸ਼ਣ ਅਤੇ ਯਾਦਦਾਸ਼ਤ ਲਈ ਬਹੁਤ ਜ਼ਰੂਰੀ ਹੈ ਪਰ ਜੇ ਸਰੀਰ ਵਿਚ ਇਸ ਦੀ ਮਾਤਰਾ ਘੱਟ ਹੋ ਜਾਵੇ, ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਸ਼ੁਰੂ ਹੋ ਸਕਦੀਆਂ ਹਨ। ਇਸ ਲਈ, ਵਿਟਾਮਿਨ-ਬੀ12 ਦੀ ਕਮੀ ਦੀ ਜਲਦੀ ਪਛਾਣ ਕਰਨਾ ਜ਼ਰੂਰੀ ਹੈ। ਇਸ ਦੇ ਕੁਝ ਲੱਛਣ ਸਭ ਤੋਂ ਪਹਿਲਾਂ ਸਾਡੇ ਪੈਰਾਂ ਵਿਚ ਵੀ ਨਜ਼ਰ ਆਉਂਦੇ ਹਨ, ਪਰ ਅਕਸਰ ਲੋਕ ਇਨ੍ਹਾਂ ਨੂੰ ਅਣਡਿੱਠਾ ਕਰ ਦਿੰਦੇ ਹਨ। ਜੇ ਸਮੇਂ 'ਤੇ ਇਨ੍ਹਾਂ ਲੱਛਣਾਂ ਨੂੰ ਪਛਾਣ ਲਿਆ ਜਾਵੇ, ਤਾਂ ਵਿਟਾਮਿਨ-ਬੀ12 ਦੀ ਕਮੀ ਨੂੰ ਜਲਦੀ ਦੂਰ ਕੀਤਾ ਜਾ



ਸਕਦਾ ਹੈ। ਆ ਜਾਣੀਏ ਕਿ ਵਿਟਾਮਿਨ-ਬੀ12 ਦੀ ਕਮੀ ਹੋਣ 'ਤੇ ਪੈਰਾਂ ਵਿਚ ਕਿਵੇਂ ਲੱਛਣ ਦਿਖਾਈ ਦਿੰਦੇ ਹਨ।

ਵਿਟਾਮਿਨ-ਬੀ12 ਦੀ ਕਮੀ ਦੇ ਪੈਰਾਂ ਵਿਚ ਲੱਛਣ:

**1. ਪੈਰਾਂ ਵਿਚ ਝਨਝਨਾਹਟ –** ਇਹ ਮਹਿਸੂਸ ਹੋਣਾ ਕਿ ਜਿਵੇਂ ਪੈਰਾਂ ਵਿਚ ਸੈਂਕੜੇ ਸੁਈਆਂ ਚੁਭ ਰਹੀਆਂ ਹਨ, ਇਹ ਵਿਟਾਮਿਨ-ਬੀ12 ਦੀ ਕਮੀ ਦਾ ਮੁੱਖ ਲੱਛਣ ਹੈ। ਇਹ ਝਨਝਨਾਹਟ ਆਮ ਤੌਰ 'ਤੇ ਤਲਵਿਆਂ ਜਾਂ ਪੈਰਾਂ ਦੀਆਂ ਉਂਗਲੀਆਂ ਤੋਂ ਸ਼ੁਰੂ ਹੁੰਦੀ ਹੈ ਅਤੇ ਕਦੇ-ਕਦੇ ਉੱਪਰ ਵਧ ਸਕਦੀ ਹੈ।

**2. ਪੈਰਾਂ ਦੀਆਂ ਉਂਗਲੀਆਂ ਸੁੰਨ ਪੈਣਾ–** ਪੈਰਾਂ ਵਿਚ ਛੂਹਣ ਜਾਂ ਕਿਸੇ ਤਰ੍ਹਾਂ ਦੇ ਮੂਵਮੈਂਟ ਦਾ ਅਹਿਸਾਸ ਨਾ ਹੋਣਾ, ਜਿਵੇਂ ਉਸ ਹਿੱਸੇ ਵਿਚ ਕੋਈ ਜੀਵਨ ਹੀ ਨਹੀਂ ਬਚਿਆ। ਚੁਭਣ ਜਾਂ ਦਬਾਅ ਮਹਿਸੂਸ ਨਾ ਹੋਣਾ ਵੀ ਇਸ ਲੱਛਣ ਦਾ ਹਿੱਸਾ ਹੈ।

**3. ਪੈਰਾਂ ਦੀਆਂ ਮਾਸਪੇਸ਼ੀਆਂ ਵਿਚ ਅਕੜਨ–** ਵਿਟਾਮਿਨ-ਬੀ12 ਦੀ ਕਮੀ ਨਾਲ ਮਾਸਪੇਸ਼ੀਆਂ ਦਾ ਕੋਆਰਡੀਨੇਸ਼ਨ ਖਰਾਬ ਹੋ ਸਕਦਾ ਹੈ। ਇਸ ਨਾਲ ਪੈਰਾਂ ਦੀਆਂ ਮਾਸਪੇਸ਼ੀਆਂ ਵਿਚ ਖਿੱਚ, ਅਕੜਨ ਜਾਂ ਕਮਜ਼ੋਰੀ ਮਹਿਸੂਸ ਹੋ ਸਕਦੀ ਹੈ, ਜਿਸ ਨਾਲ ਸੈਰ-ਫਿਰਣ ਵਿਚ ਵੀ ਮੁਸ਼ਕਲ ਹੋ ਸਕਦੀ ਹੈ।

**4. ਠੰਡੇ ਅਤੇ ਪੀਲੇ ਪੈਰ–** ਵਿਟਾਮਿਨ-ਬੀ12 ਲਾਲ ਰਕਤ ਕੋਸ਼ਿਕਾਵਾਂ ਬਣਾਉਣ ਲਈ ਜਰੂਰੀ ਹੈ। ਇਸ ਦੀ ਕਮੀ ਨਾਲ ਐਨੀਮੀਆ ਹੋ ਸਕਦਾ ਹੈ, ਜਿਸ ਵਿਚ ਸਰੀਰ ਵਿਚ ਆਕਸੀਜਨ ਦਾ ਫਲੋ ਠੀਕ ਤਰੀਕੇ ਨਾਲ ਨਹੀਂ ਹੋ ਪਾਉਂਦਾ। ਇਸ ਦਾ ਸਿੱਧਾ ਅਸਰ ਪੈਰਾਂ 'ਤੇ ਪੈਂਦਾ ਹੈ, ਜੋ ਸਦਾ ਠੰਡੇ ਰਹਿੰਦੇ ਹਨ ਅਤੇ ਉਨ੍ਹਾਂ ਦੀ ਚਮੜੀ ਪੀਲੀ ਪੈ ਸਕਦੀ ਹੈ।

**5. ਪੈਰਾਂ ਵਿਚ ਜਲਨ ਦਾ ਅਹਿਸਾਸ–** ਕੁਝ ਲੋਕਾਂ ਨੂੰ ਪੈਰਾਂ ਦੇ ਤਲਵਿਆਂ ਜਾਂ ਪੂਰੇ ਪੈਰ ਵਿਚ ਤੇਜ਼ ਜਲਨ ਮਹਿਸੂਸ ਹੋ ਸਕਦੀ ਹੈ, ਜੋ ਕਾਫੀ ਪਰੇਸ਼ਾਨ ਕਰਨ ਵਾਲੀ ਹੋ ਸਕਦੀ ਹੈ।

ਜੇ ਤੁਸੀਂ ਇਨ੍ਹਾਂ ਵਿੱਚੋਂ ਕੋਈ ਵੀ ਲੱਛਣ ਲਗਾਤਾਰ ਮਹਿਸੂਸ ਕਰ ਰਹੇ ਹੋ, ਤਾਂ ਇਸਨੂੰ ਆਮ ਥਕਾਵਟ ਜਾਂ ਉਮਰ ਦਾ ਅਸਰ ਸਮਝ ਕੇ ਅਣਡਿੱਠਾ ਨਾ ਕਰੋ। ਲੰਬੇ ਸਮੇਂ ਤੱਕ ਵਿਟਾਮਿਨ-ਬੀ12 ਦੀ ਕਮੀ ਰਹਿਣ ਨਾਲ ਨਰਵਸ ਸਿਸਟਮ ਨੂੰ ਸਥਾਈ ਨੁਕਸਾਨ ਹੋ ਸਕਦਾ ਹੈ, ਜਿਸ ਤੋਂ ਬਾਅਦ ਇਲਾਜ ਕਰਨਾ ਮੁਸ਼ਕਲ ਹੋ ਜਾਂਦਾ ਹੈ।

# ਬਦਲਦੇ ਮੌਸਮ 'ਚ ਸਿਹਤ ਸੰਭਾਲ ਹੈ ਅਹਿਮ ਚੁਣੌਤੀ

ਕੁਦਰਤ ਦੇ ਚੱਕਰ ਵਿਚ ਮੌਸਮ ਦੀ ਤਬਦੀਲੀ ਨਿਰੰਤਰ ਪ੍ਰਕਿਰਿਆ ਹੈ। ਖ਼ਾਸ ਕਰਕੇ ਗਰਮ ਰੁੱਤ ਦੀ ਤਪਸ਼ ਤੋਂ ਬਾਅਦ ਜਦੋਂ ਮੌਸਮ ਹੌਲੀ-ਹੌਲੀ ਠੰਢ ਵੱਲ ਕਰਵਟ ਲੈਂਦਾ ਹੈ, ਤਾਂ ਇਹ ਤਬਦੀਲੀ ਮਨੁੱਖੀ ਸਿਹਤ ਲਈ ਅਹਿਮ ਚੁਣੌਤੀ ਲੈ ਕੇ ਆਉਂਦੀ ਹੈ। ਭਾਰਤ ਵਰਗੇ ਦੇਸ਼ 'ਚ ਜਿੱਥੇ ਮੌਨਸੂਨ ਤੋਂ ਬਾਅਦ ਤਾਪਮਾਨ ਵਿਚ ਤੇਜ਼ੀ ਨਾਲ ਉਤਰਾਅ-ਚੜ੍ਹਾਅ ਆਉਂਦਾ ਹੈ, ਦਿਨ ਵੇਲੇ ਹਲਕੀ ਗਰਮੀ ਅਤੇ ਰਾਤ ਨੂੰ ਠੰਢਕ ਦਾ ਅਹਿਸਾਸ। ਉਦੋਂ ਸਰੀਰ ਲਈ ਆਪਣੇ ਆਪ ਨੂੰ ਅਨੁਕੂਲ ਬਣਾਉਣਾ ਮੁਸ਼ਕਲ ਹੋ ਜਾਂਦਾ ਹੈ। ਇਸ ਅਸਥਿਰਤਾ ਕਾਰਨ ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ (ਇਮਿਊਨ ਸਿਸਟਮ) ਕਮਜ਼ੋਰ ਹੋ ਜਾਂਦੀ ਹੈ, ਜਿਸ ਨਾਲ ਲੋਕ ਆਸਾਨੀ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਲਈ ਬਦਲਦੇ ਮੌਸਮ 'ਚ ਸਿਹਤ ਸੰਭਾਲ ਜ਼ਰੂਰੀ ਕਾਰਜ ਬਣ ਜਾਂਦਾ ਹੈ, ਜਿਸ ਲਈ ਸਹੀ ਜਾਣਕਾਰੀ ਤੇ ਸਾਵਧਾਨੀ ਦੀ ਲੋੜ ਹੈ।

### ਸਿਹਤ 'ਤੇ ਪ੍ਰਭਾਵ

ਗਰਮੀ ਤੋਂ ਠੰਢ ਵੱਲ ਤਬਦੀਲੀ ਦੌਰਾਨ ਮਨੁੱਖੀ ਸਰੀਰ ਕਈ ਪੱਧਰਾਂ 'ਤੇ ਪ੍ਰਭਾਵਿਤ ਹੁੰਦਾ ਹੈ:

**ਇਮਿਊਨ ਸਿਸਟਮ 'ਤੇ ਦਬਾਅ :** ਤਾਪਮਾਨ ਦਾ ਅਚਾਨਕ ਬਦਲਾਅ ਸਰੀਰ ਦੀ ਅੰਦਰੂਨੀ ਪ੍ਰਣਾਲੀ 'ਤੇ ਦਬਾਅ ਪਾਉਂਦਾ ਹੈ, ਜਿਸ ਨਾਲ ਇਮਿਊਨ ਸਿਸਟਮ ਦੀ ਕਾਰਗੁਜ਼ਾਰੀ ਘਟ ਜਾਂਦੀ ਹੈ। ਇਹ ਵੱਖ-ਵੱਖ ਵਾਇਰਸ ਤੇ ਬੈਕਟੀਰੀਆਂ ਲਈ ਸਰੀਰ 'ਤੇ ਹਮਲਾ ਕਰਨਾ ਆਸਾਨ ਬਣਾ ਦਿੰਦਾ ਹੈ।

**ਆਮ ਬਿਮਾਰੀਆਂ ਦਾ ਵਾਧਾ**

ਜ਼ੁਕਾਮ, ਖੰਘ ਤੇ ਫਲੂ : ਵਾਇਰਸ ਜਿਵੇਂ ਕਿ ਰਾਈਨੋਵਾਇਰਸ ਤੇ ਇਨਫਲੂਐਂਜ਼ਾ ਇਸ ਮੌਸਮ ਵਿਚ ਬਹੁਤ ਸਰਗਰਮ ਹੋ ਜਾਂਦੇ ਹਨ। ਠੰਢੀ ਹਵਾ ਸਾਹ ਪ੍ਰਣਾਲੀ ਨੂੰ ਖ਼ੁਸ਼ਕ ਕਰ ਦਿੰਦੀ ਹੈ, ਜਿਸ ਨਾਲ ਵਾਇਰਸਾਂ ਨੂੰ ਆਸਾਨੀ ਨਾਲ ਪ੍ਰਵੇਸ਼ ਮਿਲਦਾ ਹੈ।

**ਐਲਰਜੀ ਤੇ ਅਸਥਮਾ:** ਮੌਸਮ ਬਦਲਣ ਨਾਲ ਹਵਾ 'ਚ ਪਰਾਗ ਅਤੇ ਧੂੜ-ਮਿੱਟੀ ਦੀ ਮਾਤਰਾ ਵੱਧ ਜਾਂਦੀ ਹੈ, ਜੋ ਐਲਰਜੀ ਤੇ ਸਾਹ ਦੀਆਂ ਸਮੱਸਿਆਵਾਂ (ਅਸਥਮਾ) ਵਾਲੇ ਮਰੀਜ਼ਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ।

**ਹਾਜ਼ਮੇ ਦੀਆਂ ਸਮੱਸਿਆਵਾਂ:** ਗਰਮੀਆਂ ਦੇ ਮੁਕਾਬਲੇ ਪਾਚਨ ਸ਼ਕਤੀ ਵਿਚ ਕਮੀ ਆਉਂਦੀ ਹੈ, ਜਿਸ ਨਾਲ ਕਬਜ਼, ਐਸੀਡਿਟੀ ਜਾਂ ਪੇਟ ਦੀ ਇਨਫੈਕਸ਼ਨ ਹੋ ਸਕਦੀ ਹੈ।

**ਚਮੜੀ ਤੇ ਜੋੜਾਂ ਦੀਆਂ ਸਮੱਸਿਆਵਾਂ:** ਠੰਢਕ ਵਧਣ ਨਾਲ ਚਮੜੀ ਖ਼ੁਸ਼ਕ ਹੋਣ ਲੱਗਦੀ ਹੈ ਅਤੇ ਜੋੜਾਂ ਦਾ ਦਰਦ (ਖ਼ਾਸ ਕਰਕੇ ਬਜ਼ੁਰਗਾਂ ਵਿਚ) ਵੱਧ ਜਾਂਦਾ ਹੈ।

### ਜ਼ਰੂਰੀ ਉਪਾਅ

ਇਸ ਸੰਵੇਦਨਸ਼ੀਲ ਦੌਰ 'ਚ ਤੰਦਰੁਸਤ ਰਹਿਣ ਲਈ ਵਿਆਪਕ ਰਣਨੀਤੀ ਅਪਣਾਉਣੀ ਜ਼ਰੂਰੀ ਹੈ, ਜਿਸ ਵਿਚ ਖ਼ੁਰਾਕ, ਜੀਵਨਸ਼ੈਲੀ ਅਤੇ ਨਿੱਜੀ ਸਫ਼ਾਈ ਸ਼ਾਮਿਲ ਹਨ।

### ਖ਼ੁਰਾਕ ਤੇ ਪੋਸ਼ਣ

ਸਰੀਰ ਦੀ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਣ ਲਈ ਖ਼ੁਰਾਕ ਵਿਚ ਤਬਦੀਲੀ ਲਾਜ਼ਮੀ ਹੈ।

**ਇਮਿਊਨਿਟੀ ਬੂਸਟਰ ਭੋਜਨ:** ਵਿਟਾਮਿਨ-ਸੀ ਨਾਲ ਭਰਪੂਰ ਫਲ (ਸੰਤਰਾ, ਅਮਰੂਦ, ਔਲਾ) ਅਤੇ ਸਬਜ਼ੀਆਂ (ਬ੍ਰੋਕਲੀ, ਪਾਲਕ, ਸ਼ਿਮਲਾ ਮਿਰਚ) ਨੂੰ ਆਪਣੀ ਖ਼ੁਰਾਕ ਦਾ ਹਿੱਸਾ ਬਣਾ ।

**ਗਰਮ ਪਦਾਰਥਾਂ ਦਾ ਸੇਵਨ:** ਗਰਮੀਆਂ ਵਿਚ ਠੰਢੇ ਪਾਣੀ ਤੇ ਪੀਣ ਵਾਲੇ ਪਦਾਰਥਾਂ ਦੀ ਵਰਤੋਂ ਤੋਂ ਬਾਅਦ ਹੁਣ ਹੌਲੀ-ਹੌਲੀ ਕੋਸੇ ਪਾਣੀ, ਗਰਮ ਸੂਪ ਅਤੇ ਹਰਬਲ ਚਾਹ (ਅਦਰਕ, ਤੁਲਸੀ, ਕਾਲੀ ਮਿਰਚ ਵਾਲੀ) ਦਾ ਸੇਵਨ ਸ਼ੁਰੂ ਕਰੋ। ਇਹ ਗ਼ਲੇ ਤੇ ਸਾਹ ਪ੍ਰਣਾਲੀ ਨੂੰ ਨਿੱਘਾ ਰੱਖਦੇ ਹਨ।

ਹਲਦੀ ਵਾਲਾ ਦੁੱਧ : ਰਾਤ ਨੂੰ ਸੌਣ ਤੋਂ ਪਹਿਲਾਂ ਹਲਦੀ ਵਾਲਾ ਦੁੱਧ (ਗੋਲਡਨ ਮਿਲਕ) ਪੀਣਾ ਬਹੁਤ ਲਾਭਕਾਰੀ ਹੈ। ਹਲਦੀ ਵਿੱਚ ਮੌਜੂਦ ਕਰਕਿਊਮਿਨ ਸ਼ਕਤੀਸ਼ਾਲੀ ਐਂਟੀਆਕਸੀਡੈਂਟ ਤੇ ਐਂਟੀਇਂਫਲਾਮੇਟਰੀ ਤੱਤ ਹੈ।



**ਓਮੇਗਾ-3 ਤੇ ਜ਼ਿੰਕ:** ਰੋਗ ਪ੍ਰਤੀਰੋਧਕ ਸ਼ਕਤੀ ਵਧਾਉਣ ਲਈ ਮੇਗਾ-3 ਫੈਟੀ ਐਸਿਡ (ਅਖਰੋਟ, ਅਲਸੀ, ਮੱਛੀ) ਅਤੇ ਜ਼ਿੰਕ (ਦਾਲਾਂ, ਬੀਜ) ਨਾਲ ਭਰਪੂਰ ਭੋਜਨ ਖਾ ।

**ਭਰਪੂਰ ਪਾਣੀ :** ਭਾਵੇਂ ਗਰਮੀ ਘਟ ਜਾਂਦੀ ਹੈ ਪਰ ਸਰੀਰ ਨੂੰ ਹਾਈਡ੍ਰੇਟ ਰੱਖਣਾ ਨਾ ਹੀ ਜ਼ਰੂਰੀ ਹੈ। ਕੋਸਾ ਪਾਣੀ ਪੀਂਦੇ ਰਹਿਣ ਨਾਲ ਸਰੀਰ ਅੰਦਰੋਂ ਸਾਫ਼ ਰਹਿੰਦਾ ਹੈ।

**ਪਾਚਨ ਦਾ ਧਿਆਨ :** ਮਸਾਲੇਦਾਰ ਤੇ ਤੇਲ ਵਾਲੇ ਭੋਜਨ ਤੋਂ ਪਰਹੇਜ਼ ਕਰੋ। ਦਹੀਂ, ਲੱਸੀ ਅਤੇ ਫਾਈਬਰ ਯੁਕਤ ਭੋਜਨ ਪਾਚਨ ਕਿਰਿਆ ਨੂੰ ਸਹੀ ਰੱਖਣ ਵਿਚ ਮਦਦ ਕਰਦੇ ਹਨ।

ਜੀਵਨਸ਼ੈਲੀ ਤੇ ਨਿੱਜੀ ਸਫ਼ਾਈ

ਵਾਇਰਲ ਇਨਫੈਕਸ਼ਨਾਂ ਤੋਂ ਬਚਣ ਲਈ ਸਾਵਧਾਨੀ ਵਰਤਣੀ ਬਹੁਤ ਜ਼ਰੂਰੀ ਹੈ।

**ਹੱਥ ਧੋਣ ਦੀ ਆਦਤ:** ਜ਼ੁਕਾਮ ਤੇ ਫਲੂ ਦੇ ਕੀਟਾਣੂ ਮੁੱਖ ਤੌਰ 'ਤੇ ਹੱਥਾਂ ਰਾਹੀਂ ਫੈਲਦੇ ਹਨ। ਖਾਣਾ ਖਾਣ ਤੋਂ ਪਹਿਲਾਂ, ਬਾਹਰੋਂ ਆਉਣ ਤੋਂ ਬਾਅਦ ਅਤੇ ਕਿਸੇ ਬਿਮਾਰ ਵਿਅਕਤੀ ਨੂੰ ਮਿਲਣ ਤੋਂ ਬਾਅਦ ਵਾਰ-ਵਾਰ ਹੱਥ ਧੋਵੋ।

**ਕਸਰਤ ਤੇ ਯੋਗਾ:** ਰੋਜ਼ਾਨਾ ਕਸਰਤ, ਯੋਗਾ ਤੇ ਪ੍ਰਾਣਾਯਾਮ ਸਰੀਰ ਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ ਬਣਾਉਂਦੇ ਹਨ। ਖ਼ਾਸ ਕਰਕੇ ਪ੍ਰਾਣਾਯਾਮ (ਸਾਹ ਲੈਣ ਦੀ ਕਸਰਤ) ਸਾਹ ਪ੍ਰਣਾਲੀ ਦੀ ਸਿਹਤ ਲਈ ਬਹੁਤ ਫ਼ਾਇਦੇਮੰਦ ਹੈ।

**ਭਰਪੂਰ ਨੀਂਦ:** ਨੀਂਦ ਦੌਰਾਨ ਸਰੀਰ ਦੀਆਂ ਪ੍ਰਣਾਲੀਆਂ ਆਪਣੇ ਆਪ ਨੂੰ ਠੀਕ ਕਰਦੀਆਂ ਹਨ। ਰੋਜ਼ਾਨਾ 7-8 ਘੰਟੇ ਦੀ ਗੁਣਵੱਤਾ ਵਾਲੀ ਨੀਂਦ ਇਮਿਊਨਿਟੀ ਨੂੰ ਬਰਕਰਾਰ ਰੱਖਣ ਲਈ ਬਹੁਤ ਜ਼ਰੂਰੀ ਹੈ।

**ਤਣਾਅ ਪ੍ਰਬੰਧਨ:** ਤਣਾਅ ਸਿੱਧੇ ਤੌਰ 'ਤੇ ਇਮਿਊਨ ਸਿਸਟਮ ਨੂੰ ਕਮਜ਼ੋਰ ਕਰਦਾ ਹੈ। ਧਿਆਨ (ਮੈਡੀਟੇਸ਼ਨ), ਸ਼ੌਕ, ਖੇਡਾਂ ਅਤੇ ਸਮਾਜਿਕ ਮੇਲ-ਜੋਲ ਰਾਹੀਂ ਤਣਾਅ ਨੂੰ ਘਟਾ ।

**ਮਾਸਕ ਦੀ ਵਰਤੋਂ:** ਜੇ ਤੁਸੀਂ ਭੀੜ ਵਾਲੀ ਜਗ੍ਹਾ 'ਤੇ ਜਾ ਰਹੇ ਹੋ ਜਾਂ ਤੁਹਾਨੂੰ ਜ਼ੁਕਾਮ ਦੇ ਲੱਛਣ ਹਨ, ਤਾਂ ਮਾਸਕ ਪਹਿਨਣਾ ਕੀਟਾਣੂਆਂ ਨੂੰ ਫੈਲਣ ਤੋਂ ਰੋਕਣ 'ਚ ਮਦਦ ਕਰਦਾ ਹੈ।

### ਕੱਪੜੇ ਤੇ ਵਾਤਾਵਰਨ ਅਨੁਕੂਲਨ

ਬਦਲਦੇ ਮੌਸਮ ਵਿਚ ਸਰੀਰ ਨੂੰ ਤਾਪਮਾਨ ਦੇ ਅਨੁਸਾਰ ਢਾਲਣਾ ਸਭ ਤੋਂ ਵੱਡੀ ਚੁਣੌਤੀ ਹੈ।

**ਹਲਕੇ ਗਰਮ ਕੱਪੜੇ:** ਜਦੋਂ ਮੌਸਮ ਗਰਮੀ ਤੋਂ ਠੰਢ ਵੱਲ ਜਾਂਦਾ ਹੈ ਤਾਂ ਦਿਨ ਵੇਲੇ ਕੱਪੜੇ ਹਲਕੇ ਰੱਖੋ ਪਰ ਸਵੇਰ ਅਤੇ ਸ਼ਾਮ ਦੀ ਠੰਢਕ ਲਈ ਹਲਕਾ ਸਵੈਟਰ ਜਾਂ ਸ਼ਾਲ ਨਾਲ ਰੱਖੋ।

ਪਰਤਾਂ ਵਾਲੇ ਕੱਪੜੇ : ਸਭ ਤੋਂ ਵਧੀਆ ਤਰੀਕਾ ਲੇਅਰਿੰਗ ਹੈ। ਕੱਪੜਿਆਂ ਦੀਆਂ ਪਰਤਾਂ ਪਹਿਨੋ ਤਾਂ ਜੋ ਜਦੋਂ ਤਾਪਮਾਨ ਵਧੇ ਤਾਂ ਇਕ ਪਰਤ ਉਤਾਰੀ ਜਾ ਸਕੇ ਤੇ ਜਦੋਂ ਠੰਢ ਲੱਗੇ ਤਾਂ ਦੁਬਾਰਾ ਪਹਿਨੀ ਜਾ ਸਕੇ।

**ਪੈਰਾਂ ਤੇ ਸਿਰ ਦੀ ਸੁਰੱਖਿਆ:** ਪੈਰਾਂ ਨੂੰ ਠੰਢ ਤੋਂ ਬਚਾਉਣ ਲਈ ਜ਼ੁਰਾਬਾਂ ਪਹਿਨੋ। ਇਸੇ ਤਰ੍ਹਾਂ ਸਵੇਰੇ ਜਾਂ ਸ਼ਾਮ ਨੂੰ ਬਾਹਰ ਨਿਕਲਣ ਵੇਲੇ ਸਿਰ ਅਤੇ ਕੰਨਾਂ ਨੂੰ ਕਵਰ ਕਰਨਾ ਜ਼ਰੂਰੀ ਹੈ ਕਿਉਂਕਿ ਸਰੀਰ ਦੀ ਜ਼ਿਆਦਾ ਗਰਮੀ ਸਿਰ ਰਾਹੀਂ ਬਾਹਰ ਨਿਕਲਦੀ ਹੈ।

**ਏਸੀ ਤੇ ਪੱਖੇ ਦੀ ਵਰਤੋਂ:** ਏਅਰ ਕੰਡੀਸ਼ਨਰ ਜਾਂ ਪੱਖੇ ਦੀ ਸਿੱਧੀ ਹਵਾ ਤੋਂ ਬਚੋ। ਜੇਕਰ ਏਸੀ ਦੀ ਵਰਤੋਂ ਕਰਨੀ ਹੈ, ਤਾਂ ਤਾਪਮਾਨ ਬਹੁਤ ਜ਼ਿਆਦਾ ਘੱਟ ਨਾ ਰੱਖੋ, ਤਾਂ ਜੋ ਬਾਹਰ ਅਤੇ ਅੰਦਰ ਦੇ ਤਾਪਮਾਨ ਵਿਚ ਜ਼ਿਆਦਾ ਫ਼ਰਕ ਨਾ ਆਵੇ।

### ਖ਼ਾਸ ਸਮੂਹਾਂ ਲਈ ਸੰਭਾਲ

ਬੱਚਿਆਂ, ਬਜ਼ੁਰਗਾਂ ਤੇ ਪੁਰਾਣੀਆਂ ਬਿਮਾਰੀਆਂ ਵਾਲੇ ਲੋਕਾਂ ਨੂੰ ਵਧੇਰੇ ਧਿਆਨ ਦੀ ਲੋੜ ਹੁੰਦੀ ਹੈ।

**ਬੱਚੇ:** ਬੱਚਿਆਂ ਦਾ ਇਮਿਊਨ ਸਿਸਟਮ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦਾ। ਉਨ੍ਹਾਂ ਨੂੰ ਢੁੱਕਵੇਂ ਕੱਪੜੇ ਪਹਿਨਾ , ਉਨ੍ਹਾਂ ਦੀ ਖ਼ੁਰਾਕ ਦਾ ਖ਼ਾਸ ਧਿਆਨ ਰੱਖੋ, ਅਤੇ ਟੀਕਾਕਰਨ ਜ਼ਰੂਰ ਕਰਵਾ ।

**ਬਜ਼ੁਰਗ:** ਬਜ਼ੁਰਗਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ, ਇਸ ਲਈ ਉਨ੍ਹਾਂ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਜੋੜਾਂ ਦੇ ਦਰਦ ਤੋਂ ਰਾਹਤ ਲਈ ਨਿੱਘੇ ਰਹਿਣ ਵਿਚ ਮਦਦ ਕਰੋ ਤੇ ਸਵੇਰ ਦੀ ਸੈਰ ਸਮੇਂ ਠੰਢ ਤੋਂ ਬਚਾ ।

**ਸਾਹ ਦੀਆਂ ਬਿਮਾਰੀਆਂ ਵਾਲੇ ਮਰੀਜ਼:** ਅਸਥਮਾ, ਸੀ ਪੀਡੀ ਵਾਲੇ ਮਰੀਜ਼ਾਂ ਨੂੰ ਆਪਣੀ ਇਨਹੇਲਰ ਤੇ ਦਵਾਈਆਂ ਸਮੇਂ ਸਿਰ ਲੈਣੀਆਂ ਚਾਹੀਦੀਆਂ ਹਨ। ਪ੍ਰਦੂਸ਼ਣ ਤੋਂ ਬਚਣ ਲਈ ਬਾਹਰ ਘੱਟ ਨਿਕਲੋ।

ਗਰਮੀ ਤੋਂ ਠੰਢ ਵੱਲ ਦਾ ਮੌਸਮੀ ਬਦਲਾਅ ਸਿਹਤ ਲਈ ਸਾਲਾਨਾ ਪ੍ਰੀਖਿਆ ਵਰਗਾ ਹੈ। ਇਹ ਉਹ ਸਮਾਂ ਹੈ, ਜਦੋਂ ਸਰੀਰ ਨੂੰ ਜ਼ਿਆਦਾ ਦੇਖਭਾਲ ਅਤੇ ਧਿਆਨ ਦੀ ਲੋੜ ਹੁੰਦੀ ਹੈ। ਸਹੀ ਖ਼ੁਰਾਕ, ਸਵੱਛਤਾ, ਕਸਰਤ ਤੇ ਜਾਗਰੂਕਤਾ ਨਾਲ ਅਸੀਂ ਇਸ ਮੌਸਮੀ ਤਬਦੀਲੀ ਦੇ ਮਾੜੇ ਪ੍ਰਭਾਵਾਂ ਨੂੰ ਘਟਾ ਸਕਦੇ ਹਾਂ। ਯਾਦ ਰੱਖੋ, 'ਸਿਹਤ ਹੀ ਸਭ ਤੋਂ ਵੱਡਾ ਧਨ ਹੈ' ਅਤੇ ਇਸ ਧਨ ਨੂੰ ਬਚਾਉਣ ਲਈ ਸਾਵਧਾਨੀ ਤੇ ਸੰਜਮ ਬਹੁਤ ਜ਼ਰੂਰੀ ਹੈ। ਸਾਨੂੰ ਹਰ ਸਾਲ ਇਸ ਸਮੇਂ ਲਈ ਮਾਨਸਿਕ ਤੇ ਸਰੀਰਕ ਤੌਰ 'ਤੇ ਤਿਆਰ ਰਹਿਣਾ ਚਾਹੀਦਾ ਹੈ, ਤਾਂ ਜੋ ਅਸੀਂ ਸਿਹਤਮੰਦ ਰਹਿ ਕੇ ਆਉਣ ਵਾਲੀ ਠੰਢ ਦਾ ਪੂਰਾ ਆਨੰਦ ਲੈ ਸਕੀਏ।

**– ਐਨ. ਪੀ. ਐਸ. ਗਿੱਲ**

## ਰੋਜ਼ਾਨਾ ਇੱਕ ਸੰਤਰਾ ਖਾਣ ਨਾਲ ਬਦਲ ਜਾਵੇਗੀ ਤੁਹਾਡੀ ਸਿਹਤ

ਕੀ ਤੁਸੀਂ ਜਾਣਦੇ ਹੋ ਕਿ ਜੇਕਰ ਤੁਸੀਂ ਹਰ ਰੋਜ਼ ਇੱਕ ਸੰਤਰਾ ਖਾ ਗੇ ਤਾਂ ਕੀ ਹੋਵੇਗਾ? ਸੰਤਰੇ ਨੂੰ ਆਮ ਤੌਰ 'ਤੇ ਸਿਰਫ਼ ਵਿਟਾਮਿਨ ਸੀ ਦਾ ਸਰੋਤ ਮੰਨਿਆ ਜਾਂਦਾ ਹੈ ਪਰ ਇਨ੍ਹਾਂ ਵਿੱਚ ਕਈ ਹੋਰ ਪੌਸ਼ਟਿਕ ਤੱਤ ਵੀ ਹੁੰਦੇ ਹਨ। ਇਸ ਲਈ ਹਰ ਰੋਜ਼ ਇੱਕ ਸੰਤਰਾ ਖਾਣਾ ਤੁਹਾਡੀ ਸਿਹਤ ਲਈ ਬਹੁਤ ਫਾਇਦੇਮੰਦ ਸਾਬਤ ਹੋ ਸਕਦਾ ਹੈ। ਆ ਜਾਣਦੇ ਹਾਂ ਕਿ ਹਰ ਰੋਜ਼ ਇੱਕ ਸੰਤਰਾ ਖਾਣ ਨਾਲ ਤੁਹਾਡੀ ਸਿਹਤ ਕਿਵੇਂ ਬਿਹਤਰ ਹੋ ਸਕਦੀ ਹੈ।

### ਇਮਿਊਨਿਟੀ ਮਜ਼ਬੂਤ ਕਰਦਾ ਹੈ

ਸੰਤਰੇ ਵਿਟਾਮਿਨ ਸੀ ਦਾ ਇੱਕ ਵਧੀਆ ਸਰੋਤ ਹਨ। ਇੱਕ ਸੰਤਰੇ ਵਿੱਚ ਲਗਪਗ 70-90 ਮਿਲੀਗ੍ਰਾਮ ਵਿਟਾਮਿਨ ਸੀ ਹੁੰਦਾ ਹੈ, ਜੋ ਕਿ ਰੋਜ਼ਾਨਾ ਦੀ ਲੋੜ ਨੂੰ ਪੂਰਾ ਕਰਨ ਲਈ ਕਾਫ਼ੀ ਹੈ। ਵਿਟਾਮਿਨ ਸੀ ਚਿੱਟੇ ਖੂਨ ਦੇ ਸੈਲਾਂ ਦੇ ਉਤਪਾਦਨ ਨੂੰ ਵਧਾ ਕੇ ਸਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦਾ ਹੈ। ਇਹ ਜ਼ੁਕਾਮ ਵਰਗੀਆਂ ਆਮ ਬਿਮ-ਾਰੀਆਂ ਨਾਲ ਲੜਨ ਵਿੱਚ ਮਦਦ ਕਰਦਾ ਹੈ ਅਤੇ ਸਰੀਰ ਨੂੰ ਇਨਫੈਕਸ਼ਨਾਂ ਤੋਂ ਬਚਾਉਂਦਾ ਹੈ।

### ਚਮੜੀ ਨੂੰ ਚਮਕਦਾਰ ਬਣਾਉਣਾ

ਸੰਤਰੇ ਵਿੱਚ ਵਿਟਾਮਿਨ ਸੀ ਕੋਲੇਜਨ ਦੇ ਉਤਪਾਦਨ ਲਈ ਜ਼ਰੂਰੀ ਹੈ। ਕੋਲੇਜਨ ਚਮੜੀ ਦੀ ਲਚਕਤਾ ਬਣਾਈ ਰੱਖਣ ਅਤੇ ਝੁਰੜੀਆਂ ਨੂੰ ਰੋਕਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਸੰਤਰੇ ਵਿੱਚ ਮੌਜੂਦ ਐਂਟੀ-ਆਕਸੀਡੈਂਟ ਚਮੜੀ ਨੂੰ ਫ੍ਰੀ ਰੈਡੀਕਲਸ ਕਾਰਨ ਹੋਣ ਵਾਲੇ ਨੁਕਸਾਨ ਤੋਂ ਬਚਾਉਂਦੇ ਹਨ, ਇਸਨੂੰ ਚਮਕਦਾਰ ਬਣਾਉਂਦੇ ਹਨ ਅਤੇ ਬੁਢਾਪੇ ਦੇ ਸੰਕੇਤਾਂ ਨੂੰ ਹੌਲੀ ਕਰਦੇ ਹਨ। ਰੋਜ਼ਾਨਾ ਇੱਕ ਸੰਤਰਾ ਖਾਣਾ ਇੱਕ ਕੁਦਰਤੀ ਸੁੰਦਰਤਾ ਇਲਾਜ ਹੈ।

### ਦਿਲ ਦੀ ਸਿਹਤ ਲਈ ਫਾਇਦੇ

ਸੰਤਰੇ ਵਿੱਚ ਫਾਈਬਰ, ਪੋਟਾਸ਼ੀਅਮ, ਵਿਟਾਮਿਨ ਸੀ ਅਤੇ ਕੋਲੀਨ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਪੋਟਾਸ਼ੀਅਮ ਬਲੱਡ ਪ੍ਰੈਸ਼ਰ ਨੂੰ ਨਿਯੰਤ੍ਰਿਤ ਕਰਨ ਵਿੱਚ ਮਦਦ ਕਰਦਾ ਹੈ, ਜਦੋਂ ਕਿ ਫਾਈਬਰ ਕੋਲੇਸਟ੍ਰੋਲ ਦੇ ਪੱਧਰ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਸ ਲਈ ਨਿਯਮਿਤ ਤੌਰ 'ਤੇ ਇੱਕ ਸੰਤਰਾ ਖਾਣ ਨਾਲ ਦਿਲ ਦੀ ਸਿਹਤ ਵਿੱਚ ਕਾਫ਼ੀ ਸੁਧਾਰ ਹੋ ਸਕਦਾ ਹੈ।

### ਪਾਚਨ ਪ੍ਰਣਾਲੀ ਨੂੰ ਮਜ਼ਬੂਤ ਬਣਾਉਂਦਾ ਹੈ

ਇੱਕ ਦਰਮਿਆਨੇ ਆਕਾਰ ਦੇ ਸੰਤਰੇ ਵਿੱਚ ਲਗਪਗ 3-4 ਗ੍ਰਾਮ ਖੁਰਾਕੀ ਫਾਈਬਰ ਹੁੰਦਾ ਹੈ ਜੋ ਪਾਚਨ ਪ੍ਰਣਾਲੀ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਫਾਈਬਰ ਕਬਜ਼ ਤੋਂ ਰਾਹਤ ਦਿੰਦਾ ਹੈ ਤੇ ਅੰਤੜੀਆਂ ਨੂੰ ਸਾਫ਼ ਕਰਨ ਵਿੱਚ ਮਦਦ ਕਰਦਾ ਹੈ।

### ਨਜ਼ਰ ਲਈ ਫਾਇਦੇਮੰਦ

ਸੰਤਰੇ ਵਿੱਚ ਵਿਟਾਮਿਨ ਏ ਤੇ ਕੈਰੋਟੀਨੋਇਡ ਵਰਗੇ ਪੌਸ਼ਟਿਕ ਤੱਤ ਹੁੰਦੇ ਹਨ, ਜੋ ਅੱਖਾਂ ਦੀ ਸਿਹਤ ਲਈ ਜ਼ਰੂਰੀ ਹਨ। ਇਹ ਪੌਸ਼ਟਿਕ ਤੱਤ ਮੋਤੀਆਬਿੰਦ ਅਤੇ ਉਮਰ ਨਾਲ ਸਬੰਧਤ ਨਜ਼ਰ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਂਦੇ ਹਨ। ਵਿਟਾਮਿਨ ਏ ਰੈਟਿਨਾ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

# KACEES EXPRESS WASH

ਕਾਰਾਂ ਧੋਣ ਲਈ ਸਭ ਤੋਂ ਸਸਤਾ ਕਾਰ ਵਾਸ਼ ਸਟੇਸ਼ਨ





## Car wash and Gas station with Beverages




ਇਲਾਕੇ ਵਿਚ ਹੱਥ ਨਾਲ ਕਾਰਾਂ ਧੁਆਉਣ ਵਾਸਤੇ ਇਕੋ-ਇਕ ਸਰਵਿਸ ਸਟੇਸ਼ਨ, ਜੋ ਬਹੁਤ ਹੀ ਸਸਤੇ ਰੇਟਾਂ ਤੇ ਬਿਨਾਂ ਇੰਤਜ਼ਾਰ ਕੀਤਿਆਂ ਤੁਹਾਡੀ ਕਿਸੇ ਵੀ ਪ੍ਰਕਾਰ ਦੀ ਕਾਰ ਧੋ ਸਕਦੇ ਹਨ।






**Surjit Sanger**

**707-291-2901**

**2900 Hilltop Mall Rd, Richmond, CA 94806**







# ਇਕ ਵਾਰ ਜ਼ਰੂਰ ਆ ਕੇ ਕਾਰ ਧੁਆਓ ਜੀ